ਮੰਗਲਵਾਰ, 6 ਦਸੰਬਰ, 2022
21 ਮੱਘਰ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 186

# ਨਵਾਂ ਜ਼ਮਾਨਾ

DAILY NAWAN ZAMANA • TUESDAY, 6 DECEMBER 2022
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਜਨਰਲ ਮੈਨੇਜਰ | 0181-5097303 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਸਮਾਚਾਰ ਵਿਭਾਗ | 0181-5097306 |
| ਸੰਪਾਦਕ | 0181-5097307 |
| ਫ਼ੈਕਸ ਇਸ਼ਤਿਹਾਰ | 0181-2222409 |
| ਫ਼ੈਕਸ ਖ਼ਬਰਾਂ | 0181-2240280 |

E-mail : nawanzamana@gmail.com

ਕੀਮਤ/PRICE : 5.00 ਰੁਪਏ
Regd. No : Pb/JL-123/2021-23, (R.N.I.)-00068/57
www.nawanzamana.in
ਸਫ਼ੇ : 12

# ਕਾਮਰੇਡ ਭਗਵਾਨ ਸਿੰਘ ਅਣਖੀ ਦੀ 31ਵੀਂ ਬਰਸੀ ਮੌਕੇ ਵਿਸ਼ੇਸ਼ ਸਪਲੀਮੈਂਟ

## ਸੰਘਰਸ਼ ਹੀ ਜਿੱਤਾਂ ਦੇ ਮੁੱਢ ਬੰਨ੍ਹਦੇ

ਅੱਜ ਜਦੋਂ ਮੋਦੀ ਸਰਕਾਰ ਨੇ ਕਾਰਪੋਰੇਟ ਸੈਕਟਰ ਦੇ ਦਾਬੇ ਹੇਠ ਦੇਸ਼ ਦੇ ਸਮੁੱਚੇ ਪਬਲਿਕ ਸੈਕਟਰ ਨੂੰ ਤਬਾਹ ਕਰਨ ਲਈ ਪੱਬਾਂ ਭਾਰ ਹੋ ਕੇ ਮਜ਼ਦੂਰਾਂ -ਮੁਲਾਜ਼ਮਾਂ ਅਤੇ ਕਿਸਾਨਾਂ ਵਿਦਿਆਰਥੀਆਂ ਸਮੇਤ ਸਮੁੱਚੀ ਮਿਹਨਤਕਸ਼ ਜਮਾਤ ਦੇ ਹੱਕ ਹਕੂਕ ਖੋਹਣ ਦੀ ਲੋਕ ਵਿਰੋਧੀ ਨੀਤੀ ਤਹਿਤ ਕਿਰਤੀ ਲੋਕਾਂ ਨੂੰ ਬਹੁਤ ਮੁਸ਼ਕਲ ਦੌਰ ਵੱਲ ਧੱਕ ਦਿੱਤਾ ਹੈ ਅਜਿਹੇ ਸਮੇਂ ਵਿੱਚ ਅਸੀਂ ਆਪਣੇ ਮਰਹੂਮ ਆਗੂ ਕਾਮਰੇਡ ਭਗਵਾਨ ਸਿੰਘ ਅਣਖੀ ਜੀ ਦੀ 31ਵੀਂ ਬਰਸੀ ਹਰੇਕ ਸਾਲ ਦੀ ਤਰਾਂ ਅਣਖੀ ਯਾਦਗਾਰੀ ਭਵਨ ਫੈਕਟਰੀ ਏਰੀਆ ਪਟਿਆਲਾ ਵਿਖੇ ਮਨਾ ਰਹੇ ਹਾਂ, ਜਿਸ ਲਈ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਪੰਜਾਬ ਪਟਿਆਲਾ ਸਰਕਲ ਨਾਲ ਸਬੰਧਤ ਆਗੂਆਂ ਅਤੇ ਵਰਕਰਾਂ ਨੇ ਵੱਡਮੁਲਾ ਯੋਗਦਾਨ ਪਾ ਕੇ ਸ਼ਾਨਦਾਰ ਕੰਮ ਕੀਤਾ ਹੈ। ਮੁਲਾਜ਼ਮਾਂ - ਮਜਦੂਰਾਂ ਤੇ ਹਮਲਿਆ ਦੇ ਟਾਕਰੇ ਲਈ ਕਾਮਰੇਡ ਅਣਖੀ ਹਮੇਸ਼ਾ ਆਪਣੇ ਵਰਕਰਾਂ ਨੂੰ ਤਿਆਰ ਰੱਖਦੇ ਸਨ ਤੇ ਵਰਕਰ ਵੀ ਉਨ੍ਹਾਂ ਵੱਲੋਂ ਦਿੱਤੇ ਗਏ ਹੁਕਮਾਂ ਦੀ ਜ਼ੋਰ ਸ਼ੋਰ ਨਾਲ ਪਾਲਨਾ ਕਰਦੇ ਸਨ।

ਇਹੀ ਕਾਰਨ ਹੈ ਕਿ ਅੱਜ 31 ਸਾਲ ਬਾਅਦ ਵੀ ਕਾਮਰੇਡ ਅਣਖੀ ਬਿਜਲੀ ਕਾਮਿਆਂ ਦੇ ਦਿਲਾਂ 'ਤੇ ਰਾਜ ਕਰ ਰਹੇ ਹਨ। ਕਿਉਂਕਿ ਕਾਮਰੇਡ ਅਣਖੀ ਜੀ ਨੇ 15-12-1988 ਨੂੰ ਪੀ ਐਸ ਈ ਬੀ ਇੰਪ. ਫੈਡ. ਏਟਕ ਪੰਜਾਬ ਵੱਲੋਂ ਇਕੱਲਿਆਂ ਹੜਤਾਲ ਦਾ ਐਲਾਨ ਕਰਕੇ ਬਹਾਦਰੀ ਭਰਿਆ ਸ਼ੰਦੇਸ਼ ਸਭ ਨੂੰ ਦੇ ਕੇ 1974 ਦੀ ਲੰਮੀ ਹੜਤਾਲ ਦੇ ਝੰਬੇ ਬਿਜਲੀ ਕਾਮਿਆਂ ਕੋਲੋ ਹੜਤਾਲ ਕਰਵਾ ਕੇ ਮੁੜ ਸ਼ੰਘਰਸਾਂ ਦਾ ਬਿਗਲ ਵਜਾ ਕੇ ਸਾਰੀਆਂ ਜਥੇਬੰਦੀਆਂ ਨੂੰ ਸ਼ੰਘਰਸਾਂ ਦੇ ਰਾਹ ਪੈਣ ਦਾ ਸ਼ੰਦੇਸ਼ ਦਿੱਤਾ ਸੀ। ਅੱਜ 9/16 ਸਾਲਾ ਸਕੇਲ ਜੇਕਰ ਸਾਰੇ ਬਿਜਲੀ ਕਰਮਚਾਰੀ ਲੈ ਰਹੇ ਹਨ ਇਹ ਸਿਰਫ ਭਗਵਾਨ ਸਿੰਘ ਅਣਖੀ ਦੀ ਹੀ ਦੇਣ ਹੈ। ਅੱਜ ਫਿਰ ਬੇਰੁਜ਼ਗਾਰੀ ਸਿਖਰਾਂ 'ਤੇ ਹੈ ਪਹਿਲਾਂ ਤਾਂ ਨੌਜਵਾਨ ਬੱਚਿਆ ਨੂੰ ਸਰਕਾਰੀ ਨੌਕਰੀਆਂ ਮਿਲਦੀਆਂ ਨਹੀਂ ਜੇਕਰ ਮਿਲ ਵੀ ਜਾਂਦੀਆਂ ਹਨ ਤਾਂ ਉਹਨਾਂ ਨਾਲ ਕੋਝਾ ਮਜਾਕ ਕੀਤਾ ਜਾਂਦਾ ਹੈ ਪਹਿਲੇ ਤਿੰਨ ਸਾਲ ਨਾ ਮਾਤਰ 8-10 ਹਜ਼ਾਰ ਰੁਪਏ ਮਹੀਨਾ ਤਨਖਾਹ ਦੇ ਕੇ ਨੌਜਵਾਨਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ ਕਰਮਚਾਰੀਆਂ ਦੇ ਨਾਲ - ਨਾਲ ਅਫਸਰ ਵੀ ਇਸ ਲੋਕ ਵਿਰੋਧੀ ਨੀਤੀ ਦਾ ਸ਼ਿਕਾਰ ਹੋ ਰਹੇ ਹਨ ਜਿਵੇਂ ਉਪ ਮੰਡਲ ਅਫਸਰ ਵੀ ਇਸ ਮਾਰੂ ਹਮਲੇ ਦਾ ਸ਼ਿਕਾਰ ਹਨ, ਜਿਨ੍ਹਾਂ ਨੂੰ ਤਨਖਾਹ 12-13 ਹਜ਼ਾਰ ਰੁਪਏ ਮਹੀਨਾ ਦਿੱਤੀ ਜਾ ਰਹੀ ਹੈ। ਇਸ ਤੋਂ ਅੱਗੇ ਵਧਦੇ ਹੋਏ ਪੰਜਾਬ ਸਰਕਾਰ ਕੰਟਰੈਕਟ ਕਾਮਿਆਂ ਅਤੇ ਠੇਕੇਦਾਰੀ ਸਿਸਟਮ ਰਾਹੀਂ ਰੱਖੇ ਕਾਮਿਆਂ ਦੀ ਮੇਹਨਤ ਦਾ ਸ਼ੋਸ਼ਣ ਕਰ ਰਹੀ ਹੈ। ਅਜਿਹੇ ਲੱਖਾਂ ਕਰਮਚਾਰੀਆਂ ਨੂੰ 5 ਹਜ਼ਾਰ ਤੋਂ 10 ਹਜ਼ਾਰ ਦੇ ਦਰਮਿਆਨ ਤਨਖਾਹ ਦਿੱਤੀ ਜਾਂਦੀ ਹੈ ਜਦਕਿ ਸਰਕਾਰ ਇਨ੍ਹਾਂ ਠੇਕੇਦਾਰਾਂ ਨੂੰ 20,000 ਹਜ਼ਾਰ ਰੁ: ਪ੍ਰਤੀ ਕਰਮਚਾਰੀ ਦੇ ਰਹੀ ਹੈ। ਜਿਸ ਕਾਰਨ ਨੌਜਵਾਨਾਂ ਵਿਚ ਰੋਸ ਵੱਧ ਰਿਹਾ ਹੈ। ਬਰਾਬਰ ਕੰਮ ਲਈ ਬਰਾਬਰ ਤਨਖਾਹ ਨਾ ਦੇ ਕੇ ਅਤੇ ਪੁਖਤਾ ਰੋਜ਼ਗਾਰ ਨਾ ਹੋਣ ਕਰਕੇ ਨੌਜਵਾਨ ਗਲਤ ਪਾਸੇ ਜਾ ਰਹੇ ਹਨ। ਮੁਲਜਮਾਂ ਨੂੰ ਡੀ ਏ ਨਹੀਂ ਦਿੱਤਾਂ ਜਾ ਰਿਹਾ ਤਨਖਾਹਾਂ ਜਾਮ ਕੀਤੀਆਂ ਜਾ ਰਹੀਆਂ ਹਨ ਕਈ ਕਈ ਮਹੀਨੇ ਸਰਕਾਰੀ ਅਦਾਰਿਆਂ ਵਿਚ ਤਨਖਾਹਾਂ ਨਹੀਂ ਮਿਲ ਰਹੀਆਂ ਕਿਸਾਨਾਂ ਦੀ ਲੁੱਟ ਹੋ ਰਹੀ ਹੈ, ਕਿਸਾਨੀ ਲਗਾਤਾਰ ਘਾਟੇ ਵਿਚ ਹੋਣ ਕਰਕੇ ਖੁਦਕੁਸ਼ੀਆਂ ਦੇ ਰਾਹ ਪਈ ਹੈ।

ਪੰਜਾਬ ਵਿੱਚ ਸਰਮਾਏਦਾਰ ਜ਼ਮਾਤਾਂ ਦੇ ਜੋਟੀਦਾਰ ਹਾਕਮਾਂ ਤੋਂ ਅੱਕੇ ਲੋਕਾਂ ਨੇ ਮਾਰਚ 2022 'ਚ ਆਮ ਆਦਮੀ ਪਾਰਟੀ ਵੱਲੋਂ ਬਦਲਾਅ ਦੇ ਦਿੱਤੇ ਨਾਅਰੇ ਦੇ ਝਾਂਸੇ ਵਿੱਚ ਆ ਕੇ ਪੰਜਾਬੀਆਂ ਵੱਲੋਂ ਦਿੱਤੇ ਵੱਡੇ ਫ਼ਤਵੇ ਤੋਂ ਬਾਅਦ ਸੱਤਾ 'ਤੇ ਕਾਬਜ਼ ਹੋਈ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਵੀ ਸਰਮਾਏਦਾਰ ਪੱਖੀ ਨੀਤੀਆਂ ਨੂੰ ਬੜਾਵਾ ਦੇਣ ਦੀ ਲੋਕ ਅਤੇ ਮੁਲਾਜ਼ਮ ਵਿਰੋਧੀ ਨੀਤੀ 'ਤੇ ਚੱਲ ਕੇ ਮੁਲਾਜ਼ਮਾਂ, ਕੱਚੇ ਕਾਮਿਆਂ, ਮਜ਼ਦੂਰਾਂ ਤੇ ਕਿਸਾਨਾਂ ਦੇ ਲੋਕ ਰੋਹ ਨੂੰ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਡਾਂਗਾ ਸੋਟਿਆਂ ਨਾਲ ਕੁਚਲਿਆ ਜਾ ਰਿਹਾ ਹੈ। ਪਾਵਰਕਾਮ ਸਮੇਤ ਸਾਰੇ ਸਰਕਾਰੀ ਅਦਾਰਿਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਖਾਲੀ ਪਈਆਂ ਪੋਸਟਾਂ, ਨਵੀਂ ਰੈਗੂਲਰ ਭਰਤੀ ਰਾਹੀਂ ਭਰਨ ਦੀ ਬਜਾਏ ਪਹਿਲੀਆਂ ਸਰਕਾਰਾਂ ਦੀ ਤਰਜ 'ਤੇ ਹੀ ਨਾਮਾਤਰ ਭਰਤੀਆਂ ਘੱਟ ਤਨਖਾਹ 'ਤੇ ਕਰਕੇ ਨੌਜਵਾਨਾਂ ਦੀ ਆਰਥਿਕ ਲੁੱਟ ਕਰਨ ਦੀ ਮੁਲਾਜ਼ਮ ਵਿਰੋਧੀ ਨੀਤੀ ਸਾਰੇ ਸਰਕਾਰੀ ਵਿਭਾਗਾਂ ਵਿੱਚ ਲਾਗੂ ਕੀਤੀ ਜਾ ਰਹੀ ਹੈ। ਵੱਡੇ ਅਕਾਰ ਦੇ ਅਦਾਰੇ ਪਾਵਰਕਾਮ ਵਿੱਚ ਕਰਮਚਾਰੀਆਂ ਦੀ ਗਿਣਤੀ ਸਵਾ ਲੱਖ ਤੋਂ ਘੱਟ ਕੇ ਲਗਭਗ 34 ਹਜ਼ਾਰ ਰਹਿਣ ਕਾਰਨ ਬੇ-ਤਹਾਸ਼ਾ ਕੰਮ ਦੇ ਬੋਝ ਹੇਠ ਦੱਬੇ ਬਿਜਲੀ ਕਰਮਚਾਰੀਆਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਸਰਕਾਰੀ ਦਫ਼ਤਰ ਕਰਮਚਾਰੀਆਂ ਦੀ ਹੋਂਦ ਤੋਂ ਸੱਖਣੇ ਬ਼ਪਤਕਾਰਾਂ ਦੀਆਂ ਰੋਜਾਨਾਂ ਦੀਆਂ ਮੁਸ਼ਕਲਾਂ ਅੱਗੇ ਮੂੰਹ ਚੜਾਅ ਰਹੇ ਹਨ।

ਮਾਨ ਸਰਕਾਰ ਵੀ ਪੰਜਾਬ ਨੂੰ ਕੰਗਾਲ ਕਰਨ ਲਈ ਪੱਬਾਂ ਭਾਰ ਹੋ ਕੇ ਹਰੇਕ ਚੀਜ ਦਾ ਮੁਫਤ ਲੰਗਰ ਲਗਾ ਕੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਸਿੱਖਿਆ ਅਤੇ ਸਿਹਤ ਨੂੰ ਦਰਕਿਨਾਰ ਕਰਕੇ ਪਾਵਰਕੌਮ ਵਰਗੇ ਸੰਵੇਦਨਸ਼ੀਲ ਅਦਾਰੇ ਨੂੰ ਵੋਟਾਂ ਬਟੋਰਨ ਲਈ ਬਲੀ ਦਾ ਬੱਕਰਾ ਬਣਾ ਰਹੀ ਹੈ ਅਤੇ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣ ਵਾਲੇ ਥਰਮਲ ਪਲਾਂਟਾਂ ਨੂੰ ਬੰਦ ਕਰਕੇ ਪੂੰਜੀਪਤੀਆਂ ਦੇ ਹਿੱਤ ਪਾਲਣ ਦੀ ਨੀਤੀ ਤੇ ਚੱਲ ਕੇ ਪੰਜਾਬ ਦੇ ਲੋਕਾਂ ਨਾਲ ਵਿਸ਼ਵਾਸਘਾਤ ਕਰ ਰਹੀ ਹੈ ਅਤੇ ਪੰਜਾਬ ਦੇ ਸਾਰੇ ਸਰਕਾਰੀ ਵਿਭਾਗਾਂ ਵਿੱਚ ਕੰਮ ਕਰਦੇ ਕੱਚੇ ਕਾਮਿਆਂ ਨੂੰ ਪੱਕਿਆਂ ਕਰਨ ਦੀ ਠੋਸ ਨੀਤੀ ਬਣਾਉਣ ਦੀ ਜਗ੍ਹਾ 'ਤੇ ਲਾਰੇ ਲੱਪੇ ਵਾਲੀ ਨੀਤੀ ਤਹਿਤ ਕਾਮਿਆਂ ਦਾ ਆਰਥਿਕ ਸੋਸ਼ਣ ਕਰਦਿਆਂ ਟਾਲ ਮਟੋਲ ਦੀ ਨੀਤੀ ਤਹਿਤ ਡੰਗ ਟਪਾ ਰਹੀ ਹੈ। ਅੱਜ ਹਰ ਵਰਗ ਸ਼ੰਘਰਸ ਦੇ ਰਾਹ 'ਤੇ ਹੈ ਨੌਜਵਾਨ ਟੈਂਕੀਆਂ ਅਤੇ ਟਾਵਰਾਂ 'ਤੇ ਚੜ੍ਹ ਕੇ ਆਪਣੇ ਜੀਵਨ ਨੂੰ ਖ਼ਤਰੇ 'ਚ ਪਾ ਰਹੇ ਹਨ ਕਿਸੇ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਪਾਵਰਕੌਮ ਦੇ ਮੁੱਖ ਦਫਤਰ ਦੇ ਮੇਨ ਗੇਟ 'ਤੇ ਬੇਰੁਜ਼ਗਾਰ ਲਾਈਨਮੈਨ ਲਗਾਤਾਰ ਦਿਨ ਰਾਤ ਦੇ ਧਰਨੇ ਲਾ ਕੇ ਰੁਜ਼ਗਾਰ ਦੀ ਪ੍ਰਾਪਤੀ ਲਈ ਰੋਸ ਪ੍ਰਦਰਸ਼ਨ ਕਰਕੇ ਖਾਲੀ ਹੱਥ ਆਪਣੇ ਘਰਾਂ ਨੂੰ ਮੁੜ ਗਏ ਹਨ, ਪਰ ਸੂਬੇ ਦੇ ਮੁੱਖ ਮੰਤਰੀ ਕੋਲ ਉਨ੍ਹਾਂ ਨਾਲ ਗੱਲ ਕਰਨ ਦਾ ਵੀ ਸਮਾਂ ਨਹੀ ਹੈ ਜੋ ਸਰਾਸਰ ਧੱਕਾ ਹੈ, ਸਰਕਾਰ ਦੇ ਮੁੱਖੀ ਨੂੰ ਗੱਲੀਬਾਤੀਂ ਆਮ ਆਦਮੀ ਦਾ ਰਾਗ ਅਲਾਪਣਾ ਬੰਦ ਕਰਕੇ ਸ਼ੰਘਰਸ ਦੇ ਰਾਹ ਪਏ ਦੁੱਖੀ ਲੋਕਾਂ ਦੀ ਅਵਾਜ਼ ਸੁਣ ਕੇ ਮਸਲਿਆਂ ਦਾ ਹੱਲ ਕਰਨਾ ਚਾਹੀਦਾ ਹੈ।

ਅੱਜ ਕਾਮਰੇਡ ਅਣਖੀ ਜੀ ਦੀ 31ਵੀਂ ਬਰਸੀ ਮੌਕੇ ਜਥੇਬੰਦੀ ਦੇ ਸਾਬਕਾ ਸੂਬਾ ਪ੍ਰਧਾਨ ਕਾਮਰੇਡ ਸਤਨਾਮ ਸਿੰਘ ਛਲੇੜੀ, ਬਾਨੀ ਪ੍ਰਧਾਨ ਕਾਮਰੇਡ ਐਚ ਐਸ ਪ੍ਰਮਾਰ ਨੂੰ ਯਾਦ ਕਰਦਿਆਂ ਪ੍ਰਣ ਕਰਦੇ ਹਾਂ ਕਿ ਸਾਥੀ ਅਣਖੀ ਜੀ ਅਤੇ ਵਿੱਛੜ ਚੁੱਕੇ ਸਾਥੀਆਂ ਦੇ ਦਰਸ਼ਾਏ ਮਾਰਗ ਤੇ ਚਲਦਿਆਂ ਭਾਵੇਂ ਕਈ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਇਸ ਮਾਰਗ 'ਤੇ ਚਲਦੇ ਹੋਏ ਮੁਲਾਜ਼ਮਾਂ, ਮਜ਼ਦੂਰਾਂ ਕਿਸਾਨਾਂ, ਵਿਦਿਆਰਥੀਆਂ ਦੀ ਬੰਦ ਖਲਾਸੀ ਲਈ ਸੰਘਰਸ਼ ਰਾਹੀਂ ਜਿੱਤਾਂ ਦੇ ਮੁੱਢ ਬੰਨ੍ਹਾਂਗੇ।



ਗੁਰਪ੍ਰੀਤ ਸਿੰਘ ਗੰਡੀਵਿੰਡ
ਪ੍ਰਧਾਨ, ਪੰਜਾਬ






ਕਾਮਰੇਡ ਭਗਵਾਨ ਸਿੰਘ ਅਣਖੀ
29 ਜਨਵਰੀ 1941 - 15 ਅਗਸਤ 1991

ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਅਹੁਦੇਦਾਰ ਕਾਮਰੇਡ ਭਗਵਾਨ ਸਿੰਘ ਅਣਖੀ ਦੀ 31ਵੀਂ ਬਰਸੀ ਮੌਕੇ ਆਪਣੇ ਮਰਹੂਮ ਆਗੂਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ, ਉਨ੍ਹਾ ਦੇ ਦੱਸੇ ਹੋਏ ਮਾਰਗ 'ਤੇ ਚੱਲਣ ਦਾ ਪ੍ਰਣ ਕਰਦੇ ਹਨ।



ਮਰਹੂਮ ਕਾਮਰੇਡ ਐਚ ਐਸ ਪਰਮਾਰ
ਜਥੇਬੰਦੀ ਦੇ ਬਾਨੀ ਪ੍ਰਧਾਨ



ਮਰਹੂਮ ਕਾਮਰੇਡ ਸਤਨਾਮ ਸਿੰਘ ਛਲੇੜੀ
ਸਾਬਕਾ ਸੂਬਾ ਪ੍ਰਧਾਨ



ਗੁਰਪ੍ਰੀਤ ਸਿੰਘ ਗੰਡੀਵਿੰਡ
ਸੂਬਾ ਪ੍ਰਧਾਨ



ਸੁਰਿੰਦਰ ਪਾਲ ਸਿੰਘ ਲਾਹੌਰੀਆ
ਜਨਰਲ ਸਕੱਤਰ, ਪੰਜਾਬ



ਬਲਜੀਤ ਕੁਮਾਰ
ਸੂਬਾ ਖਜ਼ਾਨਚੀ



ਗੁਰਵਿੰਦਰ ਸਿੰਘ
ਵਰਕਿੰਗ ਪ੍ਰਧਾਨ, ਪੰਜਾਬ



ਰਛਪਾਲ ਸਿੰਘ
ਡਿਪਟੀ ਜਨਰਲ ਸਕੱਤਰ, ਪੰਜਾਬ



ਦਰਸ਼ਨ ਲਾਲ
ਡਿਪਟੀ ਜਨਰਲ ਸਕੱਤਰ, ਪੰਜਾਬ



ਪ੍ਰਦਿਉਮਨ ਗੌਤਮ
ਮੀਤ ਪ੍ਰਧਾਨ, ਪੰਜਾਬ



ਬਲਵਿੰਦਰ ਸਿੰਘ ਉਦੀਪੁਰ
ਮੀਤ ਪ੍ਰਧਾਨ, ਪੰਜਾਬ



ਮਨਜੀਤ ਸਿੰਘ ਬਾਸਰਕੇ
ਮੀਤ ਪ੍ਰਧਾਨ, ਪੰਜਾਬ



ਗੁਰਧਿਆਨ ਸਿੰਘ
ਸਕੱਤਰ, ਪੰਜਾਬ



ਬਲਜਿੰਦਰ ਕੌਰ
ਸਕੱਤਰ, ਪੰਜਾਬ



ਦਵਿੰਦਰ ਸਿੰਘ
ਸਕੱਤਰ, ਪੰਜਾਬ

ਇੱਕ ਅਦਾਰਾ-ਇੱਕ ਯੂਨੀਅਨ ਦੀ ਵਿਚਾਰਧਾਰਾ ਦਾ ਮੁੱਦਈ
ਮਾਸਿਕ ਪੰਜਾਬੀ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦਾ ਅਗਾਂਹਵਧੂ ਬੁਲਾਰਾ
ਬਿਜਲੀ ਬੁਲਾਰਾ

ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਵੱਲੋਂ

### ਸਾਥੀ ਭਗਵਾਨ ਸਿੰਘ ਅਣਖੀ ਦੀ 31ਵੀਂ ਬਰਸੀ ਅੱਜ

6 ਦਸੰਬਰ 2022 ਨੂੰ ਅਣਖੀ ਭਵਨ ਫੈਕਟਰੀ ਏਰੀਆ ਪਟਿਆਲਾ ਵਿਖੇ ਮਨਾਈ ਜਾ ਰਹੀ ਹੈ। ਬਿਜਲੀ ਕਾਮਿਆਂ ਨੂੰ ਸਵੇਰੇ 11.00 ਵਜੇ ਹੁੰਮ ਹੁਮਾ ਕੇ ਪੁੱਜਣ ਦਾ ਖੁੱਲ੍ਹਾ ਸੱਦਾ

## ਇਕ ਅਦਾਰਾ ਇਕ ਯੂਨੀਅਨ ਦੇ ਧਾਰਨੀ

ਸੰਘਰਸ਼ੀ ਸਾਥੀਓ, ਮਹਾਨ ਸੰਘਰਸ਼ੀ ਯੋਧੇ ਕਾਮਰੇਡ ਭਗਵਾਨ ਸਿੰਘ ਅਣਖੀ ਦਾ ਜਨਮ 29 ਜਨਵਰੀ 1941 ਨੂੰ ਮਾਤਾ ਸ੍ਰੀਮਤੀ ਹਮੀਰ ਕੌਰ ਦੀ ਕੁੱਖੋਂ ਪਿਤਾ ਸਰਦਾਰ ਪਾਲਾ ਸਿੰਘ ਦੇ ਘਰ ਪਿੰਡ ਚਹਿਲਾਂ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਕਾਮਰੇਡ ਅਣਖੀ ਦਾ ਪਾਲਣ-ਪੋਸ਼ਣ ਇਕ ਸਧਾਰਨ ਦਰਮਿਆਨੇ ਪਰਵਾਰ ਵਿੱਚ ਹੋਇਆ। ਉਨ੍ਹਾ ਮੁੱਢਲੀ ਵਿੱਦਿਆ ਹਾਸਲ ਕਰਨ ਉਪਰੰਤ ਮਹਿਕਮਾ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਬਤੌਰ ਐੱਲ.ਡੀ.ਸੀ. ਦੀ ਨੌਕਰੀ ਪ੍ਰਾਪਤ ਕਰਕੇ ਮਹਿਕਮੇ ਅੰਦਰ ਸਭ ਤੋਂ ਵੱਧ ਸੰਘਰਸ਼ਸ਼ੀਲ ਜੱਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਮੈਂਬਰ ਬਣਦੇ ਸਾਰ ਉਸ ਸਮੇਂ ਦੀ ਲੀਡਰਸ਼ਿਪ ਦੀ ਪਾਰਖੂ ਅੱਖ ਨੇ ਸਬ ਡਵੀਜ਼ਨ ਪੱਧਰ 'ਤੇ ਜੱਥੇਬੰਦੀ ਦੀ ਅਗਵਾਈ ਦੇ ਕੇ ਪਰਖਣ ਦੀ ਕੋਸਿਸ਼ ਕੀਤੀ, ਜਿਸ 'ਤੇ ਖਰਾ ਉਤਰਦਿਆਂ ਕਾਮਰੇਡ ਅਣਖੀ ਨੇ ਆਪਣੀ ਦੂਰ-ਅੰਦੇਸ਼ੀ ਤੇ ਤੀਖਣ ਬੁੱਧੀ ਦੇ ਮਾਲਕ ਹੋਣ ਦਾ ਪ੍ਰਮਾਣ ਦਿੰਦਿਆਂ ਸਬ ਡਵੀਜ਼ਨ ਦੇ ਪ੍ਰਧਾਨ ਬਣ ਕੇ ਅਗਵਾਈ ਕਰਦਿਆਂ ਡਵੀਜ਼ਨ, ਸਰਕਲ, ਜ਼ੋਨ ਅਤੇ ਸਟੇਟ ਦੇ ਆਗੂ ਬਣਨ ਉਪਰੰਤ ਪੰਜਾਬ ਦੇ ਤਿੰਨ ਵਾਰ ਪ੍ਰਧਾਨ ਅਤੇ ਇੱਕ ਵਾਰ ਸੂਬਾ ਜਨਰਲ ਸਕੱਤਰ ਬਣਨ ਦਾ ਮਾਣ ਪ੍ਰਾਪਤ ਕੀਤਾ। ਕਾਮਰੇਡ ਅਣਖੀ ਦੀ ਅਗਵਾਈ 'ਚ ਲੜੇ ਅਨੇਕਾਂ ਸੰਘਰਸ਼ ਅਤੇ ਹੜਤਾਲਾਂ ਵਿੱਚ 15/12/88 ਅਤੇ 09/02/89 ਦੀਆਂ ਹੜਤਾਲਾਂ ਵਿਸ਼ੇਸ਼ ਹਨ। ਇਨ੍ਹਾਂ ਨੇ 1/1/86 ਦੇ ਸਕੇਲਾਂ 'ਚ ਅਹਿਮ ਰੋਲ ਅਦਾ ਕਰਦਿਆਂ ਬਿਜਲੀ ਕਾਮਿਆਂ ਦੇ ਕਠਿਨ ਅਤੇ ਜੋਖਮ ਭਰੇ ਕੰਮ ਦੀਆਂ ਠੋਸ ਦਲੀਲਾਂ ਨਾਲ ਸਮੇਂ ਦੀ ਮੈਨੇਜਮੈਂਟ ਨੂੰ ਕਾਇਲ ਕਰਕੇ ਬਿਜਲੀ ਕਾਮਿਆਂ ਦੇ ਸਕੇਲਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਕਰਵਾ ਕੇ 22/4/89 ਦੇ ਹੋਏ ਸਮਝੌਤੇ ਤਹਿਤ 9, 16, 23 ਸਾਲਾ ਸਕੇਲ ਪ੍ਰਾਪਤ ਕਰਕੇ ਅਦਾਰੇ ਅੰਦਰ ਆਪਣੀ ਸੂਝ ਦਾ ਲੋਹਾ ਮਨਵਾਉਣ ਵਿੱਚ ਸਫਲਤਾ ਹਾਸਲ ਕਰਦਿਆਂ ਸੰਘਰਸ਼ਾਂ ਰਾਹੀਂ ਪ੍ਰਾਪਤੀਆਂ ਕਰਨ ਦਾ ਮੁੱਢ ਬੰਨ੍ਹਣ ਵਿੱਚ ਕਾਮਯਾਬੀ ਹਾਸਲ ਕੀਤੀ। ਕਾਮਰੇਡ ਅਣਖੀ ਬੇਸ਼ੱਕ ਅੱਜ ਤੋਂ 31 ਸਾਲ ਪਹਿਲਾਂ 15 ਅਗਸਤ 1991 ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਜੂਝਦਿਆਂ ਸਾਨੂੰ ਅਲਵਿਦਾ ਆਖ ਗਏ ਸਨ, ਪ੍ਰੰਤੂ ਬਿਜਲੀ ਕਰਮਚਾਰੀਆਂ ਦੇ ਮਨਾਂ ਅੰਦਰ ਅੱਜ ਵੀ ਅਭੁੱਲ ਯਾਦ ਬਣ ਕੇ ਵਸ ਰਹੇ ਹਨ। ਉਨ੍ਹਾਂ ਦੀ ਜੱਥੇਬੰਦੀ ਪੀ.ਐੱਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਸਾਥੀ ਗੁਰਪ੍ਰੀਤ ਸਿੰਘ ਗੰਡੀਵਿੰਡ ਪ੍ਰਧਾਨ ਅਤੇ ਸਾਥੀ ਸੁਰਿੰਦਰਪਾਲ ਸਿੰਘ ਲਹੌਰੀਆ ਸੂਬਾ ਜਨਰਲ ਸਕੱਤਰ ਦੀ ਅਗਵਾਈ ਹੇਠ ਉਨ੍ਹਾ ਦੇ ਪਦ ਚਿੰਨਾਂ 'ਤੇ ਚੱਲ ਕੇ ਕਾਮਰੇਡ ਅਣਖੀ ਦੀ 31ਵੀਂ ਬਰਸੀ ਮਨਾ ਰਹੀ ਹੈ। ਇਸ ਸਮੇਂ ਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਸ੍ਰੀ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਦੇਸ਼ ਦੀ ਸੱਤਾ 'ਤੇ ਕਾਬਜ਼ ਹੈ, ਜਿਸ ਨੇ ਆਪਣੀ ਦੂਜੀ ਪਾਰੀ ਵਿੱਚ 44 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ 4 ਕਿਰਤ ਕਾਨੂੰਨ ਬਣਾਉਣ, ਡਿਊਟੀ ਸਮਾਂ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ, ਜੱਥੇਬੰਦੀ ਰਜਿਸਟਰਡ ਕਰਨ ਲਈ ਨਿਯਮ ਔਖੇ ਕਰਨ, ਕੰਟਰੈਕਟ ਠੇਕੇਦਾਰੀ ਆਊਟਸੋਰਸਿੰਗ ਦੀ ਲੋਕ ਵਿਰੋਧੀ ਨੀਤੀ ਨੂੰ ਬੜ੍ਹਾਵਾ ਦੇਣ, ਟਰਾਂਸਪੋਰਟ ਨੀਤੀ 2020 ਅਤੇ ਬਿਜਲੀ ਬਿੱਲ 2022 ਪਾਰਲੀਮੈਂਟ ਵਿੱਚ ਪੇਸ਼ ਕਰਕੇ ਦੇਸ਼ ਦੇ ਮੰਡੀਕਰਨ, ਜ਼ਮੀਨਾਂ ਅਤੇ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਅਡਾਨੀਆਂ/ਅੰਬਾਨੀਆਂ ਨੂੰ ਦੇਣ ਦੇ ਮਨਸੂਬਿਆਂ ਰਾਹੀਂ ਆਪਣਾ ਕਾਰਪੋਰੇਟ ਪੱਖੀ ਚਿਹਰਾ ਨੰਗਾ ਕੀਤਾ ਹੈ, ਜਿਸ ਦੇ ਖਿਲਾਫ ਦੇਸ਼ ਦੀਆਂ ਕੇਂਦਰੀ ਟਰੇਡ ਯੂਨੀਅਨਾਂ ਸੰਘਰਸ਼ਾਂ ਰਾਹੀਂ ਜ਼ਬਰਦਸਤ ਵਿਰੋਧ ਕਰ ਰਹੀਆਂ ਹਨ। ਉਥੇ ਖੇਤੀ ਬਿੱਲਾਂ ਖਿਲਾਫ ਪੰਜਾਬ ਦੀਆਂ 32 ਕਿਸਾਨ ਜੱਥੇਬੰਦੀਆਂ ਵੱਲੋਂ ਸੰਯੁਕਤ ਕਿਸਾਨ ਮੋਰਚਾ ਬਣਾ ਕੇ ਪੰਜਾਬ ਤੋਂ ਸੰਘਰਸ਼ ਸ਼ੁਰੂ ਕਰਕੇ ਜਿੱਥੇ ਦੇਸ਼ ਦੀਆਂ ਸਮੁੱਚੀਆਂ ਕਿਸਾਨ ਜੱਥੇਬੰਦੀਆਂ ਨੂੰ ਇਸ ਸੰਘਰਸ਼ ਵਿੱਚ ਸ਼ਾਮਲ ਕਰਕੇ ਇਕ ਸਾਲ ਦਿੱਲੀ ਦੇ ਬਾਰਡਰਾਂ 'ਤੇ ਇਤਿਹਾਸਕ ਸੰਘਰਸ਼ ਲੜ ਕੇ ਦੇਸ਼ 'ਤੇ ਕਾਬਜ਼ ਮੋਦੀ ਸਰਕਾਰ ਨੂੰ ਲੋਕ ਵਿਰੋਧੀ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕੀਤਾ, ਉਥੇ ਇਸ ਇਤਿਹਾਸਕ ਸੰਘਰਸ਼ ਨੇ ਦੇਸ਼ ਦੇ ਕਿਰਤੀ ਅਤੇ ਮਿਹਨਤਕਸ਼ ਜਮਾਤ ਨੂੰ ਹੋਰ ਲਾਮਬੰਦ ਹੋ ਕੇ ਸਰਮਾਏਦਾਰ ਪੱਖੀ ਸਰਕਾਰਾਂ ਖਿਲਾਫ ਸੰਘਰਸ਼ਾਂ ਰਾਹੀਂ ਵੱਡੇ ਹੱਲਿਆਂ ਨੂੰ ਠੱਲ੍ਹਣ ਦਾ ਰਾਹ ਦਿਖਾਇਆ ਹੈ।

ਇਨ੍ਹਾਂ ਸਾਰੇ ਹਾਲਤਾਂ ਦੇ ਚੱਲਦਿਆਂ ਕਾਮਰੇਡ ਅਣਖੀ ਦੀ ਜਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਬਿਜਲੀ ਕਾਮਿਆਂ ਨੂੰ ਸੰਗਠਿਤ ਕਰਕੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੀ ਅਗਵਾਈ ਕਰਦਿਆਂ ਸੰਘਰਸ਼ਾਂ ਦੇ ਰਾਹ 'ਤੇ ਚੱਲ ਰਹੀ ਹੈ। ਜਿਸ ਦੀ ਲੀਡਰਸ਼ਿਪ ਪਾਵਰਕਾਮ/ ਟ੍ਰਾਂਸਕੋ ਅੰਦਰ ਕੰਮ ਕਰਦੀਆਂ ਹੋਰ ਜਥੇਬੰਦੀਆਂ ਨੂੰ ਅਣਖੀ ਦੀ ਸੋਚ ਅਨੁਸਾਰ ਇਕ ਪਲੇਟਫਾਰਮ ਅਤੇ ਇਕ ਸਿਧਾਂਤ ਰਾਹੀਂ ਲੜਾਈ ਲੜ ਕੇ ਜਿੱਤਾਂ ਪ੍ਰਾਪਤ ਕਰਨ ਦਾ ਰਾਹ-ਦਸੇਰਾ ਬਣਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਹੀ ਹੈ। ਪਾਵਰ ਮੈਨੇਜਮੈਂਟ ਬਿਜਲੀ ਕਰਮਚਾਰੀਆਂ ਦੀਆਂ ਮੰਗਾਂ 'ਤੇ ਵਾਰ-ਵਾਰ ਮੀਟਿੰਗਾਂ ਵਿੱਚ ਸਮਝੌਤੇ ਕਰਕੇ ਮੰਗਾਂ ਦਾ ਹੱਲ ਨਾ ਕਰਕੇ ਬਿਜਲੀ ਕਰਮਚਾਰੀਆਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ। ਕਿਉਂਕਿ ਪਾਵਰ ਮੈਨੇਜਮੈਂਟ ਬਿਜਲੀ ਮੁਲਾਜ਼ਮ ਏਕਤ ਮੰਚ ਨਾਲ 7/6/22 ਅਤੇ 29/6/22 ਨੂੰ ਮੀਟਿੰਗਾਂ ਕਰਨ ਦੇ ਬਾਵਜੂਦ ਵੀ ਪੈਂਡਿੰਗ ਪਏ ਮਸਲਿਆਂ ਦਾ ਹੱਲ ਨਹੀਂ ਕਰ ਸਕੀ ਜਿਸ ਦੇ ਚੱਲਦਿਆਂ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੱਦੇ 'ਤੇ 18/10/22 ਨੂੰ ਮੁੱਖ ਦਫ਼ਤਰ ਪਟਿਆਲਾ ਦੇ ਤਿੰਨੇ ਗੇਟਾਂ 'ਤੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਤੋਂ ਉਤਪਨ ਹੋਈ 22/11/22 ਦੀ ਮੀਟਿੰਗ ਵਿੱਚ ਲੋਡਾ ਅਤੇ ਮੋਬਾਇਲ ਭੱਤਾ ਦੁੱਗਣਾ ਕਰਨ ਤੋਂ ਇਲਾਵਾ ਬਾਕੀ ਮਸਲਿਆਂ ਦੇ ਹੱਲ ਕਰਨ ਦੇ ਸਮਝੌਤੇ ਕਰਨ ਦਾ ਰਾਹ ਪੱਧਰ ਕੀਤਾ ਹੈ ਅਤੇ ਇਸ ਤੋਂ ਅੱਗੇ ਸੰਘਰਸ਼ਾਂ ਰਾਹੀਂ ਹੀ ਬਿਜਲੀ ਕਰਮਚਾਰੀਆਂ ਨੂੰ ਛੇਵੇਂ ਤਨਖਾਹ ਕਮਿਸ਼ਨ ਨਾਲ ਲੱਗਣ ਵਾਲੇ ਘਾਟੇ ਨੂੰ ਰੋਕਿਆ ਜਾਵੇਗਾ ਅਤੇ ਭਵਿੱਖ ਵਿੱਚ 23 ਸਾਲਾ ਇੰਕਰੀਮੈਂਟ ਤੀਜੀ ਤਰੱਕੀ ਤੱਕ ਜਾਰੀ ਕਰਨ, ਨਵੇਂ ਸਹਾਇਕ ਲਾਈਨਮੈਨ ਨੂੰ ਲਾਈਨਮੈਨ ਬਣਾਉਣ, ਨਵੀਂ ਸਿੱਧੀ ਭਰਤੀ ਲਾਈਨਮੈਨ ਕਰਨ, ਅਗੇਤ ਅਧਾਰ ਦੀ ਨੌਕਰੀ ਦੇ ਨਿਯੁਕਤੀ ਪੱਤਰ ਕਰਮਚਾਰੀ ਦੀ ਮੌਤ ਤੋਂ ਫੌਰੀ ਬਾਅਦ ਜਾਰੀ ਕਰਨ, ਹਰ ਕੇਡਰ ਦੀ ਤਰੱਕੀ ਇੰਜੀਨੀਅਰ ਪੈਟਰਨ 'ਤੇ ਕਰਨ, ਰਹਿੰਦੀਆਂ ਕੈਟਾਗਿਰੀਆਂ ਦੇ ਪੇ-ਬੈਂਡ ਵਿੱਚ 1.86 ਦੇ ਗੁਣਾਂਕ ਦੇ ਨਾਲ ਮਿਤੀ 1/12/11 ਤੋਂ ਵਾਧਾ ਕਰਨ, ਮਹਿਕਮੇ ਅੰਦਰ ਨਵੀਂ ਰੈਗੂਲਰ ਭਰਤੀ ਪੂਰੇ ਸਕੇਲ ਵਿੱਚ ਕਰਨ, ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਨੌਕਰੀਆਂ ਦੇਣ, ਦੋ ਦਹਾਕਿਆਂ ਤੋਂ ਕੰਮ ਕਰਦੇ ਪਾਰਟ ਟਾਈਮ ਸਵੀਪਰਾਂ ਨੂੰ ਪੱਕਿਆ ਕਰਨ, ਬੰਦ ਪਏ ਥਰਮਲਾਂ ਨੂੰ ਚਲਾਉਣ, ਪ੍ਰਾਈਵੇਟ ਥਰਮਲਾਂ ਦੇ ਨਾਲ ਕੀਤੇ ਪੀ.ਪੀ.ਏ. ਰੀਵਿਊ ਕਰਨ, ਹਰ ਤਰ੍ਹਾਂ ਦੇ ਕੰਟਰੈਕਟ, ਠੇਕੇਦਾਰ, ਪੈਸਕੋ, ਸੀ.ਐੱਚ.ਬੀ. ਕਾਮਿਆਂ ਨੂੰ ਪੱਕਾ ਕਰਨ, ਛੇਵੇਂ ਤਨਖਾਹ ਕਮਿਸ਼ਨ ਨੂੰ ਤਨਖਾਹ ਵਿੱਚ 20% ਵਾਧੇ ਨਾਲ ਲਾਗੂ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਸੇਵਾ-ਮੁਕਤ ਅਤੇ ਨਵੇਂ ਭਰਤੀ ਕੀਤੇ ਬਿਜਲੀ ਕਰਮਚਾਰੀਆਂ ਨੂੰ ਬਿਜਲੀ ਯੂਨਿਟਾਂ ਵਿੱਚ ਰਿਆਇਤ ਦੇਣ, ਵੇਲਾ ਵਹਾਅ ਚੁੱਕੀਆਂ ਦਫ਼ਤਰਾਂ ਦੀਆਂ ਬਿਲਡਿੰਗਾਂ ਦੇ ਨਵੀਨੀਕਰਨ ਆਦਿ ਮੰਗਾਂ 'ਤੇ ਜੱਥੇਬੰਦੀ ਪੀ.ਐੱਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਰਾਹੀਂ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਰਹੇਗੀ। ਇਹ ਹੀ ਕਾਮਰੇਡ ਭਗਵਾਨ ਸਿੰਘ ਅਣਖੀ ਨੂੰ 31ਵੀਂ ਬਰਸੀ 'ਤੇ ਸੱਚੀ ਸ਼ਰਧਾਂਜਲੀ ਹੋਵੇਗੀ।

ਬੇਸ਼ੱਕ ਕਾਂਗਰਸ ਪਾਰਟੀ ਨੇ 4-5 ਸਾਲ ਸੂਬੇ ਦੀ ਸੱਤਾ 'ਤੇ ਰਹਿੰਦਿਆਂ ਕੀਤੇ ਵਾਅਦਿਆਂ ਅਨੁਸਾਰ ਕੋਈ ਕੰਮ ਨਹੀਂ ਕੀਤਾ, ਪ੍ਰੰਤੂ ਮੁੜ ਸੱਤਾ ਦੀ ਪ੍ਰਾਪਤੀ ਲਈ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਕੇ ਇਕ ਵਾਰ ਫਿਰ ਪੰਜਾਬ ਦੀ ਸੱਤਾ 'ਤੇ ਕਾਬੂ ਹੋਣ ਦਾ ਭਰਪੂਰ ਯਤਨ ਕੀਤਾ। ਅਕਾਲੀਆਂ ਦੇ 10 ਸਾਲ ਅਤੇ ਕਾਂਗਰਸ ਪਾਰਟੀ ਦੇ 5 ਸਾਲ ਸੱਤਾ 'ਤੇ ਰਹਿੰਦਿਆਂ ਕੋਈ ਵਾਅਦਾ ਪੂਰਾ ਨਾ ਕਰਨ ਤੋਂ ਅੱਕੇ ਪੰਜਾਬ ਦੇ ਲੋਕਾਂ ਨੇ ਤੀਜੀ ਧਿਰ ਨੂੰ ਸੱਤਾ ਸੌਂਪਣ ਦੀ ਹੋੜ ਹੇਠ ਆਮ ਆਦਮੀ ਪਾਰਟੀ ਨੂੰ ਮਾਰਚ 2022 ਦੇ ਵਿਧਾਨ ਸਭਾ ਚੋਣ ਅਮਲ ਸਮੇਂ 92 ਸੀਟਾਂ ਤੇ ਜਿੱਤ ਦਰਜ ਕਰਵਾਕੇ ਸੱਤਾ ਸੌਂਪ ਦਿਤੀ। ਆਮ ਆਦਮੀ ਪਾਰਟੀ ਦੀ ਅਗਵਾਈ ਕਰਦੇ ਭਗਵੰਤ ਸਿੰਘ ਮਾਨ ਪੰਜਾਬ ਦੇ ਮੁੱਖ ਮੰਤਰੀ ਬਣੇ। ਚੋਣਾਂ ਸਮੇਂ ਇਸ ਪਾਰਟੀ ਦੀ ਲੀਡਰਸ਼ਿਪ ਵਲੋਂ ਕੀਤੇ ਵਾਅਦੇ ਪਹਿਲੀ ਕੈਬਨਿਟ ਵਿੱਚ 35000 ਕੱਚੇ ਕਾਮਿਆਂ ਨੂੰ ਪੱਕਾ ਕਰਨਾ, ਛੇਵੇ ਪੇ ਕਮਿਸ਼ਨ ਨੂੰ ਤਰੁੱਟੀਆਂ ਰਹਿਤ ਲਾਗੂ ਕਰਨ, ਨਸ਼ਾ ਖਤਮ ਕਰਨ, ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣ, ਬੇਅਦਬੀ ਕਰਨ ਵਾਲਿਆਂ ਨੂੰ ਸਜਾਵਾਂ ਦੇਣ, ਭ੍ਰਿਸ਼ਟਾਚਾਰ ਖ਼ਤਮ ਕਰਨ ਆਦਿ ਦਰਜਨਾਂ ਵਾਅਦੇ ਕੀਤੇ, ਜਿਨ੍ਹਾਂ 'ਚੋਂ ਇੱਕਾ ਦੁੱਕਾ ਨੂੰ ਛੱਡਕੇ ਬਾਕੀ ਸਾਰੇ ਜਿਓਂ ਦੇ ਤਿਓਂ ਲਟਕ ਰਹੇ ਹਨ ਜਿਨਾਂ ਦੀ ਪ੍ਰਾਪਤੀ ਲਈ ਸੰਬੰਧਤ ਵਿਆਕਤੀਆਂ ਵਲੋਂ ਸਰਕਾਰ ਨੂੰ 7 ਮਹੀਨੇ ਦਾ ਸਮਾਂ ਦੇਣ ਦੇ ਬਾਵਜੂਦ ਵੀ ਜਿਓਂ ਦੇ ਤਿਓਂ ਲਟਕ ਰਹੇ ਹਨ। ਸਰਕਾਰ ਦੀ ਇਸ ਵਾਅਦਾ ਖਿਲਾਫੀ ਵਿਰੁੱਧ ਹਰ ਰੋਜ ਚੱਕਾ ਜਾਮ, ਧਰਨੇ ਮੁਜ਼ਾਹਰੇ ਹੋ ਰਹੇ ਹਨ। ਇਹ ਸਰਕਾਰ ਪਹਿਲੀਆਂ ਸਰਕਾਰਾਂ ਦੀ ਤਰਜ ਤੇ ਲਾਠੀਆਂ, ਪਾਣੀ ਦੀਆਂ ਬੁਛਾੜ ਆਦਿ ਦਾ ਸਹਾਰਾ ਪੁਲਸ ਬਲਾਂ ਰਾਂਹੀ ਲੈ ਕੇ ਲੋਕ ਘੋਲਾਂ ਨੂੰ ਕੁਚਲਣ ਦੇ ਰਾਹ ਪੈ ਗਈ ਹੈ। ਜਿਸ ਕਾਰਨ ਪੰਜਾਬ ਵਿੱਚ ਅਸ਼ਾਂਤੀ ਦਾ ਮਹੌਲ ਪੈਦਾ ਹੋ ਰਿਹਾ ਹੈ। ਸਰਕਾਰ ਦੀ ਇਸ ਲੋਕ ਵਿਰੋਧੀ ਨੀਤੀ ਦਾ ਅਣਖੀ ਦੇ ਵਾਰਿਸ ਸੰਘਰਸ਼ਾਂ ਰਾਹੀਂ ਮੂੰਹ ਤੋੜ ਜਵਾਬ ਦੇਣਗੇ। ਇਹੋ ਕਾਮਰੇਡ ਅਣਖੀ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਹੋਵੇਗੀ।



ਸੁਰਿੰਦਰਪਾਲ ਸਿੰਘ ਲਾਹੌਰੀਆ
ਜਨਰਲ ਸਕੱਤਰ, ਪੰਜਾਬ

6-DEC-PAGE-10.qxd 12/5/2022 10:21 PM Page 1



# ਦਿੱਲੀ-ਸੰਗਰੂਰ ਕੌਮੀ ਮਾਰਗ 'ਤੇ ਨਿਰਮਾਣ ਅਧੀਨ ਪੁਲ ਦੀ ਧੀਮੀ ਰਫ਼ਤਾਰ ਤੋਂ ਲੋਕ ਪ੍ਰੇਸ਼ਾਨ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਦਿੱਲੀ-ਸੰਗਰੂਰ ਕੌਮੀ ਮਾਰਗ ਦੀ ਟ੍ਰੈਫਿਕ ਸਮੱਸਿਆ ਦੇ ਹੱਲ ਲਈ ਸ਼ੁਤਰਾਣੇ ਅੱਡੇ ਉਤੇ ਪੀ ਡਬਲਿਊ ਡੀ ਵੱਲੋਂ ਤਿਆਰ ਕੀਤੇ ਜਾ ਰਹੇ ਪੁਲ ਦੇ ਧੀਮੀ ਰਫਤਾਰ ਤੋਂ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਤੇ ਰਾਹਗੀਰਾਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪ੍ਰੇਸ਼ਾਨ ਦੁਕਾਨਦਾਰਾਂ ਤੇ ਪਿੰਡਾਂ ਦੇ ਲੋਕਾਂ ਨੇ ਜੁਲਾਈ, ਅਗਸਤ ਵਿੱਚ ਇਹ ਮਾਮਲਾ ਵਿਧਾਇਕ ਦੇ ਧਿਆਨ ਵਿੱਚ ਲਿਆਂਦਾ ਸੀ। ਉਨ੍ਹਾ ਭਰੋਸਾ ਦਿਵਾਇਆ ਸੀ ਕਿ ਨਿਰਮਾਣ ਕਾਰਜ 'ਚ ਲਾਪ੍ਰਵਾਹੀ ਕਰਨ ਵਾਲਿਆਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ ਤੇ ਨਿਰਮਾਣ ਨਿਯਤ ਸਮੇਂ ਵਿੱਚ ਹੀ ਪੂਰਾ ਕਰਵਾਉਣ ਦੇ ਨਾਲ ਨਾਲ ਲੋਕਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਣ ਦਿੱਤੀ ਜਾਵੇਗੀ। ਇਸ ਦੇ ਬਾਵਜੂਦ ਨਿਰਮਾਣ ਕਾਰਜਾਂ ਵਿੱਚ ਕੋਈ ਤੇਜ਼ੀ ਨਹੀਂ ਅਈ, ਸਗੋਂ ਕੁਆਲਿਟੀ ਉਤੇ ਸਵਾਲ ਉੱਠਣ ਲੱਗੇ ਹਨ।

ਪੁਲ ਤੋਂ ਪ੍ਰੇਸ਼ਾਨ ਦੁਕਾਨਦਾਰਾਂ ਤੇ ਪਿੰਡਾਂ ਦੇ ਲੋਕਾਂ ਨੇ ਕਿਹਾ ਕਿ ਦਿੱਲੀ-ਸੰਗਰੂਰ ਕੌਮੀ ਮਾਰਗ 'ਤੇ ਵਾਹਨਾਂ ਦੀ ਜ਼ਿਆਦਾ ਆਵਾਜਾਈ ਲੱਗਦੇ ਜਾਮ ਤੇ ਉੱਡਦੇ ਮਿੱਟੀ ਘੱਟੇ ਤੋਂ ਪ੍ਰੇਸ਼ਾਨ ਦਾ ਲੋਕਾਂ ਦਾ ਕਹਿਣਾ ਹੈ ਕਿ ਪੁਲ ਦੇ ਨਿਰਮਾਣ ਮੌਕੇ ਸੜਕ ਦੇ ਕੰਢੇ ਡੂੰਘੇ ਟੋਏ ਪੁੱਟੇ ਹੋਏ ਹਨ, ਜੋ ਕਿ ਪੂਰੀ ਤਰ੍ਹਾਂ ਅਸੁਰੱਖਿਅਤ ਹਨ ਤੇ ਕਦੇ ਵੀ ਕੋਈ ਭਿਆਨਕ ਹਾਦਸਾ ਵਾਪਰ ਸਕਦਾ ਹੈ। ਪੰਚਾਇਤਾਂ ਨੇ ਕੰਪਨੀ ਪ੍ਰਬੰਧਕਾਂ, ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਪੁਲ ਦੇ ਨਿਰਮਾਣ ਕਾਰਜਾਂ 'ਚ ਤੇਜ਼ੀ ਲਿਆਉਣ ਦੀ ਕਈ ਵਾਰ ਬੇਨਤੀ ਕੀਤੀ ਹੈ, ਪਰ ਕੋਈ ਸੁਣਵਾਈ ਨਹੀਂ ਹੋ ਰਹੀ, ਸਗੋਂ ਪੁਲ ਦਾ ਕੰਮ ਪਿਛਲੇ ਕਈ ਦਿਨਾਂ ਤੋਂ ਬੰਦ ਪਿਆ ਹੈ।



ਕੌਮੀ ਮੁੱਖ ਮਾਰਗ 'ਤੇ ਬਣਦੇ ਪੁਲ ਦਾ ਦ੍ਰਿਸ਼।

ਇਥੇ ਜ਼ਿਕਰਯੋਗ ਹੈ ਕਿ ਦਿੱਲੀ-ਸੰਗਰੂਰ ਕੌਮੀ ਮਾਰਗ ਦੇ 4 ਮਾਰਗੀ ਨਿਰਮਾਣ ਦੌਰਾਨ ਸ਼ੁਤਰਾਣਾ ਸਮੇਤ ਦਰਜਨਾਂ ਪਿੰਡਾਂ ਦੀ ਆਵਾਜਾਈ ਨੂੰ ਕੌਮੀ ਮੁੱਖ ਮਾਰਗ ਨਾਲ ਜੋੜਨ ਲਈ ਰਸਤਾ ਨਾ ਦਿੱਤੇ ਜਾਣ ਕਾਰਨ ਸੜਕ ਹਾਦਸਿਆਂ ਵਿੱਚ ਵਾਧਾ ਹੋਣ 'ਤੇ ਕੀਮਤੀ ਜਾਨਾਂ ਬਚਾਉਣ ਲਈ ਲੋਕਾਂ ਨੇ ਪੁਲ ਦੀ ਮੰਗ ਕੀਤੀ ਸੀ। ਲੋਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਲੋਕ ਨਿਰਮਾਣ ਵਿਭਾਗ ਦੇ ਉੱਚ ਅਧਿਕਾਰੀਆਂ ਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਪੁਲ ਦੇ ਨਿਰਮਾਣ ਕਾਰਜ 'ਚ ਲਾਪ੍ਰਵਾਹੀ ਕਰਨ ਵਾਲਿਆਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇ ਤੇ ਪੁਲ ਨੂੰ ਜਲਦੀ ਪੂਰਾ ਕਰਵਾਇਆ ਜਾਵੇ। ਲੋਕਾਂ ਦਾ ਕਹਿਣਾ ਹੈ ਕਿ ਅਸਿਸਟੈਂਟ ਇੰਜੀਨੀਅਰ ਵਿਕਾਸ ਬਾਤਿਸ਼ ਨੇ ਅਗਸਤ ਮਹੀਨੇ ਕਿਹਾ ਸੀ ਕਿ ਕੌਮੀ ਮੁੱਖ ਮਾਰਗ ਤੋਂ 66 ਕੇ ਵੀ ਤੇ ਦੋ 11 ਕੇ ਵੀ ਦੀਆਂ ਲਾਈਨਾਂ ਲੰਘਦੀਆਂ ਹਨ, ਜਿਨ੍ਹਾਂ ਨੂੰ ਹਟਵਾਉਣ ਲਈ ਕੇਂਦਰ ਨੇ ਪੈਸੇ ਪਾਸ ਕਰਨ ਵਿੱਚ ਦੇਰੀ ਕੀਤੀ ਹੈ। ਹੁਣ ਪੈਸਾ ਮਨਜ਼ੂਰ ਹੋ ਗਿਆ ਹੈ, ਜਲਦੀ ਹੀ ਇਨ੍ਹਾਂ ਲਾਇਨਾਂ ਨੂੰ ਹਟਾ ਕੇ ਕੰਮ ਵਿੱਚ ਤੇਜ਼ੀ ਲਿਆਂਦੀ ਜਾਵੇਗੀ।

# ਪ੍ਰਿੰ. ਕ੍ਰਿਸ਼ਨ ਸਿੰਘ ਦੀ ਪੁਸਤਕ 'ਨਰਸਿੰਗ ਕਿੱਤੇ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ' ਲੋਕ ਅਰਪਣ

**ਸਮਰਾਲਾ (ਸੁਰਜੀਤ ਸਿੰਘ)**-ਦਸਮੇਸ਼ ਖਾਲਸਾ ਚੈਰੀਟੇਬਲ ਟਰੱਸਟ ਹਸਪਤਾਲ ਹੇਰਾਂ ਵਿਖੇ ਕਰਵਾਏ ਇੱਕ ਵਿਸ਼ੇਸ਼ ਸਮਾਗਮ ਵਿੱਚ ਪ੍ਰਿੰਸੀਪਲ ਕ੍ਰਿਸ਼ਨ ਸਿੰਘ ਦੀ ਪੁਸਤਕ 'ਨਰਸਿੰਗ ਕਿੱਤੇ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ' ਰਿਲੀਜ਼ ਕੀਤੀ ਗਈ। ਕੌਮਾਂਤਰੀ ਪੱਧਰ ਦੇ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸਤਿਕਾਰਤ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਲੁਧਿਆਣਾ ਸ਼ਹਿਰ ਦੀ ਮੰਨੀ-ਪ੍ਰਮੰਨੀ ਸਮਾਜ ਸੇਵਿਕਾ, ਲੇਖਿਕਾ ਤੇ 'ਗਿਆਨ ਅੰਜਨੁ ਅਕਾਦਮੀ' ਦੀ ਨਿਰਦੇਸ਼ਕਾ ਡਾਕਟਰ ਕੁਲਵਿੰਦਰ ਕੌਰ ਮਿਨਹਾਸ ਨੇ ਪੁਸਤਕ ਸੰਬੰਧੀ ਆਪਣਾ ਖੋਜ ਪੱਤਰ ਪੜ੍ਹਿਆ। ਲੋਕ ਅਰਪਿਤ ਪੁਸਤਕ ਜੋ ਮਨੁੱਖਤਾ ਨੂੰ ਸਮਰਪਿਤ ਭਾਵਨਾ ਵਾਲੀ ਜਗਤ ਪ੍ਰਸਿੱਧ ਨਾਇਕਾ ਮਦਰ ਟੈਰੇਸਾ ਨੂੰ ਸਮਰਪਤ ਹੈ, ਬਾਰੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਉਨ੍ਹਾ ਕਿਹਾ ਕਿ ਪ੍ਰਿੰਸੀਪਲ ਕ੍ਰਿਸ਼ਨ ਸਿੰਘ ਨੇ ਜ਼ੇਰੇ ਇਲਾਜ ਦੌਰਾਨ ਹੋਏ ਅਨੁਭਵਾਂ ਨੂੰ ਕਲਮਬੰਦ ਕਰਕੇ ਨਰਸਿੰਗ ਕਿੱਤੇ ਨਾਲ ਸੰਬੰਧਤ ਵਿਦਿਆਰਥੀਆਂ ਨੂੰ ਹੀ ਨਹੀਂ ਸਗੋਂ ਆਮ ਪਾਠਕਾਂ ਲਈ ਵੀ ਗੁਰਬਾਣੀ ਸਿਧਾਂਤਾਂ ਦੇ ਅੰਤਰਗਤ ਬੜਾ ਸਾਰਥਕ ਸੰਦੇਸ਼ ਦਿੱਤਾ ਹੈ। ਕੁੱਲ ਮਿਲਾ ਕੇ 87 ਸਫਿਆਂ ਦੀ ਇਹ ਪੁਸਤਕ ਆਪਣੀ ਸੰਬੋਧਨੀ ਸ਼ੈਲੀ ਤੇ ਬ੍ਰਿਤਾਂਤਮਈ ਜੁਗਤੀ ਦੇ ਮਾਧਿਅਮ ਰਾਹੀਂ ਇੱਕ ਨਿਵੇਕਲੀ ਵਿਧਾ ਦਾ ਅਹਿਸਾਸ ਕਰਵਾਉਂਦੀ ਹੈ। ਪੁਸਤਕ ਅਧਿਐਨ ਦੇ ਪ੍ਰਤਿਕਰਮ ਵਜੋਂ ਉਨ੍ਹਾਂ ਕਿਹਾ ਕਿ ਇਹ ਪੁਸਤਕ ਪੰਜਾਬੀ ਸਾਹਿਤ ਦੇ ਹਰ ਪਾਠਕ ਨੂੰ ਪੜ੍ਹਨੀ ਚਾਹੀਦੀ ਹੈ, ਕਿਉਂਕਿ ਇਸ ਵਿੱਚ ਪੇਸ਼ ਹੋਏ ਸਿੱਖੀ ਚੇਤਨਾ ਵਾਲੇ ਇਤਿਹਾਸਕ ਤੇ ਪ੍ਰਮਾਣਿਕ ਹਵਾਲੇ ਬੜੇ ਵਿਦਵਤਾ ਭਰਪੂਰ ਹਨ। ਪ੍ਰਿੰਸੀਪਲ ਕ੍ਰਿਸ਼ਨ ਸਿੰਘ ਨੂੰ ਵਧਾਈ ਦਿੰਦਿਆਂ ਤੇ ਪਾਠਕਾਂ ਦੇ ਵਸੀਹ ਦਾਇਰੇ ਦੀਆਂ ਸੰਭਾਵਨਾਵਾਂ 'ਤੇ ਕੇਂਦ੍ਰਿਤ ਹੁੰਦਿਆਂ ਉਨ੍ਹਾ ਕਿਹਾ ਕਿ ਇਹ ਪੁਸਤਕ ਕੌਮਾਂਤਰੀ ਪੱਧਰ ਦੇ ਮੈਡੀਕਲ ਕਿੱਤੇ ਨਾਲ ਸੰਬੰਧਤ ਹੈ। ਇਸ ਲਈ ਇਹ ਅੰਗਰੇਜ਼ੀ ਭਾਸ਼ਾ ਵਿੱਚ ਵੀ ਅਨੁਵਾਦ ਹੋਣੀ ਚਾਹੀਦੀ ਹੈ। ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਨੇ ਵੀ ਪੁਸਤਕ ਸੰਬੰਧੀ ਆਪਣਾ ਮੱਤ ਪੇਸ਼ ਕੀਤਾ। ਸਮਾਗਮ ਦੇ ਮੁੱਖ ਮਹਿਮਾਨ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੁਸਤਕ ਨੂੰ ਲੋਕ ਅਰਪਣ ਕਰਦਿਆਂ ਕਿਹਾ ਕਿ ਪ੍ਰਿੰਸੀਪਲ ਸਾਹਿਬ ਵਧਾਈ ਦੇ ਪਾਤਰ ਹਨ, ਜਿਨ੍ਹਾਂ ਮਨੁੱਖਤਾ ਨੂੰ ਸਮਰਪਤ ਹੋ ਕੇ ਇਹ ਸ਼ਬਦ ਸੱਭਿਆਚਾਰ ਦਾ ਕਾਰਜ ਕੀਤਾ ਹੈ। ਚੇਤਨਾ ਭਰਪੂਰ ਸ਼ਖ਼ਸੀਅਤਾਂ ਵੱਲੋਂ ਸਰਬੱਤ ਦੇ ਭਲੇ ਲਈ ਕੀਤਾ ਕੋਈ ਵੀ ਕਾਰਜ ਅਜਾਈਂ ਨਹੀਂ ਜਾਂਦਾ, ਸਮਾਂ ਪੈਣ 'ਤੇ ਉਸ ਦਾ ਮੁੱਲ ਜ਼ਰੂਰ ਪੈਂਦਾ ਹੈ। ਪੁਸਤਕ ਲੇਖਕ ਪ੍ਰਿੰਸੀਪਲ ਕ੍ਰਿਸ਼ਨ ਸਿੰਘ ਨੇ ਗਿਆਨ ਪਰਗਾਸੁ ਟਰੱਸਟ ਦੇ ਚੇਅਰਮੈਨ, ਪ੍ਰਧਾਨ ਤੇ ਹਾਜ਼ਰ ਪਤਵੰਤੇ ਸੱਜਣਾਂ ਨੂੰ ਸੰਬੋਧਨ ਹੁੰਦਿਆਂ ਤੇ ਧੰਨਵਾਦ ਕਰਦਿਆਂ ਕਿਹਾ ਕਿ ਇਹ ਮੇਰੀ ਖੁਸ਼ਨਸੀਬੀ ਹੈ ਕਿ ਮੈਡੀਕਲ ਸਾਇੰਸ ਦੀ ਇਹ ਪੁਸਤਕ ਇਕ ਚੈਰੀਟੇਬਲ ਹਸਪਤਾਲ ਵਿਖੇ ਰਿਲੀਜ਼ ਹੋ ਰਹੀ ਹੈ। ਉਨ੍ਹਾਂ ਆਪਣੀ ਪੁਸਤਕ ਰੋਜ਼ਾਨਾ ਪਹਿਰੇਦਾਰ ਅਖਬਾਰ ਦੇ ਸੰਪਾਦਕ ਜਸਪਾਲ ਸਿੰਘ ਨੂੰ ਭੇਟ ਕੀਤੀ। ਉਪਰੋਕਤ ਤੋਂ ਇਲਾਵਾ ਰਿਸਬਜੀਤ ਸਿੰਘ, ਪ੍ਰਿੰਸੀਪਲ ਜਸਵੰਤ ਸਿੰਘ, ਪ੍ਰੋ. ਕੁਲਵੰਤ ਸਿੰਘ, ਮੇਜਰ ਸਿੰਘ ਰਾਜਗੁਰੂ ਨਗਰ ਲੁਧਿਆਣਾ, ਡਾਕਟਰ ਗੁਰਲਾਲ ਸਿੰਘ ਐੱਸ ਐੱਮ ਓ ਹਸਪਤਾਲ ਸੁਧਾਰ, ਸੁਖਦੇਵ ਸਿੰਘ ਐੱਲ ਏ, ਯੂਨਾਈਟਿਡ ਸਿਖਸ ਆਦਾਰੇ ਦੇ ਅਹੁਦੇਦਾਰ, ਸਵਰਣ ਸਿੰਘ ਰਾਣਾ ਹੁਰਾਂ ਵੀ ਆਪਣੀ ਹਾਜ਼ਰੀ ਲਗਵਾਈ।



## ਕਾਤਰਾਂ

### ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋ. ਦੀ ਮੀਟਿੰਗ ਭਲਕੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ ਸ੍ਰੀ ਮੁਕਤਸਰ ਸਾਹਿਬ ਦੀ ਮਾਸਿਕ ਮੀਟਿੰਗ 7 ਦਸੰਬਰ ਨੂੰ ਸ਼ਾਮ ਦੇ 3 ਵਜੇ ਸਥਾਨਕ ਹੋਟਲ ਸਿਟੀ ਪੈਲੇਸ ਵਿਖੇ ਹੋਵੇਗੀ। ਬਲਦੇਵ ਸਿੰਘ ਬੇਦੀ ਪ੍ਰਧਾਨ ਵੱਲੋਂ ਸਾਰੇ ਮੈਂਬਰਾਂ ਨੂੰ ਸਮੇ ਸਿਰ ਪਹੁੰਚਣ ਦੀ ਬੇਨਤੀ ਕੀਤੀ।

### 4 ਸਾਲਾ ਬੱਚੇ ਦੀ ਛੱਪੜ 'ਚ ਡੁੱਬਣ ਨਾਲ ਮੌਤ



**ਦੋਦਾ (ਵਕੀਲ ਬਰਾੜ)**-ਨੇੜਲੇ ਪਿੰਡ ਭਲਾਈਆਣਾ ਵਿਖੇ ਬੀਤੀ ਸ਼ਾਮ ਨੂੰ ਘਰੋਂ ਖੇਡਣ ਗਏ 4 ਸਾਲਾ ਬੱਚੇ ਦੇ ਲਾਪਤਾ ਹੋਣ ਦੀ ਖਬਰ ਕਾਰਨ ਪੂਰਾ ਪਿੰਡ ਚਿੰਤਾ ਵਿੱਚ ਡੁੱਬ ਗਿਆ ਤੇ ਗੁੰਮ ਹੋਏ ਬੱਚੇ ਦੀ ਖਬਰ ਤੁਰੰਤ ਥਾਣਾ ਕੋਟਭਾਈ ਨੂੰ ਦਿੱਤੀ ਗਈ। ਡੀ ਐੱਸ ਪੀ ਜਸਵੀਰ ਸਿੰਘ ਗਿੱਦੜਬਾਹਾ ਤੇ ਥਾਣਾ ਮੁਖੀ ਰਮਨ ਕੰਬੋਜ ਫੋਰਸ ਸਮੇਤ ਪਿੰਡ ਪੁੱਜੇ ਅਤੇ ਜਾਂਚ ਵਿੱਚ ਜੁਟ ਗਏ। ਡੀ ਐੱਸ ਪੀ ਜਸਵੀਰ ਸਿੰਘ ਦੇ ਦੱਸਣ ਅਨੁਸਾਰ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਤੋਂ ਪਤਾ ਲੱਗਾ ਕਿ ਬੱਚਾ ਛੱਪੜ ਵਾਲੀ ਗਲੀ ਗਿਆ ਤੇ ਭਾਲ ਕਰਨ ਉਤੇ ਗੁਰਕੀਰਤ ਸਿੰਘ ਪੁੱਤਰ ਰੌਣਕ ਸਿੰਘ ਦੀ ਲਾਸ਼ ਛੱਪੜ ਵਿੱਚੋਂ ਮਿਲ ਗਈ। ਪੁਲਸ ਵੱਲੋਂ ਲਾਸ਼ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਾਤਲ ਗਿੱਦੜਬਾਹਾ ਵਿਖੇ ਭੇਜ ਕੇ ਲੋੜੀਂਦੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਪੀ.ਵੀ.ਸੀ. ਕਾਰੀਗਰ ਵੱਲੋਂ ਖੁਦਕੁਸ਼ੀ, ਮਾਮਲਾ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬੀਤੇ ਦਿਨੀਂ ਜ਼ਹਿਰ ਖਾ ਕੇ ਖੁਦਕੁਸ਼ੀ ਦੀ ਕੋਸ਼ਿਸ਼ ਕਰਨ ਵਾਲੇ ਪੀ.ਵੀ.ਸੀ. ਕਾਰੀਗਰ ਦੀ ਪੀ.ਜੀ.ਆਈ. ਚੰਡੀਗੜ੍ਹ ਵਿਖੇ ਇਲਾਜ ਦੌਰਾਨ ਮੌਤ ਹੋ ਜਾਣ ਦਾ ਸਮਾਚਾਰ ਹੈ। ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਲਖਵਿੰਦਰ ਕੌਰ ਵਾਸੀ ਪਿੰਡ ਰਸੂਲਪੁਰ ਨੇ ਦੱਸਿਆ ਕਿ ਉਸ ਦਾ ਪਤੀ ਹਰਸਿਮਰਨਜੀਤ ਸਿੰਘ ਪੀ.ਵੀ.ਸੀ. ਲਗਾਉਣ ਦਾ ਕੰਮ ਕਰਦਾ ਸੀ, ਜੋ ਕਿ ਬੀਤੇ ਕਈ ਦਿਨਾਂ ਤੋਂ ਲਖਵਿੰਦਰ ਵਾਸੀ ਹਰਨਾਮ ਨਗਰ ਫ਼ਤਹਿਗੜ੍ਹ ਸਾਹਿਬ ਦੇ ਮਕਾਨ 'ਚ ਪੀ.ਵੀ.ਸੀ. ਦਾ ਕੰਮ ਕਰ ਰਿਹਾ ਸੀ, ਪਰ ਉਕਤ ਮਕਾਨ ਦਾ ਮਾਲਕ ਲਖਵਿੰਦਰ ਸਿੰਘ ਤੇ ਉਸ ਦੀ ਪਤਨੀ ਮਨਦੀਪ ਕੌਰ ਹਰਸਿਮਰਨਜੀਤ ਸਿੰਘ ਦੇ ਕੰਮ 'ਚ ਬਹੁਤ ਟੋਕਾ-ਟਾਕੀ ਕਰਦੇ ਸਨ ਤੇ ਉਸ ਦੇ ਸਾਮਾਨ ਦੇ ਪੈਸੇ ਦੇਣ ਤੋਂ ਆਨਾ-ਕਾਨੀ ਕਰ ਰਹੇ ਸਨ, ਜਿਨ੍ਹਾਂ ਤੋਂ ਤੰਗ ਪ੍ਰੇਸ਼ਾਨ ਹੋ ਕੇ ਉਸ ਦੇ ਪਤੀ ਹਰਸਿਮਰਨਜੀਤ ਸਿੰਘ ਨੇ ਲਖਵਿੰਦਰ ਸਿੰਘ ਦੇ ਹਰਨਾਮ ਨਗਰ ਸਥਿਤ ਘਰ 'ਚ 1 ਦਸੰਬਰ ਨੂੰ ਜ਼ਹਿਰ ਖਾ ਲਈ, ਜਿਸ ਦੀ ਪੀ.ਜੀ.ਆਈ. ਚੰਡੀਗੜ੍ਹ ਵਿਖੇ ਇਲਾਜ ਦੌਰਾਨ ਮੌਤ ਹੋ ਗਈ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਅ/ਧ 306,34 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

### ਡਾਲਰ ਮੰਗਵਾਉਣ ਬਦਲੇ ਪੇ.ਟੀ.ਐੱਮ. ਖਾਤੇ 'ਚ ਪੈਸੇ ਪਵਾ ਕੇ ਕੀਤੀ ਧੋਖਾਧੜੀ, ਮਾਮਲਾ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਔਰਤ ਤੋਂ ਡਾਲਰਾਂ ਬਦਲੇ ਪੇ.ਟੀ.ਐੱਮ. ਖਾਤੇ 'ਚ ਪੈਸੇ ਪਵਾ ਕੇ ਧੋਖਾਧੜੀ ਕਰਨ ਦੇ ਮਾਮਲੇ ਦੀ ਸਟੇਟ ਸਾਈਬਰ ਕਰਾਈਮ ਸੈੱਲ ਵੱਲੋਂ ਕੀਤੀ ਗਈ ਪੜਤਾਲ ਦੇ ਆਧਾਰ 'ਤੇ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਅਣਪਛਾਤੇ ਵਿਰੁੱਧ ਅ/ਧ 420,120ਬੀ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਮੰਡੀ ਗੋਬਿੰਦਗੜ੍ਹ ਦੀ ਵਸਨੀਕ ਸੀਮਾ ਕੁਮਾਰੀ ਵੱਲੋਂ ਡੀ.ਜੀ.ਪੀ. ਪੰਜਾਬ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਗਿਆ ਸੀ ਕਿ ਉਸ ਵੱਲੋਂ ਇੱਕ ਵਿਅਕਤੀ, ਜਿਸ ਦਾ ਵਟਸਐਪ ਨੰਬਰ 7007634399 ਸੀ, ਵੱਲੋਂ ਚਲਾਏ ਜਾ ਰਹੇ ਕਰਿਪਟੋ ਪੰਪਿੰਗ ਬਾਈਨੈਂਸ ਕਰੰਸੀ ਐਂਡ ਟੈਲੀਗ੍ਰਾਮ ਨਾਮਕ ਵਟਸਐਪ ਗਰੁੱਪ ਰਾਹੀਂ ਉਸ ਨਾਲ ਸੰਪਰਕ ਹੋਇਆ ਸੀ, ਜਿਸ ਨਾਲ ਡਾਲਰ ਖਰੀਦਣ ਸਬੰਧੀ ਉਸ ਦੀ ਗੱਲਬਾਤ ਹੋਈ ਤੇ ਉਸ ਵੱਲੋਂ 1111 ਡਾਲਰ ਭੇਜਣ ਬਦਲੇ ਉਸ ਤੋਂ ਇੱਕ ਪੇ.ਟੀ.ਐੱਮ. ਆਈ. ਡੀ. 'ਚ 40 ਹਜ਼ਾਰ ਰੁਪਏ ਦੀ ਰਕਮ ਪਵਾ ਲਈ ਗਈ, ਪਰ ਉਕਤ ਵਿਅਕਤੀ ਵੱਲੋਂ ਉਸ ਨੂੰ ਸਿਰਫ 9 ਡਾਲਰ ਹੀ ਭੇਜੇ ਗਏ, ਜਿਸ ਤੋਂ ਬਾਅਦ ਉਕਤ ਵਿਅਕਤੀ ਵੱਲੋਂ ਉਸ ਦਾ ਨੰਬਰ ਬਲੌਕ ਕਰ ਦਿੱਤਾ ਗਿਆ। ਡੀ.ਜੀ.ਪੀ. ਵੱਲੋਂ ਸ਼ਿਕਾਇਤ ਪੜਤਾਲ ਲਈ ਸਟੇਟ ਸਾਈਬਰ ਕਰਾਈਮ ਸੈੱਲ ਨੂੰ ਭੇਜੀ ਗਈ, ਜਿਨ੍ਹਾਂ ਵੱਲੋਂ ਕੀਤੀ ਗਈ ਸਿਫਾਰਸ਼ ਦੇ ਆਧਾਰ 'ਤੇ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

# ਆੜ੍ਹਤੀਆਂ ਨੇ ਅਣਮਿੱਥੇ ਸਮੇਂ ਲਈ ਕੀਤਾ ਹੜਤਾਲ ਦਾ ਐਲਾਨ

■ **ਸਕੱਤਰ ਦੇ ਤਬਦਲੇ ਤੇ ਕਾਰਵਾਈ ਤੱਕ ਜਾਰੀ ਰਹੇਗੀ ਹੜਤਾਲ : ਆਗੂ**

**ਬਰੇਟਾ (ਰੀਤਵਾਲ)**

ਆੜ੍ਹਤੀਆਂ ਤੇ ਮਾਰਕਿਟ ਕਮੇਟੀ ਬਰੇਟਾ ਦੇ ਸਕੱਤਰ ਵਿਚਕਾਰ ਚੱਲ ਰਿਹਾ ਵਿਵਾਦ ਅੱਜ ਉਸ ਸਮੇਂ ਹੋਰ ਵੀ ਭਖ ਗਿਆ, ਜਦੋਂ ਆੜ੍ਹਤੀਆਂ ਨੇ ਆਪਣੀ ਚੱਲ ਰਹੀ ਹੜਤਾਲ ਨੂੰ ਸਕੱਤਰ ਦੇ ਤਬਾਦਲੇ ਤੱਕ ਅਣਮਿੱਥੇ ਸਮੇਂ ਲਈ ਵਧਾ ਦਿੱਤਾ ਹੈ ਅਤੇ ਆੜ੍ਹਤੀਆਂ ਨੇ ਐਲਾਨ ਕੀਤਾ ਕਿ ਜਦੋਂ ਤੱਕ ਸਕੱਤਰ ਦੇ ਖਿਲਾਫ ਕਾਰਵਾਈ ਨਹੀਂ ਕੀਤੀ ਜਾਂਦੀ, ਉਹ ਮੰਡੀ ਵਿੱਚ ਅਨਾਜ ਦੀ ਖਰੀਦ ਤੇ ਵੇਚ ਦਾ ਕੰਮ ਪੂਰੀ ਤਰ੍ਹਾਂ ਬੰਦ ਰੱਖਣਗੇ।

ਇਸ ਸਬੰਧੀ ਆੜ੍ਹਤੀਆ ਐਸੋਸੀਏਸ਼ਨ ਬਰੇਟਾ ਦੀ ਜਨਰਲ ਹਾਊਸ ਦੀ ਇੱਕ ਹੰਗਮੀ ਮੀਟਿੰਗ ਪ੍ਰਧਾਨ ਜਤਿੰਦਰ ਮੋਹਨ ਗਰਗ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਆੜ੍ਹਤੀਆਂ ਵੱਲੋਂ ਸਕੱਤਰ ਦੇ ਅੜੀਅਲ ਰਵੱਈਏ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਸਕੱਤਰ ਦੇ ਤੁਰੰਤ ਤਬਾਦਲੇ ਤੇ ਵਿਭਾਗੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਇਸ ਸਬੰਧੀ ਇੱਕ ਮੰਗ ਪੱਤਰ ਹਲਕਾ ਵਿਧਾਇਕ ਬੁਢਲਾਡਾ ਬੁੱਧ ਰਾਮ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਵੀ ਭੇਜਿਆ ਗਿਆ। ਇਸ ਦੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਜਤਿੰਦਰ ਗਰਗ ਨੇ ਦੱਸਿਆ ਕਿ ਸਕੱਤਰ ਵੱਲੋਂ ਹੁਣ ਅਪਣਾ ਬਚਾਅ ਕਰਨ ਲਈ ਉੱਚ ਅਫਸਰਾਂ ਨੂੰ ਗਲਤ ਰਿਪੋਰਟਾਂ ਭੇਜ ਕੇ ਆੜ੍ਹਤੀਆਂ ਪ੍ਰਤੀ ਗੁੰਮਰਾਹ ਕੀਤਾ ਜਾ ਰਿਹਾ ਹੈ ਤੇ ਪਹਿਲਾਂ ਵੀ ਸਕੱਤਰ ਵੱਲੋਂ ਅਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਆੜ੍ਹਤੀਆਂ ਨੂੰ ਬੇਵਜ੍ਹਾ ਤੰਗ ਪ੍ਰੇਸ਼ਾਨ ਕੀਤਾ ਗਿਆ ਸੀ, ਜਿਸ ਵਿੱਚ ਚੈਕਿੰਗ ਕਰਨ ਤੇ ਨੋਟਿਸ ਜਾਰੀ ਕਰਕੇ ਪੈਸੇ ਵਸੂਲਣ ਦੀ ਕੋਸ਼ਿਸ਼ ਲਗਦੀ ਸੀ। ਇਸ ਲਈ ਆੜ੍ਹਤੀਆਂ ਵੱਲੋਂ ਇਸ ਅਣਮਿੱਥੇ ਸਮੇਂ ਲਈ ਹੜਤਾਲ ਦਾ ਫੈਸਲਾ ਕੀਤਾ ਗਿਆ ਹੈ। ਇਸ ਮੀਟਿੰਗ ਵਿੱਚ ਰਾਜੇਸ਼ ਸਿੰਗਲਾ, ਦਲਵੀਰ ਸਿੰਘ ਕਾਲਾ ਜਵੰਧਾ, ਲਛਮਣ ਦਾਸ ਸਿੰਗਲਾ, ਰਾਜ ਮਿੱਤਲ, ਅਮਨਦੀਪ ਸਿੰਗਲਾ, ਕਪਿਲ ਦੇਵ, ਰਮੇਸ਼ ਕੁਮਾਰ, ਗਿਆਨ ਚੰਦ, ਕੇਵਲ ਸ਼ਰਮਾ ਤੇ ਹੋਰ ਆੜ੍ਹਤੀ ਮੌਜੂਦ ਸਨ।

# ਮਿਲੇਨੀਅਮ ਸਕੂਲ 'ਚ 'ਭਾਰਤ ਨੂੰ ਜਾਣੋ' ਮੁਕਾਬਲੇ ਕਰਵਾਏ



**ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)**

ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਦਿ ਮਿਲੇਨੀਅਮ ਸਕੂਲ ਕਾਲਾਂਵਾਲੀ ਵਿਖੇ ਭਾਰਤ ਨੂੰ ਜਾਣੋ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਬਿਸ਼ਨਮਲ ਜੈਨ ਸਕੂਲ, ਸਵੇਤ ਆਰੀਆ ਹਾਈ ਸਕੂਲ, ਐੱਸ ਐੱਸ ਡੀ ਤੇ ਮਿਲੇਨੀਅਮ ਸਕੂਲ ਦੇ ਵਿਦਿਆਰਥੀਆਂ ਨੇ ਭਾਗ ਲਿਆ।ਇਸ ਮੁਕਾਬਲੇ ਵਿੱਚ ਛੇ ਰਾਊਂਡ ਕਰਵਾਏ ਗਏ, ਜਿਸ ਵਿੱਚ ਵਿਦਿਆਰਥੀਆਂ ਨੂੰ ਜੂਨੀਅਰ ਵਰਗ ਤੇ ਸੀਨੀਅਰ ਵਰਗ ਵਿੱਚ ਵੰਡਿਆ ਗਿਆ।ਮੁਕਾਬਲੇ ਵਿੱਚ ਭਾਰਤ ਦੇ ਇਤਿਹਾਸ, ਭੂਗੋਲ, ਆਮ ਗਿਆਨ, ਖੇਡਾਂ, ਰਾਜਨੀਤੀ ਸ਼ਾਸਤਰ ਆਦਿ ਨਾਲ ਸਬੰਧਤ ਸਵਾਲ ਪੁੱਛੇ ਗਏ।ਭਾਰਤ ਵਿਕਾਸ ਪ੍ਰੀਸ਼ਦ ਸੰਸਥਾ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਦੁੱਤੀ ਭਾਰਤ ਬਾਰੇ ਜਾਗਰੂਕ ਕਰਨਾ ਤੇ ਉਨ੍ਹਾਂ ਨੂੰ ਦੱਸਣਾ ਹੈ ਕਿ ਅਦੁੱਤੀ ਭਾਰਤ ਗਿਆਨ ਦਾ ਭੰਡਾਰ ਹੈ।ਭਾਰਤ ਦੇ ਸਮਾਜ ਸੁਧਾਰਕਾਂ, ਮਹਾਨ ਆਗੂਆਂ ਤੇ ਧਾਰਮਿਕ ਅਸਥਾਨਾਂ ਬਾਰੇ ਲੋਕਾਂ ਨੂੰ ਦੱਸਿਆ ਤਾਂ ਜੋ ਵਿਦਿਆਰਥੀਆਂ ਦੇ ਮਨਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਜਗਾਈ ਜਾ ਸਕੇ।ਬ੍ਰਾਂਚ ਪੱਧਰੀ ਭਾਰਤ ਨੂੰ ਜਾਣੋ ਮੁਕਾਬਲੇ ਵਿੱਚ ਦਿ ਮਿਲੇਨੀਅਮ ਸਕੂਲ ਦੇ ਵਿਦਿਆਰਥੀ ਜੂਨੀਅਰ ਵਰਗ ਵਿੱਚ ਪਹਿਲੇ ਤੇ ਸੀਨੀਅਰ ਵਰਗ ਵਿੱਚ ਦੂਜੇ ਸਥਾਨ 'ਤੇ ਰਹੇ।ਜੇਤੂ ਵਿਦਿਆਰਥੀ ਅੱਗੇ ਰਾਜ ਪੱਧਰ 'ਤੇ ਰੱਤੀਆ ਵਿਖੇ ਹੋਣ ਵਾਲੇ ਭਾਰਤ ਨੂੰ ਜਾਣੋ ਮੁਕਾਬਲੇ ਵਿੱਚ ਭਾਗ ਲੈਣਗੇ।ਇਸ ਮੌਕੇ ਸੰਸਥਾ ਦੇ ਮੈਂਬਰ ਰਾਜਿੰਦਰ ਸ਼ਰਮਾ, ਅਜੈ ਗਰਗ, ਅਰੁਣ ਗੋਇਲ ਆਦਿ ਹਾਜ਼ਰ ਸਨ।ਸਕੂਲ ਦੀ ਪ੍ਰਿੰਸੀਪਲ ਡਾ. ਇੰਦਰਜੀਤ ਪਾਲ ਕੌਰ ਨੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ।ਸਕੂਲ ਦੇ ਚੇਅਰਮੈਨ ਅਸ਼ੋਕ ਸਿੰਗਲਾ ਨੇ ਵੀ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਪੈਨਸ਼ਨਰਜ਼ ਐਸੋਸੀਏਸ਼ਨ ਡਵੀਜ਼ਨ ਮੂਨਕ ਤੇ ਲਹਿਰਾਗਾਗਾ ਦੀ ਮੀਟਿੰਗ



**ਮੂਨਕ (ਰਾਜਪਾਲ ਸਿੰਗਲਾ)**-ਪੈਨਸ਼ਨਰਜ਼ ਐਸੋਸੀਏਸ਼ਨ ਡਵੀਜ਼ਨ ਮੂਨਕ ਤੇ ਲਹਿਰਾਗਾਗਾ ਇਕਾਈ ਦੀ ਇੱਕ ਮੀਟਿੰਗ ਸੋਮ ਚੰਦ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਹਾਜ਼ਰ ਉਚੇਚੇ ਤੌਰ 'ਤੇ ਸੀਤਾ ਰਾਮ ਪ੍ਰਧਾਨ ਡਵੀਜ਼ਨ ਲਹਿਰਾਗਾਗਾ, ਗੁਰਚਰਨ ਸਿੰਘ ਸਕੱਤਰ, ਜਗਰੂਪ ਸਿੰਘ ਸੀਨੀਅਰ ਮੀਤ ਪ੍ਰਧਾਨ, ਮੰਗਤ ਸਿੰਘ, ਪੂਰਨ ਸਿੰਘ, ਜੋਗਿੰਦਰ ਸਿੰਘ ਨੇ ਦੱਸਿਆ ਕਿ ਪੈਨਸ਼ਨਰਜ਼ ਐਸੋਸੀਏਸ਼ਨ ਡਵੀਜ਼ਨ ਲਹਿਰਾਗਾਗਾ ਵਿੱਚ ਇਕਜੁੱਟ ਹੋ ਕੇ ਸੰਘਰਸ਼ ਕਰ ਰਹੀ ਹੈ। ਸਾਂਝਾ ਫਰੰਟ ਪੰਜਾਬ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਆਪਣੀਆਂ ਮੰਗਾਂ ਮਨਾਉਣ ਲਈ ਸੰਘਰਸ਼ ਆਰੰਭਿਆ ਗਿਆ ਹੈ। ਇਸ ਦੀ ਲੜੀ ਵਿੱਚ 1 ਦਸੰਬਰ ਤੋਂ 10 ਦਸੰਬਰ ਤੱਕ ਡਵੀਜ਼ਨ ਪੱਧਰ 'ਤੇ ਧਰਨੇ ਦਿੱਤੇ ਜਾਣ ਦੀ ਤਿਆਰੀ ਵਿੱਚ ਲਹਿਰਾਗਾਗਾ ਡਵੀਜ਼ਨ ਵਿੱਚ ਪੈਨਸ਼ਨਰਾਂ ਵੱਲੋਂ ਧਰਨਾ ਦਿੱਤਾ ਜਾਵੇਗਾ ਤੇ 21 ਦਸੰਬਰ ਨੂੰ ਪਟਿਆਲਾ ਹੈੱਡ ਆਫਿਸ ਪੀ ਐੱਸ ਪੀ ਸੀ ਐੱਲ ਵਿੱਚ ਧਰਨਾ ਦਿੱਤਾ ਜਾਵੇਗਾ। ਮੀਟਿੰਗ ਵਿੱਚ ਪੈਨਸ਼ਨਰਾਂ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਇਸ ਸੰਘਰਸ਼ ਵਿੱਚ ਵੱਧ ਤੋਂ ਵੱਧ ਪਹੁੰਚਣ ਦੀ ਕੋਸ਼ਿਸ਼ ਕੀਤੀ ਜਾਵੇ।

## ਵਿਧਾਇਕ ਦੀ ਅਗਵਾਈ 'ਚ ਸ਼ਹਿਰ ਦੇ ਵਿਕਾਸ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ : ਰਾਜਪੂਤ



**ਕੋਟ ਈਸੇ ਖਾਂ (ਅਰੋੜਾ)**-ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਅਗਵਾਈ ਹੇਠ ਸ਼ਹਿਰ ਕੋਟ ਈਸੇ ਖਾਂ ਨੂੰ ਸੁੰਦਰ ਬਣਾਉਣ ਤੇ ਸ਼ਹਿਰ ਦੇ ਵਿਕਾਸ ਤੇ ਤਰੱਕੀ ਲਈ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਸ਼ਹਿਰ ਵਾਸੀਆਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਨਗਰ ਪੰਚਾਇਤ ਦੇ ਪ੍ਰਧਾਨ ਛਿੰਦਰ ਕੌਰ ਰਾਜਪੂਤ ਤੇ ਉਨ੍ਹਾਂ ਦੇ ਪਤੀ ਪ੍ਰਕਾਸ਼ ਸਿੰਘ ਰਾਜਪੂਤ ਸੀਨੀ. ਆਪ ਆਗੂ ਨੇ ਪ੍ਰੈੱਸ ਨਾਲ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਜੋ ਵੀ ਮੁੱਦੇ ਹਨ, ਉਹ ਵਿਧਾਇਕ ਲਾਡੀ ਢੋਸ ਦੇ ਧਿਆਨ ਵਿੱਚ ਲਿਆਂਦੇ ਜਾ ਚੁੱਕੇ ਹਨ ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕਰਕੇ ਪੂਰਾ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਲੋਕਾਂ ਨੂੰ ਟ੍ਰੈਫਿਕ ਸਬੰਧੀ, ਵਹੀਕਲ ਪਾਰਕਿੰਗ ਅਤੇ ਆ ਰਹੀਆਂ ਮੁਸ਼ਕਲਾਂ ਦਾ ਹੱਲ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਕੋਈ ਵੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ ਤੇ ਵਿਧਾਇਕ ਲਾਡੀ ਢੋਸ ਦੀ ਅਗਵਾਈ ਹੇਠ ਵਿਕਾਸ ਕੰਮ ਪੂਰੇ ਜ਼ੋਰਾਂ-ਸ਼ੋਰਾਂ ਨਾਲ ਕਰਵਾਏ ਜਾਣਗੇ।

# ਮਹੇਸ਼ਇੰਦਰ ਗਰੇਵਾਲ ਦੇ ਕੋਰ ਕਮੇਟੀ ਮੈਂਬਰ ਬਣਨ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ : ਬੋਪਾਰਾਏ, ਗਿੱਲ

■ **ਹਲਕਾ ਪਾਇਲ ਦੀ ਸਿਆਸਤ ਵੀ ਗਰੇਵਾਲ ਦੀ ਨਿਯੁਕਤੀ ਨਾਲ ਕਰਵਟ ਲਵੇਗੀ : ਸੇਠੀ, ਲੋਪੋ**

**ਦੋਰਾਹਾ (ਹਰਮਿੰਦਰ ਸੇਠ)**-ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਮਹੇਸ਼ਇੰਦਰ ਸਿੰਘ ਗਰੇਵਾਲ ਦੁਆਰਾ ਪਾਰਟੀ ਪ੍ਰਤੀ ਨਿਭਾਈਆਂ ਜਾ ਰਹੀਆਂ ਵਧੀਆ ਸੇਵਾਵਾਂ ਨੂੰ ਦੇਖਦੇ ਹੋਏ ਕੋਰ ਕਮੇਟੀ ਮੈਂਬਰ ਨਿਯੁਕਤ ਕਰਨ ਤੇ ਸਮੁੱਚੇ ਜ਼ਿਲ੍ਹੇ ਸਮੇਤ ਹਲਕਾ ਪਾਇਲ ਅੰਦਰ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਗਰੇਵਾਲ ਦੀ ਨਿਯੁਕਤੀ ਨੇ ਅਕਾਲੀ ਆਗੂਆਂ ਤੇ ਵਰਕਰਾਂ 'ਚ ਬੇਹੱਦ ਜੋਸ਼ ਤੇ ਉਤਸ਼ਾਹ ਭਰ ਦਿੱਤਾ ਹੈ ਅਤੇ ਗਰੇਵਾਲ ਦੀ ਨਿਯੁਕਤੀ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਕੌਮੀ ਮੀਤ ਪ੍ਰਧਾਨ ਇੰਜਨੀਅਰ ਜਗਦੇਵ ਸਿੰਘ ਬੋਪਾਰਾਏ ਤੇ ਸਾਬਕਾ ਕੋਰ ਕਮੇਟੀ ਮੈਂਬਰ ਹਰਜੀਵਨਪਾਲ ਸਿੰਘ ਗਿੱਲ ਦੋਰਾਹਾ ਨੇ ਆਖਿਆ ਕਿ ਗਰੇਵਾਲ ਨੇ ਹਮੇਸ਼ਾ ਹੀ ਪਾਰਟੀ ਵੱਲੋਂ ਮਿਲੀ ਹਰ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਸਿਦਕਦਿਲੀ ਨਾਲ ਨਿਭਾਇਆ ਹੈ ਅਤੇ ਹਮੇਸ਼ਾ ਹੀ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ ਹੈ। ਸਾਬਕਾ ਮੰਤਰੀ ਗਰੇਵਾਲ ਜ਼ਮੀਨੀ ਪੱਧਰ 'ਤੇ ਆਪਣੇ ਵਰਕਰਾਂ ਤੇ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲਾ ਆਗੂ ਹੈ, ਜੋ ਹਮੇਸ਼ਾ ਆਪਣੇ ਵਰਕਰਾਂ ਤੇ ਲੋਕਾਂ ਦੇ ਦੁੱਖ ਸੁੱਖ 'ਚ ਚੱਟਾਨ ਵਾਂਗ ਨਾਲ ਖੜਦਾ ਹੈ। ਸਾਬਕਾ ਚੇਅਰਮੈਨ ਤੇ ਸਰਪੰਚ ਇੰਦਰਜੀਤ ਸਿੰਘ ਲੋਪੋ ਅਤੇ ਸਾਬਕਾ ਕੌਂਸਲਰ ਰਾਜਿੰਦਰ ਸਿੰਘ ਸੇਠੀ ਨੇ ਵੀ ਗਰੇਵਾਲ ਨੂੰ ਮੁਬਾਰਕਵਾਦ ਦਿੰਦਿਆਂ ਤੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਨ੍ਹਾ ਦੀ ਅਗਵਾਈ ਹੇਠ ਅਕਾਲੀ ਦਲ ਪੂਰੇ ਜ਼ਿਲ੍ਹੇ ਅੰਦਰ ਮੁੜ ਮਜ਼ਬੂਤ ਹੋ ਕੇ ਉਭਰੇਗਾ ਤੇ ਅਗਾਮੀ ਚੋਣਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਜਿੱਤ ਹਾਸਲ ਕਰੇਗਾ। ਉਨ੍ਹਾ ਕਿਹਾ ਕਿ ਗਰੇਵਾਲ ਨਿਧੜਕ ਤੇ ਸੁਲਝੇ ਹੋਏ ਸਿਆਸੀ ਆਗੂ ਹੋਣ ਕਰਕੇ ਪਾਰਟੀ ਮਜ਼ਬੂਤੀ ਤੇ ਬੁਲੰਦੀਆਂ ਵੱਲ ਜਾਵੇਗੀ। ਇਸ ਮੌਕੇ ਸੀਨੀਅਰ ਅਕਾਲੀ ਆਗੂ ਵਰਿੰਦਰਜੀਤ ਸਿੰਘ ਵਿੱਕੀ ਬੇਰਕਲਾ, ਚੇਤਨ ਸਿੰਘ ਰਾਮਪੁਰ, ਜਤਿੰਦਰ ਸਿੰਘ ਨੀਟਾ ਰਾਮਪੁਰ ਤੇ ਗੁਰਵੀਰ ਸਿੰਘ ਮਾਂਗਟ ਨੇ ਖੁਸ਼ੀ ਸਾਂਝੀ ਕਰਦਿਆਂ ਨਿਯੁਕਤੀ 'ਤੇ ਉਨ੍ਹਾ ਨੂੰ ਮੁਬਾਰਕਵਾਦ ਦਿੱਤੀ।

# ਮੋਟਰਸਾਈਕਲ ਚੋਰੀ



ਸੀ ਸੀ ਟੀ ਵੀ ਕੈਮਰੇ 'ਚ ਕੈਦ ਹੋਏ ਚੋਰ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)** ਥਾਣਾ ਸਿਟੀ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਅਰਸ਼ਸਦੀਪ ਸਿੰਘ ਪੁੱਤਰ ਕਮੀਰ ਸਿੰਘ ਵਾਸੀ ਚਿਬੜਾਂਵਾਲੀ ਹਾਲ ਅਬਾਦ ਗੁਰੂ ਤੇਗ ਬਹਾਦਰ ਗਲੀ ਨੰਬਰ 1 ਕੋਟਕਪੂਰਾ ਰੋਡ ਨੇ ਦੱਸਿਆ ਕਿ ਉਹ ਬੀਤੀ ਰਾਤ ਆਪਣੇ ਕਾਲੇ ਰੰਗ ਦੇ ਸਪਲੈਂਡਰ ਮੋਟਰਸਾਇਕਲ 'ਤੇ ਰਿਲਾਇੰਸ ਟ੍ਰੈਂਡਸ ਨੇੜੇ ਕੋਈ ਕੰਮ ਗਿਆ ਸੀ, ਪਰ ਉੱਥੋਂ ਕੋਈ ਉਸ ਦਾ ਮੋਟਰਸਾਈਕਲ ਚੋਰੀ ਕਰ ਲੈ ਗਿਆ। ਜਾਂਚ ਦੌਰਾਨ ਸੀਸੀਟੀਵੀ 'ਚ ਜਦੋਂ ਦੇਖਿਆ ਤਾਂ ਦੋ ਨੌਜਵਾਨ ਇੱਕ ਮੋਟਰਸਾਇਕਲ 'ਤੇ ਆਉਂਦੇ ਹਨ, ਜਿਨ੍ਹਾਂ 'ਚੋਂ ਇੱਕ ਉਸ ਦਾ ਮੋਟਰਸਾਈਕਲ ਚੋਰੀ ਕਰਕੇ ਤੇ ਦੂਜਾ ਜਿਸ ਮੋਟਰਸਾਇਕਲ 'ਤੇ ਆਇਆ ਸੀ, ਉਸ ਨੂੰ ਵਾਪਸ ਨਾਲ ਲੈ ਕੇ ਜਾਂਦਾ ਨਜ਼ਰ ਆ ਰਿਹਾ ਹੈ।

ਅਰਸ਼ਦੀਪ ਨੇ ਪੁਲਸ ਪ੍ਰਸ਼ਾਸਨ ਤੋਂ ਚੋਰਾਂ ਨੂੰ ਕਾਬੂ ਕਰਕੇ ਮੋਟਰਸਾਇਕਲ ਦੁਆਉਣ ਦੀ ਮੰਗ ਕੀਤੀ ਹੈ।

# ਮਾਤਾ ਮਾਇਆ ਕੌਰ ਯਾਦਗਾਰੀ ਖ਼ੂਨਦਾਨ ਕੈਂਪ ਲਗਾਇਆ

■ **ਖ਼ੂਨ ਦਾਨ ਮਾਨਵਤਾ ਦੀ ਭਲਾਈ ਲਈ ਸਭ ਤੋਂ ਉੱਤਮ ਕਾਰਜ : ਨਮਨ ਮੜਕਣ**



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਗਰੀਨ ਸਿਟੀ ਕਲੋਨੀ ਪ੍ਰਧਾਨ ਤੇ ਉੱਘੀ ਸਮਾਜ ਸੇਵੀ ਸ਼ਖ਼ਸੀਅਤ ਜਗਤਾਰ ਸਿੰਘ ਮਣਕੂ, ਮਾਸਟਰ ਨਵਦੀਪ ਸਿੰਘ, ਅਮਨਦੀਪ ਸਿੰਘ ਤੇ ਨਿਰਮਲ ਸਿੰਘ ਵੱਲੋਂ ਸ਼੍ਰੀ ਸਨਾਤਨ ਧਰਮ ਮਹਾਂਵੀਰ ਦਲ ਪੰਜਾਬ ਦੇ ਸਹਿਯੋਗ ਨਾਲ ਮਾਤਾ ਸਵ. ਮਾਇਆ ਕੌਰ ਦੀ ਯਾਦ ਨੂੰ ਸਮਰਪਤ ਥੈਲਾਸੀਮੀਆ ਪੀੜਤ ਬੱਚਿਆਂ ਲਈ ਵਿਸ਼ਾਲ ਖ਼ੂਨਦਾਨ ਕੈਂਪ ਸਥਾਨਕ ਗ੍ਰੀਨ ਸਿਟੀ ਕਲੋਨੀ ਵਿਖੇ ਅਯੋਜਿਤ ਕੀਤਾ ਗਿਆ, ਜਿੱਥੇ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਨ ਲਈ ਮੁੱਖ ਮਹਿਮਾਨ ਵਜੋਂ ਨਗਰ ਨਿਗਮ ਪਟਿਆਲਾ ਦੇ ਜੁਆਇੰਟ ਕਮਿਸ਼ਨਰ ਨਮਨ ਮੜਕਣ ਨੇ ਸ਼ਿਰਕਤ ਕੀਤੀ ਤੇ ਉਨ੍ਹਾਂ ਲੋਕਾਂ ਨੂੰ ਖ਼ੂਨ ਦਾਨ ਦੀ ਮਹੱਤਤਾ ਤੇ ਖ਼ੂਨ ਦਾਨ ਕਰਨ ਪ੍ਰਤੀ ਜਾਗਰੂਕ ਕਰਨ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਖ਼ੂਨ ਦਾਨ ਕਰਨਾ ਸਮਾਜ ਸੇਵਾ ਦਾ ਸਭ ਤੋਂ ਉੱਤਮ ਕਾਰਜ ਹੈ, ਕਿਉਂਕਿ ਸਾਡੇ ਦੁਆਰਾ ਦਿੱਤੇ ਖ਼ੂਨ ਦਾ ਕਤਰਾ ਕਤਰਾ ਕਿਸੇ ਵੀ ਲੋੜਮੰਦ ਨੂੰ ਜੀਵਨ ਦਾਨ ਦੇ ਸਕਦਾ ਹੈ ਅਤੇ ਸਾਨੂੰ ਇਸ ਸ਼ੁੱਭ ਕਾਰਜ ਵਿੱਚ ਕਦੇ ਵੀ ਪਿੱਛੇ ਨਹੀਂ ਰਹਿਣਾ ਚਾਹੀਦਾ। ਇਸ ਮੌਕੇ ਕਲੋਨੀ ਪ੍ਰਧਾਨ ਜਗਤਾਰ ਸਿੰਘ ਮਣਕੂ ਤੇ ਪਟਿਆਲਾ ਥੈਲਾਸੀਮੀਆ ਚਿਲਡਰਨ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਵਿਜੇ ਪਾਹਵਾ ਨੇ ਕਿਹਾ ਕਿ ਮਨੁੱਖਤਾ ਲਈ ਖ਼ੂਨ ਦਾਨ ਤੋਂ ਵੱਡੀ ਹੋਰ ਕੋਈ ਸੇਵਾ ਨਹੀਂ ਹੋ ਸਕਦੀ ਤੇ ਸਾਡੇ ਵੱਲੋਂ ਕੀਤੇ ਖ਼ੂਨ ਦਾਨ ਨਾਲ ਅਨੇਕਾਂ ਜ਼ਿੰਦਗੀਆਂ ਅਣਿਆਈ ਮੌਤ ਤੋਂ ਬਚਾਈਆਂ ਜਾ ਸਕਣਗੀਆਂ ਅਤੇ ਸਾਨੂੰ ਹਮੇਸ਼ਾ ਹੀ ਮਾਨਵਤਾ ਦੀ ਭਲਾਈ ਲਈ ਅਜਿਹੇ ਖ਼ੂਨਦਾਨ ਕੈਂਪਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ ਸ਼੍ਰੀ ਸਨਾਤਨ ਧਰਮ ਮਹਾਂਵੀਰ ਦਲ ਪੰਜਾਬ ਦੇ ਪ੍ਰਧਾਨ ਜਤਿੰਦਰ ਗਰਗ ਤੇ ਖਜ਼ਾਨਚੀ ਰਜਤ ਗੋਇਲ ਨੇ ਕਿਹਾ ਕਿ ਖ਼ੂਨ ਤੋਂ ਬਿਨਾਂ ਜ਼ਿੰਦਗੀ ਨਾ-ਮੁਮਕਿਨ ਹੈ ਤੇ ਇਹ ਇੱਕ ਅਜਿਹੀ ਚੀਜ਼ ਹੈ, ਜੋ ਪ੍ਰਯੋਗਸ਼ਾਲਾ ਵਿੱਚ ਬਣਾਈ ਨਹੀਂ ਜਾ ਸਕਦੀ। ਉਨ੍ਹਾਂ ਸਮਾਜ, ਖਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਖ਼ੂਨ ਦਾਨ ਲਈ ਹਮੇਸ਼ਾ ਤੱਤਪਰ ਰਹਿਣ ਤਾਂ ਜੋ ਲੋੜ ਪੈਣ 'ਤੇ ਅਨਮੋਲ ਜ਼ਿੰਦਗੀਆਂ ਬਚਾਈਆਂ ਜਾ ਸਕਣ। ਇਸ ਕੈਂਪ ਦੌਰਾਨ ਰਜਿੰਦਰਾ ਹਸਪਤਾਲ ਪਟਿਆਲਾ ਦੀ ਬਲੱਡ ਬੈਂਕ ਟੀਮ ਵੱਲੋਂ 52 ਯੂਨਿਟ ਖ਼ੂਨ ਇਕਤ੍ਰਿਤ ਕੀਤਾ ਗਿਆ। ਇਸ ਮੌਕੇ ਜਗਤਾਰ ਮਣਕੂ, ਨਵਦੀਪ ਸਿੰਘ, ਹਰਸ਼ ਵਿਰਕ, ਜਤਿੰਦਰ ਗਰਗ, ਕ੍ਰਿਸ਼ਨ ਵੋਹਰਾ, ਰਜਤ ਗੋਇਲ, ਸੰਜੀਵ ਸੰਜੂ, ਗੌਰਵ ਗੌਰੀ, ਰੂਬਲ ਜੌੜਾਮਾਜਰਾ, ਕਰਨੈਲ ਸਿੰਘ, ਬੌਬੀ ਆਦਿ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਨ ਉਪਰੰਤ ਖ਼ੂਨਦਾਨੀਆਂ ਨੂੰ ਯਾਦਗਾਰੀ ਚਿੰਨ੍ਹ ਤੇ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਇਸ ਮੌਕੇ ਸੀਨੀਅਰ ਆਪ ਆਗੂ ਕੁਲਦੀਪ ਸਿੰਘ ਵਿਰਕ, ਸਰਬਜੀਤ ਸਿੰਘ ਢੈਂਠਲ, ਹਰਜੀਤ ਸਿੰਘ, ਅੰਗਰੇਜ ਸਿੰਘ ਭੁੱਲਰ, ਰਿੰਕੂ ਭਾਰਤਵਾਜ, ਧਰਮਪਾਲ ਜੋਸ਼ੀ, ਮਾਸਟਰ ਜਸਵਿੰਦਰ ਸਿੰਘ, ਕੁਲਦੀਪ ਸਿੰਘ, ਹਰਦੇਵ ਸਿੰਘ, ਨਿਰਵੈਰ ਸਿੰਘ, ਮਾਸਟਰ ਹਰਵਿੰਦਰ ਸਿੰਘ ਆਦਿ ਸ਼ਹਿਰ ਦੇ ਪਤਵੰਤੇ ਮੌਜੂਦ ਸਨ।

# ਪਵਨ ਸੇਵਾ ਸੰਮਤੀ ਸਕੂਲ 'ਚ ਅੰਤਰਰਾਸ਼ਟਰੀ ਦਿਵਿਆਂਗ ਦਿਵਸ ਮਨਾਇਆ



**ਬਰਨਾਲਾ (ਰਜਿੰਦਰ ਬਰਾੜ/ਅਸ਼ੋਕ ਟੋਨੀ)**

ਵਿਸ਼ੇਸ਼ ਬੱਚਿਆਂ ਲਈ ਚਲਾਏ ਜਾ ਰਹੇ ਪਵਨ ਸੇਵਾ ਸੰਮਤੀ ਸਕੂਲ ਬਰਨਾਲਾ ਵਿਖੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ 'ਦਿਵਿਆਂਗ ਵਿਅਕਤੀਆਂ ਲਈ ਅੰਤਰਰਾਸ਼ਟਰੀ ਦਿਵਸ' ਸਬੰਧੀ ਸਮਾਗਮ ਕਰਾਇਆ ਗਿਆ।

ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਡਾ. ਤੇਆਵਾਸਪ੍ਰੀਤ ਕੌਰ ਨੇ ਕਿਹਾ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚੇ ਸਚਮੁੱਚ ਆਪਣੇ ਹੁਨਰ ਕਰਕੇ ਵਿਸ਼ੇਸ਼ ਹੁੰਦੇ ਹਨ। ਪ੍ਰਿੰਸੀਪਲ ਦੀਪਤੀ ਸ਼ਰਮਾ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਵਿਸ਼ੇਸ਼ ਬੱਚਿਆਂ ਦੇ ਡਰਾਇੰਗ ਮੁਕਾਬਲੇ ਕਰਾਏ ਗਏ ਤੇ ਬੱਚਿਆਂ ਵੱਲੋਂ ਪੇਸ਼ਕਾਰੀਆਂ ਵੀ ਦਿੱਤੀਆਂ ਗਈਆਂ। ਡਾ. ਤੇਆਵਾਸਪ੍ਰੀਤ ਕੌਰ ਨੇ ਬੱਚਿਆਂ ਨੂੰ ਕੰਬਲ ਤੇ ਮਠਿਆਈ ਵੰਡੀ। ਟਰਾਈਡੈਂਟ ਗਰੁੱਪ ਤੋਂ ਰਵਨੀਤ ਕੌਰ ਤੇ ਰੁਪਿੰਦਰ ਕੌਰ ਵੱਲੋਂ ਵੀ ਬੱਚਿਆਂ ਨੂੰ ਤੋਹਫੇ ਦਿੱਤੇ ਗਏ।

ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਵਾਈਸ ਪ੍ਰਧਾਨ ਪ੍ਰਵੀਨ ਸਿੰਗਲਾ, ਜਨਰਲ ਸਕੱਤਰ ਵਰੁਣ ਵੱਤਾ, ਗੋਪਾਲ ਸਿੰਘ, ਮਨੀਸ਼ ਗਰਗ, ਐਡਵੋਕੇਟ ਦੀਪਕ ਰਾਏ ਜਿੰਦਲ, ਚੇਤਨ ਸ਼ਰਮਾ ਤੇ ਰਜਿੰਦਰ ਪ੍ਰਸਾਦ ਆਦਿ ਹਾਜ਼ਰ ਸਨ।

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਕਕਰਾਲਾ 'ਚ ਨਾਟਕ



**ਨਾਭਾ (ਵਰਿੰਦਰ ਵਰਮਾ)**-ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਬੀਤੀ ਰਾਤ ਮਜ਼ਦੂਰ ਦੀ ਜ਼ਿੰਦਗੀ 'ਤੇ ਆਧਾਰਤ ਡਾ. ਸਾਹਿਬ ਸਿੰਘ ਦਾ ਨਾਟਕ ਲੱਛੂ ਕਬਾੜੀਆ ਖੇਡਿਆ ਗਿਆ, ਜਿਸ ਵਿਚ ਮਜ਼ਦੂਰਾਂ ਤੇ ਕਿਸਾਨਾਂ ਦੀ ਸਾਂਝ ਦਾ ਸੁਨੇਹਾ ਦਿੱਤਾ ਗਿਆ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਜ਼ੋਨਲ ਆਗੂ ਧਰਮਵੀਰ ਹਰੀਗੜ੍ਹ, ਇਕਾਈ ਆਗੂ ਸੰਦੀਪ ਕੌਰ, ਕਿਰਨਪਾਲ ਸਿੰਘ ਤੇ ਜਗਜੀਤ ਸਿੰਘ ਨੇ ਕਿਹਾ ਕਿ ਸਾਡੇ ਦੇਸ਼ ਦੀਆਂ ਹਾਕਮ ਧਿਰਾਂ ਵੱਲੋਂ ਵਿਸ਼ਵ ਗੁਰੂ ਹੋਣ ਦਾ ਢਿੰਡੋਰਾ ਪਿੱਟਿਆ ਜਾ ਰਿਹਾ ਹੈ, ਪਰ ਸਾਡੇ ਦੇਸ ਦੇ ਅੰਦਰ ਜਾਤੀ ਵਿਤਕਰੇਬਜ਼ਜੀ, ਬੇਰੁਜ਼ਗਾਰੀ ਤੇ ਭੁੱਖਮਰੀ ਸਿਖਰ ਛੂਹ ਰਹੀ ਹੈ, ਜਿਸ ਦਾ ਸ਼ਿਕਾਰ ਦਲਿਤ ਮਜ਼ਦੂਰ ਸਭ ਤੋਂ ਵੱਡੇ ਪੱਧਰ 'ਤੇ ਹੋ ਰਹੇ ਹਨ। ਜਿਨ੍ਹਾਂ ਦੀ ਗੱਲ ਡਾ. ਸਾਹਿਬ ਸਿੰਘ ਆਪਣੇ ਨਾਟਕ ਲੱਛੂ ਕਬਾੜੀਆ ਵਿੱਚ ਕਰਦਾ। ਜਿੱਥੇ ਇਹ ਨਾਟਕ ਗਰੀਬ ਬੇਜ਼ਮੀਨੇ ਦਲਿਤ ਮਜ਼ਦੂਰਾਂ ਦੇ ਦੁੱਖਾਂ ਦਰਦਾਂ ਦੀ ਬਾਤ ਪਾਉਂਦਾ ਹੈ, ਉੱਥੇ ਮਜ਼ਦੂਰਾਂ ਨੂੰ ਆਪਣੀ ਗੁਰਬਤ ਭਰੀ ਜ਼ਿੰਦਗੀ ਨੂੰ ਬਦਲਣ ਲਈ ਤੇ ਆਪਣੇ ਬਣਦੇ ਹੱਕ ਲੈਣ ਲਈ ਜਥੇਬੰਦ ਹੋ ਕੇ ਸੰਘਰਸ਼ ਦੇ ਮੈਦਾਨ ਵਿੱਚ ਨਿੱਤਰਣ ਲਈ ਪ੍ਰੇਰਦਾ ਹੈ ਅਤੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਆਪਸੀ ਸਾਂਝ ਮਜ਼ਬੂਤ ਕਰਨ ਦਾ ਸੱਦਾ ਦਿੰਦਾ ਹੈ। ਇਸ ਮੌਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਆਗੂ ਬਿੱਕਰ ਸਿੰਘ ਹਥੋਆ ਤੇ ਪੈਪਸੀਕੋ ਵਰਕਰਜ਼ ਯੂਨੀਅਨ ਦੇ ਪ੍ਰਧਾਨ ਕ੍ਰਿਸ਼ਨ ਭੜੋ ਵੱਲੋਂ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਭਗਵੰਤ ਮਾਨ ਦੀ ਸਰਕਾਰ ਵੱਲੋਂ ਮਜ਼ਦੂਰਾਂ ਨਾਲ ਕੀਤੀ ਜਾ ਰਹੀ ਵਿਤਕਰੇਬਾਜ਼ੀ ਤੇ ਆਪਣੀਆਂ ਮੰਗਾਂ ਦਾ ਹੱਲ ਕਰਾਉਣ ਲਈ ਭਗਵੰਤ ਮਾਨ ਦੀ ਕੋਠੀ ਅੱਗੇ ਪਹੁੰਚੇ ਮਜ਼ਦੂਰਾਂ ਉੱਪਰ ਵਹਿਸ਼ੀਆਨਾਂ ਤਰੀਕੇ ਨਾਲ ਕੀਤੇ ਲਾਠੀਚਾਰਜ ਦੀ ਸਖਤ ਨਿੰਦਾ ਕੀਤੀ। ਇਸ ਮੌਕੇ ਉਪਰੋਕਤ ਤੋਂ ਇਲਾਵਾ ਕੁਲਦੀਪ ਸਿੰਘ ਕਕਰਾਲਾ, ਸੀਤਾ ਸਿੰਘ ਕਕਰਾਲਾ, ਮਨੀ ਮੱਲ੍ਹੇਵਾਲ, ਦਵਿੰਦਰ ਸਿੰਘ, ਮੱਖਣ ਸਿੰਘ ਤੇ ਪਿੰਡ ਦੇ ਹੋਰ ਇਕਾਈ ਸ਼ਾਮਲ ਰਹੇ।

# ਮਾਣ ਪੰਜਾਬੀਆਂ ਤੇ ਅੰਤਰ-ਰਾਸ਼ਟਰੀ ਸਾਹਿਤਕ ਮੰਚ ਯੂ ਕੇ ਵੱਲੋਂ ਕਵੀ ਦਰਬਾਰ

**ਮਾਨਸਾ (ਆਤਮਾ ਸਿੰਘ ਪਮਾਰ)**

ਸ੍ਰ. ਲਖਵਿੰਦਰ ਸਿੰਘ ਲੱਖਾ ਸਲੇਮਪੁਰੀ ਚੇਅਰਮੈਨ 'ਮਾਣ ਪੰਜਾਬੀਆਂ ਤੇ ਅੰਤਰ-ਰਾਸ਼ਟਰੀ ਸਾਹਿਤਕ ਮੰਚ' ਦੀ ਰਹਿਨੁਮਾਈ ਹੇਠ ਪੰਜਾਬੀ ਮਾਂ ਬੋਲੀ ਨੂੰ ਸਮਰਪਤ ਵਿਸ਼ਾਲ ਕਾਵਿ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਦੇਸ਼, ਵਿਦੇਸ਼ ਤੋਂ ਕਵੀਆਂ/ਕਵਿੱਤਰੀਆਂ ਨੇ ਇਸ ਕਾਵਿ ਗੋਸ਼ਟੀ ਵਿੱਚ ਹਿੱਸਾ ਲਿਆ। ਚੇਅਰਮੈਨ ਸਾਹਿਬ ਨੇ ਮੁੱਖ ਮਹਿਮਾਨ ਸਮੇਤ ਸਾਰੇ ਲੇਖਕਾਂ ਤੇ ਆਨਲਾਈਨ ਜੁੜੇ ਦਰਸ਼ਕਾਂ ਨੂੰ ਜੀ ਆਇਆਂ ਕਿਹਾ ਤੇ ਸਭ ਦਾ ਸਵਾਗਤ ਕਰਦੇ ਹੋਏ ਇਹ ਸ਼ਿਅਰ 'ਬਹੁਤ ਚੰਗਾ ਲੱਗਦਾ ਜਦ ਕੋਈ, ਉੱਚੀ ਭਰੇ ਉਡਾਣ। ਸ਼ਾਇਦ ਉਸ ਦੇ ਕਰਕੇ ਬਣ ਜਾਏ, ਮੇਰੀ ਵੀ ਪਹਿਚਾਣ। ਦਿੰਦਾ ਹੱਲਾਸ਼ੇਰੀ ਸਭ ਨੂੰ, ਵੱਧ ਚੜ੍ਹ 'ਸਲੇਮਪੁਰੀ', ਵੇਖ ਬੁਲੰਦੀ ਦੂਜਿਆਂ ਦੀ, ਜਾ ਬੈਠੀਏ ਨਾ ਜੀਰਾਣ।' ਪੜ੍ਹ ਕੇ ਕਾਵਿ ਗੋਸ਼ਟੀ ਦਾ ਆਗਾਜ਼ ਕੀਤਾ। ਡਾ. ਆਤਮਾ ਸਿੰਘ ਗਿੱਲ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਮੂਲੀਅਤ ਕੀਤੀ ਤੇ ਸ੍ਰ. ਸਰਦੂਲ ਸਿੰਘ ਭੱਲਾ ਨੇ ਪ੍ਰਧਾਨਗੀ ਕੀਤੀ। ਲਖਵਿੰਦਰ ਸਿੰਘ ਲੱਖਾ ਸਲੇਮਪੁਰੀ ਦੀ ਅਣਥੱਕ ਮਿਹਨਤ ਤੇ ਮਾਂ ਬੋਲੀ ਪੰਜਾਬੀ ਲਈ ਅਥਾਹ ਪ੍ਰੇਮ ਸਦਕਾ ਇਹ ਸਾਹਿਤਕ ਮੰਚ ਬੁਲੰਦੀਆਂ ਨੂੰ ਛੂਹ ਰਿਹਾ ਹੈ। ਮਨਪ੍ਰੀਤ ਕੌਰ ਸੰਧੂ ਮੁੰਬਈ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ। ਬਹੁਤ ਸੁਹਣੇ ਤੇ ਪ੍ਰਭਾਵਸ਼ਾਲੀ ਰੂਪ ਵਿੱਚ ਹਰ ਲੇਖਕ ਨੂੰ ਆਪਣੀ ਕਵਿਤਾ ਪੇਸ਼ ਕਰਨ ਲਈ ਕਿਹਾ। ਸਭ ਦੀਆਂ ਕਵਿਤਾਵਾਂ ਬਹੁਤ ਹੀ ਖੂਬਸੂਰਤ ਸਨ, ਜਿਨ੍ਹਾਂ ਦੀ ਸਾਰੀ ਪ੍ਰਬੰਧਕੀ ਟੀਮ ਨੇ ਬਹੁਤ ਸਰਾਹਣਾ ਕੀਤੀ। ਮੁੱਖ ਮਹਿਮਾਨ ਡਾ. ਆਤਮਾ ਸਿੰਘ ਗਿੱਲ ਨੇ ਆਪਣੇ ਅਣਮੁੱਲੇ ਵਿਚਾਰ ਪੇਸ਼ ਕਰਦਿਆਂ ਪੰਜਾਬੀ ਮਾਂ ਬੋਲੀ ਦੀ ਦਿਲੋਂ ਸੇਵਾ ਕਰ ਰਹੇ ਸਭ ਅਦਾਰਿਆਂ ਦੀ ਪ੍ਰਸੰਸਾ ਕੀਤੀ ਤੇ ਵਧਾਈਆਂ ਦਿੱਤੀਆਂ, ਨਾਲ ਹੀ ਆਪਣੀਆਂ ਬਹੁਤ ਖ਼ੂਬਸੂਰਤ ਰਚਨਾਵਾਂ ਸੁਣਾ ਕੇ ਸਭਨਾਂ ਦਾ ਮਨ ਮੋਹ ਲਿਆ। ਪ੍ਰੋ. ਦਵਿੰਦਰ ਕੌਰ ਖੁਸ਼ ਧਾਲੀਵਾਲ ਨੇ ਲਾਈਵ ਇੰਚਾਰਜ ਦੀ ਸੇਵਾ ਨਿਭਾਈ।

ਕਵੀਆਂ ਵਿੱਚ ਪ੍ਰਬੰਧਕ ਹਰਬੰਸ ਕੌਰ ਧਾਲੀਵਾਲ, ਗੁਰਮੇਲ ਸਿੰਘ ਭੁੱਲਰ, ਪ੍ਰਗਟ ਸਿੰਘ ਗਿੱਲ, ਡਾ. ਸਿਮਰਤ ਸੁਮੇਰਾ, ਵਿਜੇ ਕੁਮਾਰ ਦੁੱਗਰੀ, ਰਾਜਵਿੰਦਰ ਕੌਰ ਬਟਾਲਾ, ਸੁਖਜੀਤ ਕੌਰ ਸੰਗਰੂਰ, ਅੰਜੂ ਵੀ ਰੱਤੀ, ਪ੍ਰੋ. ਦਵਿੰਦਰ ਖੁਸ਼ ਧਾਲੀਵਾਲ, ਲਖਵਿੰਦਰ ਸਿੰਘ ਲੱਖਾ ਤੇ ਅਖ਼ੀਰ ਪ੍ਰਧਾਨ ਸਰਦੂਲ ਸਿੰਘ ਭੱਲਾ ਨੇ ਹਾਜ਼ਰੀ ਭਰ ਕੇ ਸਾਰਿਆਂ ਦੇ ਮਨਾਂ ਨੂੰ ਮੋਹ ਲਿਆ। ਕਿਸੇ ਕਾਰਨ ਮੰਚ ਦੇ ਡਿਪਟੀ ਚੇਅਰਪਰਸਨ ਡਾ. ਇੰਦਰਪਾਲ ਕੌਰ, ਚਰਨ ਪੁਆਧੀ ਤੇ ਸਰਬਜੀਤ ਸਿੰਘ ਨਾਗਰਾ ਸੰਮੇਲਨ 'ਚ ਹਾਜ਼ਰ ਨਹੀਂ ਹੋ ਸਕੇ। ਅੰਤ 'ਤੇ ਲਖਵਿੰਦਰ ਸਿੰਘ ਲੱਖਾ ਚੇਅਰਮੈਨ ਨੇ ਕਾਵਿ ਗੋਸ਼ਟੀ ਨੂੰ ਸਫਲ ਬਣਾਉਣ ਲਈ ਸਭ ਦਾ ਧੰਨਵਾਦ ਕੀਤਾ। ਸਮੁੱਚੇ ਰੂਪ ਵਿੱਚ ਕਵੀ ਦਰਬਾਰ ਬਹੁਤ ਹੀ ਵਧੀਆ ਹੋ ਨਿੱਬੜਿਆ।

# ਸੰਤ ਨਿਰੰਕਾਰੀ ਭਵਨ ਵਿਖੇ 'ਖਿਮਾ ਯਾਚਨਾ ਦਿਵਸ' ਮਨਾਇਆ




**ਸਮਾਣਾ (ਇਕਬਾਲ ਸਿੰਘ ਬੱਲ)**-ਸੰਤ ਨਿਰੰਕਾਰੀ ਸੇਵਾਦਲ ਸਮਾਣਾ ਯੂਨਿਟ ਨੰਬਰ 190 ਨੇ ਅੱਜ ਕਰਮਜੀਤ ਸਿੰਘ ਮੁਖੀ ਬ੍ਰਾਂਚ ਭਾਦਸੋਂ ਦੀ ਪ੍ਰਧਾਨਗੀ ਹੇਠ ਸੇਵਾਦਲ ਪਟਿਆਲਾ ਖੇਤਰ ਦੇ ਖੇਤਰੀ ਸੰਚਾਲਕ ਮਨਮੋਹਨ ਸਿੰਘ ਦੀ ਰਹਿਨੁਮਾਈ ਹੇਠ ਸੰਤ ਨਿਰੰਕਾਰੀ ਸਤਿਸੰਗ ਭਵਨ ਸਮਾਣਾ ਵਿਖੇ 'ਖਿਮਾ ਯਾਚਨਾ ਦਿਵਸ' ਮਨਾਇਆ ਗਿਆ। ਇਹ ਦਿਨ ਹਰ ਸਾਲ ਅੰਤਰਰਾਸ਼ਟਰੀ ਸਾਲਾਨਾ ਸਮਾਗਮ ਦੀ ਸਫਲਤਾ ਪੂਰਵਕ ਸੰਪੰਨਤਾ ਉਪਰੰਤ ਵਿਸ਼ਵ ਦੇ ਹਰ ਨਿਰੰਕਾਰੀ ਭਵਨ ਵਿਖੇ ਨਿਰੰਕਾਰੀ ਸੇਵਾਦਲ ਵੱਲੋਂ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਨਿਰੰਕਾਰੀ ਸੇਵਾਦਲ ਵੱਲੋਂ ਸਾਰਾ ਸਾਲ ਸੇਵਾ ਕਰਦਿਆਂ ਜਾਣੇ ਅਣਜਾਣੇ ਹੋਈਆਂ ਗਲਤੀਆਂ ਭੁੱਲਾਂ-ਚੁੱਕਾਂ ਲਈ ਸਤਿਗੁਰੂ ਅਤੇ ਸਾਧ ਸੰਗਤ ਪਾਸੋਂ ਖਿਮਾਂ ਯਾਚਨਾ ਕੀਤੀ ਜਾਂਦੀ ਹੈ, ਸਾਰਾ ਸਾਲ ਸੇਵਾ ਕਰਦਿਆਂ ਹੋਈਆਂ ਭੁੱਲਾਂ ਲਈ ਮੁਆਫੀ ਮੰਗੀ ਜਾਂਦੀ ਹੈ ਤੇ ਸਤਿਗੁਰੂ ਅਤੇ ਨਿਰੰਕਾਰ ਦੇ ਚਰਨਾਂ ਵਿੱਚ ਅਰਦਾਸ ਕੀਤੀ ਜਾਂਦੀ ਹੈ ਕਿ ਅੱਗੇ ਤੋਂ ਸੇਵਾ ਕਰਦਿਆਂ ਕੋਈ ਗਲਤੀ ਜਾਂ ਕੋਈ ਭੁੱਲ ਚੁੱਕ ਨਾ ਹੋਵੇ। ਇਸ ਮੌਕੇ ਸੇਵਾਦਲ ਪਟਿਆਲਾ ਖੇਤਰ ਦੇ ਖੇਤਰੀ ਸੰਚਾਲਕ ਮਨਮੋਹਨ ਸਿੰਘ ਨੇ ਦੱਸਿਆ ਕਿ 75ਵੇਂ ਅੰਤਰਰਾਸ਼ਟਰੀ ਸਾਲਾਨਾ ਸੰਤ ਸਮਾਗਮ ਦੀ ਸਫਲਤਾ ਪੂਰਵਕ ਸੰਪੰਨਤਾ ਉਪਰੰਤ ਸੇਵਾਦਲ ਸੰਤ ਨਿਰੰਕਾਰੀ ਮੰਡਲ ਬ੍ਰਾਂਚ ਸਮਾਣਾ ਵੱਲੋਂ ਅੱਜ 'ਖਿਮਾ ਯਾਚਨਾ ਦਿਵਸ' ਮਨਾਇਆ ਗਿਆ ਹੈ। ਕਰਮਜੀਤ ਸਿੰਘ ਮੁਖੀ ਬ੍ਰਾਂਚ ਭਾਦਸੋਂ ਨੇ ਸਤਿਗੁਰੂ ਦੇ ਅਸ਼ੀਰਵਾਦ ਪ੍ਰਦਾਨ ਕਰਦਿਆਂ ਕਿਹਾ ਕਿ ਸੇਵਾ ਕਰਨਾ ਸਭ ਕੰਮਾਂ ਵਿੱਚੋਂ ਚੰਗਾ ਕਰਮ ਹੈ। ਸੇਵਾ ਕਰਨ ਨਾਲ ਦੁੱਖ ਦਲਿੱਦਰ ਦੂਰ ਚਲੇ ਜਾਂਦੇ ਹਨ, ਸਰੀਰ ਨਿਰੋਗ ਤੇ ਤੰਦਰੁਸਤ ਬਣਿਆ ਰਹਿੰਦਾ ਹੈ, ਜੀਵਨ ਵਿੱਚ ਖੁਸ਼ਹਾਲੀ ਆ ਜਾਂਦੀ ਹੈ। ਇਸ ਮੌਕੇ ਸੇਵਾ ਦਲ ਅਧਿਕਾਰੀ ਤੇ ਸਮਾਣਾ ਬ੍ਰਾਂਚ ਦਾ ਸਾਰਾ ਸੇਵਦਲ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

CMYK

ਮੰਗਲਵਾਰ, 6 ਦਸੰਬਰ, 2022
21 ਮੱਘਰ { ਨਾਨਕਸ਼ਾਹੀ 554, ਬਿਕਰਮੀ 2079 }
ਜਿਲਦ/VOL. : 71
ਅੰਕ/NO. : 186

# ਨਵਾਂ ਜ਼ਮਾਨਾ

DAILY NAWAN ZAMANA • TUESDAY, 6 DECEMBER, 2022
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in

## ਰਿਸਕੀ



ਅਭਿਸ਼ੇਕ ਥਾਪਾ ਵੱਲੋਂ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਇਸ ਤਸਵੀਰ ਵਿਚ ਚੰਡੀਗੜ੍ਹ 'ਚ ਪਿਤਾ ਸਕੂਟਰ ਦੇ ਪਿੱਛੇ ਸੁੱਤੇ ਪਏ ਬੱਚੇ ਨੂੰ ਸੰਭਾਲ ਕੇ ਲਿਜਾਂਦਾ ਨਜ਼ਰ ਆ ਰਿਹਾ ਹੈ। ਕੁਝ ਲੋਕਾਂ ਨੇ ਕੁਮੈਂਟ ਕੀਤੇ ਹਨ ਕਿ ਪਿਤਾ ਨਾਲ ਹੈ ਤਾਂ ਕੋਈ ਚਿੰਤਾ ਨਹੀਂ, ਪਰ ਕੁਝ ਨੇ ਖਬਰਦਾਰ ਕੀਤਾ ਹੈ ਕਿ ਇਹ ਸਿਆਣਪ ਵਾਲੀ ਗੱਲ ਨਹੀਂ, ਇਹ ਰਿਸਕੀ ਹੈ।

## ਧੀ ਨੇ ਦਿੱਤੀ ਨਵੀਂ ਜ਼ਿੰਦਗੀ



**ਸਿੰਘਾਪੁਰ** : ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਦਾ ਸਿੰਗਾਪੁਰ 'ਚ ਗੁਰਦਾ ਬਦਲੀ ਦਾ ਅਪਰੇਸ਼ਨ ਸਫਲ ਰਿਹਾ ਹੈ। ਬਿਹਾਰ ਦੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੇ ਕਿਹਾ ਕਿ ਉਨ੍ਹਾ ਦੇ ਪਿਤਾ ਤੇ ਵੱਡੀ ਭੈਣ ਰੋਹਿਨੀ ਅਚਾਰੀਆ ਦੀ ਹਾਲਤ ਠੀਕ ਹੈ। ਰੋਹਿਨੀ ਨੇ 74 ਸਾਲਾ ਆਗੂ ਨੂੰ ਆਪਣਾ ਇਕ ਗੁਰਦਾ ਦਿੱਤਾ ਹੈ।

## ਫਾਰੂਕ ਹੀ ਪ੍ਰਧਾਨ



**ਸ੍ਰੀਨਗਰ** : ਫਾਰੂਕ ਅਬਦੁੱਲਾ ਨੈਸ਼ਨਲ ਕਾਨਫਰੰਸ ਦੇ ਮੁੜ ਪ੍ਰਧਾਨ ਚੁਣੇ ਗਏ ਹਨ। 85 ਸਾਲਾ ਆਗੂ ਨੂੰ ਨਸੀਮ ਬਾਗ 'ਚ ਪਾਰਟੀ ਦੇ ਬਾਨੀ ਸ਼ੇਖ ਮੁਹੰਮਦ ਅਬਦੁੱਲਾ ਦੀ ਸਮਾਧ ਨੇੜੇ ਰੱਖੇ ਪਾਰਟੀ ਡੈਲੀਗੇਟਾਂ ਦੇ ਇਜਲਾਸ ਦੌਰਾਨ ਸਰਬਸੰਮਤੀ ਨਾਲ ਚੁਣਿਆ ਗਿਆ।

ਸ਼ੇਖ ਅਬਦੁੱਲਾ ਦੀ ਸੋਮਵਾਰ 117ਵੀਂ ਜਨਮ ਵਰ੍ਹੇਗੰਢ ਸੀ। ਅਬਦੁੱਲਾ ਨੇ ਪਿੱਛੇ ਜਿਹੇ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਲਾਂਭੇ ਹੋਣ ਦੀ ਇੱਛਾ ਜ਼ਾਹਰ ਕੀਤੀ ਸੀ।

## ਸਿਆਸੀ ਤਾਨਾਸ਼ਾਹੀ ਹਕੀਕਤ ਬਣ ਰਹੀ : ਜੈਰਾਮ

**ਜੈਪੁਰ** : ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਸੋਮਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਦੋਸ਼ ਲਗਾਇਆ ਕਿ ਉਨ੍ਹਾ ਦੀਆਂ ਨੀਤੀਆਂ ਕਾਰਨ ਭਾਰਤ ਦੀ ਵੰਡ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ ਤੇ 'ਸਿਆਸੀ ਤਾਨਾਸ਼ਾਹੀ' ਹਕੀਕਤ ਬਣਦੀ ਜਾ ਰਹੀ ਹੈ। ਰਮੇਸ਼ ਕਾਂਗਰਸ ਆਗੂ ਰਾਹੁਲ ਗਾਂਧੀ ਦੀ ਅਗਵਾਈ ਵਾਲੀ 'ਭਾਰਤ ਜੋੜੋ ਯਾਤਰਾ' ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

## ਫਰੀਡਮ ਐਟ ਮਿਡਨਾਈਟ ਦੇ ਲੇਖਕ ਨਹੀਂ ਰਹੇ



**ਨਵੀਂ ਦਿੱਲੀ** : ਮਸ਼ਹੂਰ ਫਰੈਂਚ ਲੇਖਕ ਡੌਮੀਨਿਕ ਲੈਪਿਆ ਦਾ 91 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਉਨ੍ਹਾ ਭਾਰਤ ਦੀ ਆਜ਼ਾਦੀ ਤੇ ਵੰਡ ਉੱਤੇ 'ਫਰੀਡਮ ਐਟ ਮਿਡਨਾਈਟ' ਕਿਤਾਬ ਲਿਖੀ ਸੀ। ਇਸ ਦਾ ਪਹਿਲਾ ਸੰਸਕਰਣ 1975 ਵਿਚ ਪ੍ਰਕਾਸ਼ਤ ਹੋਇਆ ਸੀ ਤੇ ਤੱਤਕਾਲੀ ਗਵਰਨਰ ਜਨਰਲ ਮਾਊਂਟਬੇਟਨ ਇਸ ਕਿਤਾਬ ਵਿਚ ਨਾਇਕ ਦੇ ਤੌਰ 'ਤੇ ਪੇਸ਼ ਕੀਤੇ ਗਏ ਹਨ। ਉਨ੍ਹਾ 1985 ਵਿਚ 'ਸਿਟੀ ਆਫ ਜੁਆਇ' ਕਿਤਾਬ ਲਿਖੀ ਸੀ, ਜਿਸ ਵਿਚ ਕੋਲਕਾਤਾ 'ਚ ਰਿਕਸ਼ਾ ਖਿੱਚਣ ਵਾਲੇ ਦੇ ਸੰਘਰਸ਼ ਨੂੰ ਦਰਸਾਇਆ ਸੀ। ਭਾਰਤ ਨੇ ਉਨ੍ਹਾ ਨੂੰ 2008 ਵਿਚ ਭਾਰਤ ਭੂਸ਼ਣ ਪੁਰਸਕਾਰ ਨਾਲ ਨਵਾਜਿਆ ਸੀ।

# ਆਸ਼ੀਸ਼ ਮਿਸ਼ਰਾ 'ਤੇ ਕੇਸ ਚੱਲੇਗਾ

## ਲਖੀਮਪੁਰ ਖੀਰੀ ਕਾਂਡ 'ਚੋਂ ਨਾਂਅ ਕੱਟਣ ਦੀ ਕੇਂਦਰੀ ਮੰਤਰੀ ਦੇ ਬੇਟੇ ਦੀ ਅਪੀਲ ਖਾਰਜ



**ਲਖਨਊ** : ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਬੇਟੇ ਆਸ਼ੀਸ਼ ਮਿਸ਼ਰਾ ਨੂੰ ਲਖੀਮਪੁਰ ਖੀਰੀ ਵਿਚ ਕਿਸਾਨਾਂ ਨੂੰ ਗੱਡੀ ਹੇਠ ਕੁਚਲਣ ਦੇ ਦੋਸ਼ ਵਿਚ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ।

ਲਖੀਮਪੁਰ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਲਕਸ਼ਮੀ ਕਾਂਤ ਸ਼ੁਕਲਾ ਨੇ ਸੋਮਵਾਰ ਕੇਸ ਵਿੱਚੋਂ ਉਸ ਦਾ ਨਾਂਅ ਹਟਾਉਣ ਦੀ ਅਪੀਲ ਖਾਰਜ ਕਰ ਦਿੱਤੀ। ਕੋਰਟ ਮਿਸ਼ਰਾ ਤੇ ਹੋਰਨਾਂ ਖਿਲਾਫ ਦੋਸ਼ ਮੰਗਲਵਾਰ ਨੂੰ ਤੈਅ ਕਰੇਗੀ। ਪਿਛਲੇ ਸਾਲ ਤਿੰਨ ਅਕਤੂਬਰ ਦੀ ਇਸ ਘਟਨਾ 'ਚ 4 ਕਿਸਾਨਾਂ ਦੀ ਮੌਤ ਹੋ ਗਈ ਸੀ।

ਪੀੜਤਾਂ ਦੇ ਵਕੀਲ ਮੁਹੰਮਦ ਅਮਾਨ ਨੇ ਕਿਹਾ ਕਿ ਮੁਕੱਦਮਾ ਸ਼ੁਰੂ ਹੋਣ ਦੀ ਉਡੀਕ ਖਤਮ ਹੋ ਗਈ ਹੈ। ਮਿਸ਼ਰਾ ਨੇ ਅਲਾਹਾਬਾਦ ਹਾਈ ਕੋਰਟ ਵੱਲੋਂ ਜ਼ਮਾਨਤ ਤੋਂ ਨਾਂਹ ਕਰਨ ਨੂੰ ਨਵੰਬਰ 'ਚ ਸੁਪਰੀਮ ਕੋਰਟ 'ਚ ਚੈਲੰਜ ਕੀਤਾ ਸੀ। ਯੂ ਪੀ ਸਰਕਾਰ ਨੇ ਹਲਫਨਾਮਾ ਦੇ ਕੇ ਕਿਹਾ ਸੀ ਕਿ ਕੇਸ ਅਜੇ ਟਰਾਇਲ ਦੇ ਪੜਾਅ ਦੇ ਕਰੀਬ ਹੈ, ਇਸ ਕਰਕੇ ਜ਼ਮਾਨਤ ਨਾ ਦਿੱਤੀ ਜਾਵੇ।

## ਪੋਲਿੰਗ ਦੌਰਾਨ ਰੋਡ ਸ਼ੋਅ ਦਾ ਦੋਸ਼



**ਅਹਿਮਦਾਬਾਦ** : ਗੁਜਰਾਤ ਅਸੰਬਲੀ ਦੀਆਂ 93 ਸੀਟਾਂ ਲਈ ਦੂਜੇ ਗੇੜ ਵਿਚ ਸੋਮਵਾਰ ਸ਼ਾਮ ਪੰਜ ਵਜੇ ਤੱਕ 58.38 ਫੀਸਦੀ ਵੋਟਿੰਗ ਹੋਈ। ਵੋਟਿੰਗ ਦਾ ਸਮਾਂ ਖਤਮ ਹੋਣ ਵੇਲੇ ਗੇਟ ਦੇ ਅੰਦਰ ਆ ਚੁੱਕੇ ਵੋਟਰਾਂ ਦੀਆਂ ਵੋਟਾਂ ਕਾਰਨ ਫੀਸਦੀ ਵਧ ਜਾਏਗੀ।

ਪਹਿਲੇ ਗੇੜ ਵਾਂਗ ਪੇਂਡੂ ਹਲਕਿਆਂ ਵਿਚ ਵੱਧ ਤੇ ਸ਼ਹਿਰੀ ਹਲਕਿਆਂ 'ਚ ਘੱਟ ਵੋਟਿੰਗ ਹੋਈ। ਕਾਂਗਰਸ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਢਾਈ ਕਿੱਲੋਮੀਟਰ ਤੁਰ ਕੇ ਇਕ ਤਰ੍ਹਾਂ ਨਾਲ ਰੋਡ ਸ਼ੋਅ ਕਰਦਿਆਂ ਵੋਟ ਪਾਉਣ ਗਏ।

ਚੋਣ ਕਮਿਸ਼ਨ ਚੁੱਪਚਾਪ ਦੇਖਦਾ ਰਿਹਾ। ਭਾਜਪਾ ਨੇ ਕਿਹਾ ਕਿ ਗੱਡੀਆਂ ਪਿੱਛੇ ਰੋਕਣ ਕਰਕੇ ਉਨ੍ਹਾ ਤੁਰ ਕੇ ਹੀ ਜਾਣਾ ਸੀ। ਲੋਕ ਉਨ੍ਹਾ ਨੂੰ ਦੇਖਣ ਲਈ ਆਪ ਹੀ ਇਕੱਠੇ ਹੋਏ।

## ਕੇਂਦਰ ਜਬਰੀ ਧਰਮ ਪਰਿਵਰਤਨ ਬਾਰੇ ਹਲਫਨਾਮਾ ਦਾਖਲ ਕਰੇ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਜ਼ੋਰ ਦੇ ਕੇ ਕਿਹਾ ਕਿ ਜਬਰੀ ਧਰਮ ਪਰਿਵਰਤਨ 'ਗੰਭੀਰ ਮਸਲਾ' ਹੈ ਤੇ ਇਹ ਸੰਵਿਧਾਨ ਦੀ ਖਿਲਾਫਵਰਜ਼ੀ ਹੈ। ਸੁਪਰੀਮ ਕੋਰਟ ਐਡਵੋਕੇਟ ਅਸ਼ਵਨੀ ਕੁਮਾਰ ਉਪਾਧਿਆਏ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ 'ਚ ਧੋਖੇ ਨਾਲ, ਡਰਾ-ਧਮਕਾ ਕੇ ਅਤੇ ਤੋਹਫਿਆਂ ਤੇ ਪੈਸੇ ਦਾ ਲਾਲਚ ਦੇ ਕੇ ਧਰਮ ਤਬਦੀਲੀ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਕੇਂਦਰ ਤੇ ਰਾਜਾਂ ਨੂੰ ਸਖਤ ਕਦਮ ਚੁੱਕਣ ਬਾਰੇ ਹਦਾਇਤਾਂ ਦਿੱਤੇ ਜਾਣ ਦੀ ਮੰਗ ਕੀਤੀ ਗਈ ਹੈ। ਕੇਂਦਰ ਵੱਲੋਂ ਪੇਸ਼ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਸਰਕਾਰ ਧਰਮ ਤਬਦੀਲੀ ਦੇ ਅਜਿਹੇ ਢੰਗ-ਤਰੀਕਿਆਂ ਬਾਰੇ ਜਾਣਕਾਰੀ ਇਕੱਤਰ ਕਰ ਰਹੀ ਹੈ। ਮਹਿਤਾ ਨੇ ਜਸਟਿਸ ਐੱਮ ਆਰ ਸ਼ਾਹ ਤੇ ਜਸਟਿਸ ਸੀ ਟੀ ਰਵੀਕੁਮਾਰ ਦੀ ਬੈਂਚ ਤੋਂ ਇਸ ਮਸਲੇ 'ਤੇ ਤਫਸੀਲੀ ਜਾਣਕਾਰੀ ਦਾਇਰ ਕਰਨ ਨੂੰ ਲੈ ਕੇ ਹਫਤੇ ਦਾ ਸਮਾਂ ਮੰਗਿਆ। ਜਦੋਂ ਉਨ੍ਹਾ ਪਟੀਸ਼ਨ ਦੀ ਵਾਜਬੀਅਤ ਨੂੰ ਲੈ ਕੇ ਸਵਾਲ ਕੀਤਾ, ਤਾਂ ਬੈਂਚ ਨੇ ਕਿਹਾ—ਏਨਾ ਤਕਨੀਕੀ ਹੋਣ ਦੀ ਲੋੜ ਨਹੀਂ। ਅਸੀਂ ਇਥੇ ਮਸਲੇ ਦਾ ਹੱਲ ਲੱਭਣ ਲਈ ਹਾਂ। ਅਸੀਂ ਇਥੇ ਕਿਸੇ ਵਜ੍ਹਾ ਕਰਕੇ ਹਾਂ। ਅਸੀਂ ਇਥੇ ਚੀਜ਼ਾਂ ਨੂੰ ਥਾਂ ਸਿਰ ਕਰਨ ਲਈ ਹਾਂ। ਜੇਕਰ ਦਾਨ-ਪੁੰਨ ਦਾ ਮੰਤਵ ਚੰਗਾ ਹੈ ਤਾਂ ਇਸ ਦਾ ਸਵਾਗਤ ਹੈ, ਪਰ ਇਥੇ ਇਸ ਪਿਛਲੇ ਇਰਾਦੇ 'ਤੇ ਗੌਰ ਕਰਨ ਦੀ ਲੋੜ ਹੈ। ਇਹ ਬਹੁਤ ਗੰਭੀਰ ਮੁੱਦਾ ਹੈ, ਕਿਉਂਕਿ ਆਖਰ ਨੂੰ ਇਹ ਸਾਡੇ ਸੰਵਿਧਾਨ ਖਿਲਾਫ ਹੈ। ਜਦੋਂ ਸਾਰੇ ਭਾਰਤ 'ਚ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਭਾਰਤ ਦੇ ਸੱਭਿਆਚਾਰ ਮੁਤਾਬਕ ਵਿਚਰਨਾ ਹੋਵੇਗਾ। ਕੇਸ ਦੀ ਅਗਲੀ ਸੁਣਵਾਈ 12 ਦਸੰਬਰ ਨੂੰ ਹੋਵੇਗੀ।

### ਸੁਪਰੀਮ ਕੋਰਟ 'ਚ ਦਿੱਲੀ ਸਰਕਾਰ ਵੱਲੋਂ ਕੇਂਦਰ ਦਾ ਵਿਰੋਧ

**ਨਵੀਂ ਦਿੱਲੀ** : ਕੇਂਦਰ ਸਰਕਾਰ ਨੇ ਸੋਮਵਾਰ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਸ ਨੇ ਕੌਮੀ ਰਾਜਧਾਨੀ 'ਚ ਸੇਵਾਵਾਂ ਦੇ ਕੰਟਰੋਲ ਨੂੰ ਲੈ ਕੇ ਸੰਵਿਧਾਨਕ ਮੁੱਦੇ ਨਾਲ ਜੁੜਿਆ ਕੇਸ ਵਡੇਰੇ ਬੈਂਚ ਹਵਾਲੇ ਕੀਤੇ ਜਾਣ ਸੰਬੰਧੀ ਸੱਜਰੀ ਅਪੀਲ ਦਾਖਲ ਕੀਤੀ ਹੈ।

ਦਿੱਲੀ ਸਰਕਾਰ ਵੱਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਕੇਂਦਰ ਦੀ ਇਸ ਅਪੀਲ ਖਿਲਾਫ ਚੀਫ ਜਸਟਿਸ ਡੀ ਵਾਈ ਚੰਦਰਚੂੜ ਤੇ ਜਸਟਿਸ ਪੀ ਐੱਸ ਨਰਸਿਮ੍ਹਾ 'ਤੇ ਅਧਾਰਿਤ ਬੈਂਚ ਕੋਲ ਵਿਰੋਧ ਦਰਜ ਕਰਦੇ ਹੋਏ ਕਿਹਾ ਕਿ ਇਸ ਨਾਲ ਸਿਰਫ ਮਸਲਾ ਹੋਰ ਲਟਕੇਗਾ ਤੇ ਅਜਿਹੀਆਂ ਜੁਗਤਾਂ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ।

## ਇਤਿਹਾਸ ਨੂੰ ਮੁੜ ਖੋਲ੍ਹਣ ਲਈ ਨਹੀਂ ਬੈਠੇ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਇਤਿਹਾਸ ਦੀਆਂ ਕਿਤਾਬਾਂ ਵਿੱਚੋਂ ਤਾਜ ਮਹਿਲ ਦੇ ਨਿਰਮਾਣ ਨਾਲ ਸੰਬੰਧਤ ਕਥਿਤ ਗਲਤ ਇਤਿਹਾਸਕ ਤੱਥਾਂ ਨੂੰ ਹਟਾਉਣ ਅਤੇ ਸਮਾਰਕ ਦੀ ਉਮਰ ਦਾ ਪਤਾ ਲਗਾਉਣ ਦੀ ਮੰਗ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ ਹੈ। ਜਸਟਿਸ ਐੱਮ ਆਰ ਸ਼ਾਹ ਅਤੇ ਜਸਟਿਸ ਸੀ ਟੀ ਰਵੀਕੁਮਾਰ ਦੀ ਬੈਂਚ ਨੇ ਸੋਮਵਾਰ ਪਟੀਸ਼ਨਰ ਨੂੰ ਭਾਰਤੀ ਪੁਰਾਤੱਤਵ ਸਰਵੇਖਣ (ਏ ਐਸ ਆਈ) ਕੋਲ ਪਹੁੰਚ ਕਰਨ ਅਤੇ ਉਸ ਅੱਗੇ ਆਪਣਾ ਪੱਖ ਰੱਖਣ ਲਈ ਕਿਹਾ। ਬੈਂਚ ਨੇ ਕਿਹਾ, "ਜਨਹਿਤ ਪਟੀਸ਼ਨਾਂ ਪੁੱਛਗਿੱਛ ਕਰਨ ਲਈ ਨਹੀਂ ਹੁੰਦੀਆਂ। ਅਸੀਂ ਇਥੇ ਇਤਿਹਾਸ ਨੂੰ ਮੁੜ ਖੋਲ੍ਹਣ ਲਈ ਨਹੀਂ ਬੈਠੇ। ਇਤਿਹਾਸ ਜਿਵੇਂ ਹੈ ਉਸ ਨੂੰ ਉਵੇਂ ਹੀ ਰਹਿਣ ਦਿਓ। ਰਿੱਟ ਪਟੀਸ਼ਨ ਨੂੰ ਵਾਪਸ ਲਈ ਸਮਝ ਕੇ ਰੱਦ ਕੀਤਾ ਜਾਂਦਾ ਹੈ। ਪਟੀਸ਼ਨਰ ਨੂੰ ਏ ਐੱਸ ਆਈ ਅੱਗੇ ਪੱਖ ਰੱਖਣ ਦੀ ਖੁੱਲ੍ਹ ਹੈ। ਅਸੀਂ ਇਸ ਕੇਸ ਦੇ ਗੁਣਾਂ-ਦੋਸ਼ਾਂ 'ਤੇ ਕੋਈ ਰਾਇ ਜ਼ਾਹਿਰ ਨਹੀਂ ਕੀਤੀ।"

### ਇਕ ਲੱਖ ਜੁਰਮਾਨਾ ਠੁਕਵਾਇਆ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮਰਹੂਮ ਧਾਰਮਿਕ ਸ਼ਖਸੀਅਤ ਸ੍ਰੀ ਸ੍ਰੀ ਠਾਕੁਰ ਅਨੁਕੂਲ ਚੰਦਰਾ ਨੂੰ 'ਪਰਮਾਤਮਾ' ਐਲਾਨੇ ਜਾਣ ਦੀ ਮੰਗ ਕਰਨ ਵਾਲੀ ਜਨਹਿਤ ਪਟੀਸ਼ਨ ਨੂੰ ਖਾਰਜ ਕਰਦਿਆਂ ਕਿਹਾ ਕਿ ਭਾਰਤ ਇੱਕ ਧਰਮ-ਨਿਰਪੱਖ ਦੇਸ਼ ਹੈ ਅਤੇ ਹਰੇਕ ਨੂੰ ਆਪਣੇ ਧਰਮ ਦਾ ਅਧਿਕਾਰ ਹੈ। ਜਸਟਿਸ ਐੱਮ ਆਰ ਸ਼ਾਹ ਤੇ ਜਸਟਿਸ ਸੀ ਟੀ ਰਵੀਕੁਮਾਰ ਦੀ ਬੈਂਚ ਨੇ ਪਟੀਸ਼ਨਕਰਤਾ 'ਤੇ ਮਹਿਜ਼ 'ਪ੍ਰਚਾਰ ਲਈ ਪਟੀਸ਼ਨ' ਦਾਖਲ ਕਰਨ ਬਦਲੇ 1 ਲੱਖ ਰੁਪਏ ਦਾ ਖਰਚਾ ਵੀ ਠੋਕਿਆ।

## ਦਿੱਲੀ ਨਗਰ ਨਿਗਮ ਚੋਣਾਂ 'ਚ ਕੇਜਰੀਵਾਲ ਦਾ ਜਾਦੂ



**ਨਵੀਂ ਦਿੱਲੀ** : ਰਾਸ਼ਟਰੀ ਰਾਜਧਾਨੀ ਦਿੱਲੀ 'ਚ ਬੀਤੀ 4 ਦਸੰਬਰ ਨੂੰ ਨਗਰ ਨਿਗਮ ਦੀਆਂ ਵੋਟਾਂ ਪਈਆਂ ਸਨ। ਰਾਜਧਾਨੀ 'ਚ 50.47 ਫੀਸਦੀ ਵੋਟਿੰਗ ਹੋਈ। ਉਥੇ ਹੀ ਇਸ ਤੋਂ ਪਹਿਲਾਂ ਸਾਲ 2017 'ਚ 53.55 ਫੀਸਦੀ ਵੋਟਿੰਗ ਹੋਈ ਸੀ। ਇਨ੍ਹਾਂ ਐਮ ਸੀ ਡੀ ਚੋਣਾਂ 'ਚ 250 ਵਾਰਡਾਂ 'ਚ ਕੁੱਲ 1349 ਉਮੀਦਵਾਰ ਮੈਦਾਨ 'ਚ ਸਨ। ਦਿੱਲੀ ਦੀ ਜਨਤਾ ਇਸ ਵਾਰ ਕਿਸ ਨੂੰ ਜਿਤਾਉਣਾ ਚਾਹੁੰਦੀ ਹੈ, ਤਾਂ ਈ ਵੀ ਐਮ 'ਚ ਕੈਦ ਹੋ ਗਿਆ, ਪਰ ਇਸ ਦੀ ਗਿਣਤੀ 7 ਦਸੰਬਰ ਨੂੰ ਹੋਵੇਗੀ ਅਤੇ ਉਦੋਂ ਹੀ ਨਤੀਜੇ ਆਉਣਗੇ। ਇੰਡੀਆ ਟੂਡੇ, ਐਕਸਿਸ ਮਾਇਆ ਇੰਡੀਆ ਦੇ ਐਗਜ਼ਿਟ ਪੋਲ ਅਨੁਸਾਰ ਦਿੱਲੀ ਐਮ ਸੀ ਡੀ 'ਚ ਆਮ ਆਦਮੀ ਪਾਰਟੀ ਦੀ ਬੰਪਰ ਜਿੱਤ ਹੋਵੇਗੀ। ਆਪ ਨੂੰ 149-171 ਸੀਟਾਂ ਦਾ ਅਨੁਮਾਨ ਲਾਇਆ ਗਿਆ ਹੈ।

ਉਥੇ ਹੀ ਭਾਜਪਾ 69-91 ਸੀਟਾਂ 'ਤੇ ਸਿਮਟ ਕੇ ਰਹਿ ਜਾਵੇਗੀ। ਕਾਂਗਰਸ ਨੂੰ ਸਿਰਫ਼ 3-7 ਸੀਟਾਂ ਮਿਲਣ ਦਾ ਅਨੁਮਾਨ ਹੈ।

## ਕਾਮਰੇਡ ਭਗਵਾਨ ਸਿੰਘ ਅਣਖੀ ਦੀ ਯਾਦ 'ਚ ਅੱਜ ਵਿਸ਼ਾਲ ਸਮਾਗਮ



**ਪਟਿਆਲਾ** : ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਸਾਬਕਾ ਸੂਬਾ ਪ੍ਰਧਾਨ ਮਰਹੂਮ ਕਾਮਰੇਡ ਭਗਵਾਨ ਸਿੰਘ ਅਣਖੀ ਦੀ 31ਵੀਂ ਬਰਸੀ ਮੰਗਲਵਾਰ ਫੈਕਟਰੀ ਏਰੀਆ ਪਟਿਆਲਾ ਵਿਖੇ ਅਣਖੀ ਯਾਦਗਾਰੀ ਭਵਨ ਵਿੱਚ ਹਰੇਕ ਸਾਲ ਦੀ ਤਰ੍ਹਾਂ ਮਨਾਈ ਜਾ ਰਹੀ ਹੈ, ਜਿਸ ਵਿੱਚ ਸੂਬਾ ਭਰ ਤੋਂ ਕਾਮਰੇਡ ਅਣਖੀ ਦੇ ਵਾਰਸ ਆਪਣੇ ਮਹਿਬੂਬ ਆਗੂ ਨੂੰ ਸ਼ਰਧਾਂਜਲੀਆਂ ਭੇਟ ਕਰਨ ਲਈ ਵਹੀਰਾਂ ਘੱਤ ਕੇ ਪਹੁੰਚਣਗੇ। ਜਥੇਬੰਦੀ ਦੀ ਸੂਬਾ ਲੀਡਰਸ਼ਿਪ ਤੋਂ ਇਲਾਵਾ ਪੰਜਾਬ ਏਟਕ ਦੇ ਪ੍ਰਧਾਨ ਬੰਤ ਬਰਾੜ, ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ, ਜਗਰੂਪ ਸਿੰਘ, ਸੁਖਦੇਵ ਸ਼ਰਮਾ ਸਮੇਤ ਜਥੇਬੰਦੀ ਦੇ ਸਾਬਕਾ ਸੂਬਾਈ ਆਗੂਆਂ, ਪੈਨਸ਼ਨਰ ਯੂਨੀਅਨ ਦੇ ਸੂਬਾ ਪ੍ਰਧਾਨ ਰਾਧੇਸ਼ਿਆਮ ਸਮੇਤ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਅਤੇ ਹੋਰ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਵੱਲੋਂ ਕਾਮਰੇਡ ਅਣਖੀ ਦੇ ਜੁਝਾਰੂ ਜੀਵਨ ਨੂੰ ਚੇਤੇ ਕਰਦਿਆਂ ਸਰਮਾਏਦਾਰ ਪੱਖੀ ਹਾਕਮ ਜਮਾਤਾਂ ਵੱਲੋਂ ਮੁਲਾਜ਼ਮਾਂ-ਮਜ਼ਦੂਰਾਂ ਸਮੇਤ ਦੇਸ਼ ਦੀ ਕਿਸਾਨੀ ਖਿਲਾਫ਼ ਵਿੱਢੇ ਚੌਤਰਫੀ ਹਮਲਿਆਂ ਨੂੰ ਠੱਲ੍ਹਣ ਸਮੇਤ ਪਬਲਿਕ ਸੈਕਟਰ ਦੀ ਰਾਖੀ ਲਈ ਵਿਸ਼ਾਲ ਲਾਮਬੰਦੀ ਕਰਨ ਲਈ ਪ੍ਰੇਰਦਿਆਂ ਕਾਮਰੇਡ ਅਣਖੀ, ਕਾਮਰੇਡ ਸਤਨਾਮ ਸਿੰਘ ਛਲੇੜੀ, ਕਾਮਰੇਡ ਐੱਚ ਐੱਸ ਪ੍ਰਮਾਰ ਸਮੇਤ ਵਿਛੜ ਚੁੱਕੇ ਆਗੂਆਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ।

ਸ਼ਰਧਾਂਜਲੀ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਕੁੱਲ ਹਿੰਦ ਬਿਜਲੀ ਫੈਡਰੇਸ਼ਨ ਦੇ ਆਗੂ ਹਰਭਜਨ ਸਿੰਘ ਪਿਲਖਣੀ ਅਤੇ ਜਥੇਬੰਦੀ ਦੇ ਜਨਰਲ ਸਕੱਤਰ ਸੁਰਿੰਦਰ ਪਾਲ ਲਾਹੌਰੀਆ ਨੇ ਦੱਸਿਆ ਕਿ ਸ਼ਰਧਾਂਜਲੀ ਸਮਾਗਮ ਦੇ ਸ਼ੁਰੂ ਹੋਣ ਤੋ ਪਹਿਲਾਂ ਜਥੇਬੰਦੀ ਦਾ ਲਾਲ ਝੰਡਾ ਲਹਿਰਾਉਣ ਦੀ ਰਸਮ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨਿਭਾਉਣਗੇ, ਉਪਰੰਤ ਵਿਛੋੜਾ ਦੇ ਗਏ ਆਗੂਆਂ ਅਤੇ ਹੋਰ ਨਾਮਵਰ ਸ਼ਖਸੀਅਤਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਸਮਾਗਮ ਦੀ ਸ਼ੁਰੂਆਤ ਹੋਵੇਗੀ। ਇਸ ਮੌਕੇ ਕਾਮਰੇਡ ਅਣਖੀ ਨੂੰ ਸਮਰਪਿਤ 'ਬਿਜਲੀ ਉਜਾਲਾ' ਦਾ ਵਿਸੇਸ਼ ਅੰਕ ਰਿਲੀਜ਼ ਕਰਨ ਤੋ ਇਲਾਵਾ ਵਿੱਛੜ ਚੁੱਕੇ ਆਗੂਆਂ ਦੇ ਪਰਵਾਰਾਂ ਨੂੰ ਸਨਮਾਨਤ ਕੀਤਾ ਜਾਵੇਗਾ। ਚਾਹ ਅਤੇ ਲੰਗਰ ਦਾ ਵਧੀਆ ਪ੍ਰਬੰਧ ਪਟਿਆਲਾ ਸਰਕਲ ਦੇ ਪ੍ਰਧਾਨ ਗੁਰਦਿਆਲ ਸਿੰਘ ਬੱਬੂ ਅਤੇ ਸੂਬਾ ਆਗੂ ਬਲਜੀਤ ਕੁਮਾਰ ਦੀ ਅਗਵਾਈ 'ਚ ਹੋਵੇਗਾ।

## ਸੈਨੇਗਲ ਸੰਸਦ 'ਚ ਲੜਾਈ



**ਡਕਾਰ** : ਪੱਛੜ ਕੇ ਮਿਲੀ ਰਿਪੋਰਟ ਮੁਤਾਬਕ ਦੋ ਦਸੰਬਰ ਨੂੰ ਅਫਰੀਕੀ ਦੇਸ਼ ਸੈਨੇਗਲ ਦੀ ਸੰਸਦ ਵਿਚ ਇਕ ਸਾਂਸਦ ਨੇ ਮਹਿਲਾ ਸਾਂਸਦ ਨੂੰ ਥੱਪੜ ਮਾਰ ਦਿੱਤਾ। ਉਸਤੋਂ ਗੁੱਸੇ ਵਿਚ ਆਈ ਸਾਂਸਦ ਨੇ ਮਰਦ ਸਾਂਸਦ 'ਤੇ ਕੁਰਸੀ ਸੁੱਟ ਦਿੱਤੀ। ਇਕ ਹੋਰ ਅਪੋਜ਼ੀਸ਼ਨ ਆਗੂ ਨੇ ਮਹਿਲਾ ਸਾਂਸਦ ਨੂੰ ਲੱਤ ਮਾਰ ਦਿੱਤੀ। ਬੱਜਟ ਸੈਸ਼ਨ ਦੌਰਾਨ ਹੁਕਮਰਾਨ ਪਾਰਟੀ ਬੇਨੋ ਬੋੱਕ ਯਾਕਾਰ ਦੀ ਮਹਿਲਾ ਸਾਂਸਦ ਐਮੀ ਨਦੀਏ ਗਨੀਬੀ ਨੇ ਰਾਸ਼ਟਰਪਤੀ ਮੈਕੀ ਸੌਲ ਦੇ ਤੀਜੇ ਕਾਰਜਕਾਲ ਦਾ ਵਿਰੋਧ ਕਰਨ ਵਾਲੇ ਇਕ ਰੂਹਾਨੀ ਆਗੂ ਦੀ ਅਲੋਚਨਾ ਕੀਤੀ ਤਾਂ ਅਪੋਜ਼ੀਸ਼ਨ ਦੇ ਮਸਾਤਾ ਸਾਂਬ ਨੇ ਉਸਨੂੰ ਥੱਪੜ ਜੜ ਦਿੱਤਾ।

## ਜੀ-20 ਸਿਖਰ ਵਾਰਤਾ ਨੂੰ ਲੈ ਕੇ ਸਰਬ ਪਾਰਟੀ ਮੀਟਿੰਗ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਗਲੇ ਸਾਲ ਹੋਣ ਵਾਲੀ ਜੀ-20 ਸਿਖਰ ਵਾਰਤਾ ਬਾਰੇ ਸੁਝਾਅ ਲੈਣ ਲਈ ਇਥੇ ਰਾਸ਼ਟਰਪਤੀ ਭਵਨ 'ਚ ਸੋਮਵਾਰ ਸਰਬ ਪਾਰਟੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ 'ਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਓਡੀਸ਼ਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ, ਸਿੱਕਮ ਦੇ ਮੁੱਖ ਮੰਤਰੀ ਪ੍ਰੇਮ ਸਿੰਘ ਤਮਾਂਗ ਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਵੀ ਸ਼ਾਮਲ ਹੋਏ। ਮੀਟਿੰਗ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਆਂਧਰਾ ਪ੍ਰਦੇਸ਼ ਦੇ ਜਗਨ ਮੋਹਨ ਰੈਡੀ, ਤਾਮਿਲ ਨਾਡੂ ਦੇ ਐੱਮ ਕੇ ਸਟਾਲਿਨ, ਭਾਜਪਾ ਪ੍ਰਧਾਨ ਜੇ ਪੀ ਨੱਢਾ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਸਾਬਕਾ ਪ੍ਰਧਾਨ ਮੰਤਰੀ ਐੱਚ ਡੀ ਦੇਵੇਗੌੜਾ, ਸੀ ਪੀ ਐੱਮ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ, ਸੀ ਪੀ ਆਈ ਦੇ ਜਨਰਲ ਸਕੱਤਰ ਡੀ ਰਾਜਾ, ਟੀ ਡੀ ਪੀ ਮੁਖੀ ਚੰਦਰਬਾਬੂ ਨਾਇਡੂ ਮੌਜੂਦ ਸਨ। ਸਰਕਾਰ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਵਿੱਤ ਮੰਤਰੀ ਨਿਰਮਲਾ ਸੀਤਾਰਾਮਨ, ਵਿਦੇਸ਼ ਮੰਤਰੀ ਐੱਸ ਜੈਸ਼ੰਕਰ, ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਕੇਂਦਰੀ ਮੰਤਰੀ ਪਿਊਸ਼ ਗੋਇਲ ਸ਼ਾਮਲ ਹੋਏ। ਸੂਤਰਾਂ ਨੇ

● ਬਾਕੀ ਸਫ਼ਾ 10 'ਤੇ

## ਸ਼ੱਕੀ ਲੈਣ-ਦੇਣ 'ਚ 4 ਮੁਅੱਤਲ, ਕਈਆਂ ਨੂੰ ਕਾਰਨ ਦੱਸੋ ਨੋਟਿਸ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਿੱਤ ਵਿਭਾਗ ਨੇ ਸੂਬੇ ਦੇ ਖਜ਼ਾਨਾ ਦਫਤਰਾਂ ਸੰਬੰਧੀ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ 'ਤੇ ਸਖਤ ਕਾਰਵਾਈ ਕਰਦੇ ਹੋਏ ਇਕ ਸੀਨੀਅਰ ਸਹਾਇਕ ਨੂੰ ਮੁਅੱਤਲ ਕਰਨ ਤੋਂ ਇਲਾਵਾ ਕਈ ਹੋਰ ਅਧਿਕਾਰੀਆਂ/ ਕਰਮਚਾਰੀਆਂ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕਰਨ ਦੇ ਹੁਕਮ ਜਾਰੀ ਕੀਤੇ ਹਨ, ਜਦੋਂਕਿ 86 ਲੱਖ ਰੁਪਏ ਤੋਂ ਵੱਧ ਦੇ ਸ਼ੱਕੀ ਲੈਣ-ਦੇਣ ਵਾਲੇ ਇਸ ਮਾਮਲੇ ਵਿੱਚ ਤਿੰਨ ਅਧਿਕਾਰੀ/ ਕਰਮਚਾਰੀ ਪਹਿਲਾਂ ਹੀ ਮੁਅੱਤਲ ਹਨ। ਉਨ੍ਹਾ ਇਸ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦੇ ਹੁਕਮ ਵੀ ਦਿੱਤੇ। ਰਾਜ ਦੇ ਖਜ਼ਾਨਾ ਦਫਤਰਾਂ ਵਿਚ ਭ੍ਰਿਸ਼ਟਾਚਾਰ ਸੰਬੰਧੀ ਮਿਲੀਆਂ ਵੱਖ-ਵੱਖ ਸ਼ਿਕਾਇਤਾਂ ਦੀ ਜਾਂਚ ਕਰਨ ਲਈ 2 ਜੂਨ ਨੂੰ ਵਿਭਾਗੀ ਜਾਂਚ ਕਮੇਟੀ ਦਾ ਗਠਨ ਕੀਤਾ ਗਿਆ ਸੀ।

ਉਨ੍ਹਾ ਕਿਹਾ ਕਿ ਜਾਂਚ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਇਕ ਸੁਪਰਡੈਂਟ, ਇਕ ਸੀਨੀਅਰ ਸਹਾਇਕ ਅਤੇ ਇਕ ਜੂਨੀਅਰ ਸਹਾਇਕ ਪਹਿਲਾਂ ਹੀ ਮੁਅੱਤਲ ਹਨ, ਜਦਕਿ ਇਕ ਸੀਨੀਅਰ ਸਹਾਇਕ ਨੂੰ ਅੱਜ ਮੁਅੱਤਲ ਕਰ ਦਿੱਤਾ ਗਿਆ ਅਤੇ ਸ਼ੱਕੀ ਵਿੱਤੀ ਲੈਣ-ਦੇਣ ਲਈ ਰਾਜ ਪੱਧਰੀ ਅਤੇ ਖੇਤਰੀ ਖਜ਼ਾਨਾ ਦਫਤਰਾਂ ਦੇ ਕਈ ਹੋਰ ਅਧਿਕਾਰੀਆਂ/ ਕਰਮਚਾਰੀਆਂ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕੀਤੇ ਗਏ ਹਨ। ਵਿੱਤ ਮੰਤਰੀ ਚੀਮਾ ਨੇ ਦੱਸਿਆ ਕਿ ਜਾਂਚ ਕਮੇਟੀ ਵੱਲੋਂ ਸੌਂਪੀ ਰਿਪੋਰਟ ਅਨੁਸਾਰ ਕੁੱਲ 86,44,022 ਰੁਪਏ ਦੇ ਸ਼ੱਕੀ ਲੈਣ-ਦੇਣ ਪਾਏ ਗਏ ਹਨ ਅਤੇ ਇਸ ਦੀ ਹੋਰ ਜਾਂਚ ਕੀਤੀ ਜਾ ਰਹੀ ਹੈ।

## ਬਰੈਂਪਟਨ 'ਚ ਗੈਸ ਸਟੇਸ਼ਨ 'ਤੇ ਪੰਜਾਬਣ ਮੁਟਿਆਰ ਦਾ ਕਤਲ

**ਬਰੈਂਪਟਨ** : ਕੈਨੇਡਾ ਦੇ ਸ਼ਹਿਰ ਬਰੈਂਪਟਨ 'ਚ 21 ਸਾਲਾ ਪਵਨਪ੍ਰੀਤ ਕੌਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੀਲ ਖੇਤਰੀ ਪੁਲਸ ਮੁਤਾਬਕ ਘਟਨਾ 3 ਦਸੰਬਰ ਨੂੰ ਰਾਤੀਂ ਪੌਣੇ ਗਿਆਰਾਂ ਵਜੇ ਦੇ ਕਰੀਬ ਕਰੈਡਿਟਵਿਊ ਰੋਡ 'ਤੇ ਬ੍ਰਿਟਾਨੀਆ ਰੋਡ ਵੈਸਟ 'ਤੇ ਪੈਂਦੇ ਪੈਟਰੋ-ਕੈਨੇਡਾ 'ਤੇ ਵਾਪਰੀ। ਪਵਨਪ੍ਰੀਤ ਕੌਰ ਗੈਸ ਸਟੇਸ਼ਨ 'ਤੇ ਮੁਲਾਜ਼ਮ ਸੀ। ਉਸ ਨੂੰ ਕਈ ਗੋਲੀਆਂ ਮਾਰੀਆਂ ਗਈਆਂ ਤੇ ਮੈਡੀਕਲ ਸਹਾਇਤਾ ਦੇਣ ਦੇ ਬਾਵਜੂਦ ਉਸ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਮਸ਼ਕੂਕ ਹਮਲਾਵਰ ਦੀ ਪਛਾਣ ਕੀਤੀ ਜਾ ਰਹੀ ਹੈ, ਜਿਸ ਨੇ ਗੂੜ੍ਹੇ ਰੰਗ ਦੇ ਕੱਪੜੇ ਪਾਏ ਹੋਏ ਸੀ ਤੇ ਗੋਲੀਆਂ ਮਾਰਨ ਮਗਰੋਂ ਉਹ ਪੈਦਲ ਹੀ ਉਥੋਂ ਨਿਕਲ ਗਿਆ। ਪੁਲਸ ਮੁਤਾਬਕ ਮੌਕੇ ਤੋਂ ਕੋਈ ਹਥਿਆਰ ਨਹੀਂ ਮਿਲਿਆ। ਅਜੇ ਕੁਝ ਦਿਨ ਪਹਿਲਾਂ 18 ਸਾਲਾ ਮਹਿਕਪ੍ਰੀਤ ਸੇਠੀ ਦੀ ਸਰੀ ਦੇ ਹਾਈ ਸਕੂਲ ਵਿਚਲੀ ਪਾਰਕਿੰਗ 'ਚ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

## ਅੱਜ-ਨਾਮਾ

ਮੁੱਕਿਆ ਚੱਕਰ ਗੁਜਰਾਤ ਦੀ ਚੋਣ ਵਾਲਾ,
ਦਿੱਲੀ ਚੋਣ ਦਾ ਚੱਕਰ ਗਿਆ ਮੁੱਕ ਬੇਲੀ।
ਹਿਮਾਚਲ ਵਿੱਚ ਵੀ ਹੋਈ ਸੀ ਚੋਣ ਜਿਹੜੀ,
ਰਹੀਆਂ ਧਿਰਾਂ ਰਿਵਾਇਤੀ ਆ ਬੁੱਕ ਬੇਲੀ।
ਭਾਜਪਾ, ਆਪ ਜਾਂ ਬੋਲਣ ਤਾਂ ਕਾਂਗਰਸੀਏ,
ਕਹਿ ਰਹੇ ਫੱਟੇ ਹੀ ਦਿੱਤੇ ਹਨ ਚੁੱਕ ਬੇਲੀ।
ਕੋਈ ਨਹੀਂ ਜਾਣਦਾ ਵੋਟਰ ਫਿਰ ਕੀ ਕੀਤਾ,
ਕਿਸ ਦਾ ਦਿੱਤਾ ਗਿਆ ਬੰਨ੍ਹ ਹੈ ਠੁੱਕ ਬੇਲੀ।
ਰਹਿੰਦੇ ਗਿਣਤੀਆਂ ਦੇ ਦੋ ਹਨ ਦਿਨ ਬਾਕੀ,
ਮੁਸ਼ਕਲ ਬਾਹਲੀ ਹੈ ਕਰਨ ਉਡੀਕ ਬੇਲੀ।
ਭੁਲਾ ਕੇ ਵੋਟਰ ਤੇ ਹਵਨ ਹਨ ਕਰਨ ਲੱਗੇ,
ਸੂਲੀ ਨਾਲ ਲਟਕਦੇ ਜਿਹੜੇ ਸ਼ਰੀਕ ਬੇਲੀ।

-ਤੀਸ ਮਾਰ ਖਾਂ

## ਇੰਗਲੈਂਡ ਦੀ ਕੁਆਰਟਰ ਫਾਈਨਲ 'ਚ ਫਰਾਂਸ ਨਾਲ ਟੱਕਰ ਹੋਵੇਗੀ

**ਅਲ ਖੋਰ (ਕਤਰ)** : ਇੰਗਲੈਂਡ ਐਤਵਾਰ ਰਾਤ ਸੇਨੇਗਲ ਨੂੰ 3-0 ਨਾਲ ਹਰਾ ਕੇ ਵਿਸ਼ਵ ਕੱਪ ਫੁੱਟਬਾਲ ਦੇ ਕੁਆਰਟਰਫਾਈਨਲ ਵਿਚ ਪੁੱਜ ਗਿਆ, ਜਿੱਥੇ ਉਸ ਦਾ ਮੁਕਾਬਲਾ ਚੈਂਪੀਅਨ ਫਰਾਂਸ ਨਾਲ ਹੋਵੇਗਾ। ਇੰਗਲੈਂਡ ਵੱਲੋਂ ਕਪਤਾਨ ਹੈਰੀ ਕੇਨ ਨੇ ਟੂਰਨਾਮੈਂਟ ਦਾ ਪਹਿਲਾ ਗੋਲ ਕੀਤਾ। ਦੂਜੇ ਗੋਲ ਜਾਰਡਨ ਹੈਂਡਰਸਨ ਤੇ ਬੁਕਾਯੋ ਸਾਕਾ ਨੇ ਕੀਤੇ।

ਫਰਾਂਸ ਪੋਲੈਂਡ ਨੂੰ 3-1 ਨਾਲ ਹਰਾ ਕੇ ਕੁਆਰਟਰਫਾਈਨਲ ਵਿਚ ਪੁੱਜਾ। ਦੋ ਗੋਲ ਸਟਾਰ ਖਿਡਾਰੀ ਕੀਲਿਆਨ ਐੱਮਬਾਪੇ ਨੇ ਕੀਤੇ, ਜਦਕਿ ਤੀਜਾ ਓਲੀਵਰ ਗਿਰੋਡ ਨੇ। ਪੋਲੈਂਡ ਵੱਲੋਂ ਇੱਕੋ-ਇਕ ਗੋਲ ਰਾਬਰਟ ਲੇਵੈਂਡੋਵਸਕੀ ਨੇ ਕੀਤਾ।



ਹੈਂਡਰਸਨ ਆਪਣਾ ਪਹਿਲਾ ਗੋਲ ਕਰਨ ਤੋਂ ਬਾਅਦ ਸਾਥੀਆਂ ਨਾਲ ਖੁਸ਼ੀ ਮਨਾਉਂਦਾ ਹੋਇਆ।

## ਕੇਂਦਰ ਜੀ-20 ਲੋਗੋ 'ਚ ਕਮਲ ਦੀ ਥਾਂ ਕੁਝ ਹੋਰ ਲਾ ਲੈਂਦਾ : ਮਮਤਾ

**ਕੋਲਕਾਤਾ** : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੋਮਵਾਰ ਕਿਹਾ ਕਿ ਜੀ-20 ਲੋਗੋ ਵਿਚ 'ਕਮਲ' ਦੀ ਵਰਤੋਂ ਨੂੰ ਲੈ ਕੇ ਪੈਦਾ ਹੋਇਆ ਵਿਵਾਦ ਅਸਾਧਾਰਨ ਨਹੀਂ ਹੈ, ਪਰ ਉਹ ਇਸ ਨੂੰ ਉਠਾਉਣ ਤੋਂ ਗੁਰੇਜ਼ ਕਰਨਗੇ, ਕਿਉਂਕਿ ਇਸ ਮਾਮਲੇ ਦੀ ਜੇ ਬਾਹਰ ਚਰਚਾ ਕੀਤੀ ਜਾਂਦੀ ਹੈ, ਤਾਂ ਇਹ ਦੇਸ਼ ਲਈ ਚੰਗਾ ਨਹੀਂ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਲੋਗੋ ਲਈ 'ਕਮਲ' ਤੋਂ ਇਲਾਵਾ ਕੋਈ ਵੀ ਰਾਸ਼ਟਰੀ ਚਿੰਨ੍ਹ ਚੁਣ ਸਕਦੀ ਹੈ, ਕਿਉਂਕਿ ਫੁੱਲ ਇੱਕ ਸਿਆਸੀ ਪਾਰਟੀ ਨੂੰ ਵੀ ਦਰਸਾਉਂਦਾ ਹੈ। ਉਧਰ, ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਕੇਂਦਰ ਨੇ ਭਾਜਪਾ ਦੇ ਪ੍ਰਚਾਰ-ਪਸਾਰ ਲਈ ਹੀ ਜੀ-20 ਲੋਗੋ 'ਚ ਕਮਲ ਦੀ ਵਰਤੋਂ ਕੀਤੀ ਹੈ। ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਫੁੱਲ ਦੇਸ਼ ਦੀ ਸੱਭਿਆਚਾਰਕ ਪਛਾਣ ਦਾ ਹਿੱਸਾ ਹੈ।

## ਗੋਲਡੀ ਬਰਾੜ ਦਾ ਦਾਅਵਾ, ਨਾ ਮੈਂ ਅਮਰੀਕਾ 'ਚ ਤੇ ਨਾ ਕਿਸੇ ਦੀ ਹਿਰਾਸਤ 'ਚ

**ਚੰਡੀਗੜ੍ਹ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਿੱਧੂ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ ਘੜਨ ਵਾਲੇ ਗੋਲਡੀ ਬਰਾੜ ਨੂੰ ਅਮਰੀਕਾ 'ਚ ਹਿਰਾਸਤ 'ਚ ਲੈਣ ਦੇ ਕੀਤੇ ਦਾਅਵੇ ਤੋਂ ਤਿੰਨ ਦਿਨ ਮਗਰੋਂ ਗੈਂਗਸਟਰ ਨੇ ਯੂਟਿਊਬ 'ਤੇ ਦਿੱਤੀ ਇੰਟਰਵਿਊ 'ਚ ਦਾਅਵਾ ਕੀਤਾ ਹੈ ਕਿ ਉਹ ਨਾ ਕਿਸੇ ਦੀ ਹਿਰਾਸਤ 'ਚ ਹੈ ਤੇ ਨਾ ਹੀ ਉਸ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਬਰਾੜ ਵੀਡੀਓ 'ਚ ਇਕ ਪੱਤਰਕਾਰ ਨੂੰ ਇਹ ਕਹਿੰਦਾ ਨਜ਼ਰ ਆ ਰਿਹਾ ਹੈ ਕਿ ਭਗਵੰਤ ਮਾਨ ਦਾ ਦਾਅਵਾ ਸਰਾਸਰ ਗਲਤ ਹੈ। ਉਹ ਤਾਂ ਅਮਰੀਕਾ 'ਚ ਵੀ ਨਹੀਂ ਹੈ। ਇਹ ਵੀਡੀਓ ਮਾਨ ਲਈ ਵੱਡੀ ਨਮੋਸ਼ੀ ਹੈ, ਕਿਉਂਕਿ ਉਨ੍ਹਾ ਗੁਜਰਾਤ 'ਚ ਮੀਡੀਆ ਸਾਹਮਣੇ ਉਪਰੋਕਤ ਦਾਅਵਾ ਕੀਤਾ ਸੀ। ਮੁੱਖ ਮੰਤਰੀ ਦੀ ਮੀਡੀਆ ਟੀਮ, ਜਿਸ 'ਚ ਪੰਜਾਬ ਦੇ ਕੁਝ ਆਈ ਏ ਐੱਸ ਅਧਿਕਾਰੀ ਵੀ ਸ਼ਾਮਲ ਸਨ, ਨੇ ਪੱਤਰਕਾਰਾਂ ਨੂੰ ਕਿਹਾ ਸੀ ਕਿ ਉਹ ਅਹਿਮ ਪ੍ਰੈੱਸ ਕਾਨਫਰੰਸ ਲਈ ਤਿਆਰ ਰਹਿਣ, ਜਿਸ 'ਚ ਮੁੱਖ ਮੰਤਰੀ ਮਾਨ ਤਫਸੀਲ 'ਚ ਦੱਸਣਗੇ ਕਿ ਬਰਾੜ ਨੂੰ ਹਿਰਾਸਤ 'ਚ ਕਿਵੇਂ ਲਿਆ ਗਿਆ। ਮਾਨ ਦਾ ਦਾਅਵਾ ਮੂਸੇਵਾਲਾ ਕੇਸ 'ਚ ਪੰਜਾਬ ਪੁਲਸ ਲਈ ਇਕ ਹੋਰ ਝਟਕਾ ਹੈ ਕਿਉਂਕਿ ਜਦੋਂ ਕਿਸੇ ਲੋੜੀਂਦੇ ਭਾਰਤੀ ਅਪਰਾਧੀ ਨੂੰ ਵਿਦੇਸ਼ ਵਿਚ ਕਾਬੂ ਕੀਤਾ ਜਾਂਦਾ ਹੈ ਤਾਂ ਅਜਿਹੇ ਕੇਸਾਂ ਨਾਲ ਭਾਰਤ ਸਰਕਾਰ ਤੇ ਕੇਂਦਰੀ ਏਜੰਸੀਆਂ ਸਿੱਝਦੀਆਂ ਹਨ।

ਇਸ ਤੋਂ ਪਹਿਲਾਂ ਦਿੱਲੀ ਵਿਸ਼ੇਸ਼ ਸੈੱਲ ਦੀ ਪੁਲਸ ਨੇ ਮੂਸੇਵਾਲਾ ਕਤਲ ਕਾਂਡ 'ਚ ਸ਼ਾਮਲ ਬਹੁਤੇ ਸ਼ੂਟਰਾਂ ਨੂੰ ਗ੍ਰਿਫਤਾਰ ਕੀਤਾ ਸੀ। ਮਗਰੋਂ ਇਸ ਕੇਸ ਦਾ ਇਕ ਹੋਰ ਮੁਲਜ਼ਮ ਦੀਪਕ ਟੀਨੂੰ ਪੰਜਾਬ ਪੁਲਸ ਦੇ ਸਬ-ਇੰਸਪੈਕਟਰ ਦੀ ਮਦਦ ਨਾਲ ਮਾਨਸਾ ਪੁਲਸ ਦੀ

● ਬਾਕੀ ਸਫ਼ਾ 10 'ਤੇ

ਨਵਾਂ ਜ਼ਮਾਨਾ
ਮੰਗਲਵਾਰ, 6 ਦਸੰਬਰ 2022

# ਅਦਾਲਤ ਦੀ ਫਟਕਾਰ

*ਪਟਨਾ ਹਾਈ ਕੋਰਟ ਨੇ ਇੱਕ ਔਰਤ ਦਾ ਮਕਾਨ ਬੁਲਡੋਜ਼ਰ ਚਲਾ ਕੇ ਢਾਹ ਦੇਣ ਦੇ ਇੱਕ ਮਾਮਲੇ ਵਿੱਚ ਪੁਲਸ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਜਸਟਿਸ ਸੰਦੀਪ ਕੁਮਾਰ ਦੀ ਬੈਂਚ ਨੇ ਔਰਤ ਵੱਲੋਂ ਦਾਇਰ ਰਿੱਟ ਦੀ ਸੁਣਵਾਈ ਕਰਦਿਆਂ ਨਾ ਸਿਰਫ਼ ਪ੍ਰਸ਼ਾਸਨ ਨੂੰ ਸਗੋਂ ਉਨ੍ਹਾਂ ਭਾਜਪਾ ਸਰਕਾਰਾਂ ਨੂੰ ਵੀ ਸਖ਼ਤ ਝਾੜ ਪਾਈ ਹੈ, ਜਿਨ੍ਹਾਂ ਅਧੀਨ ਵਿਰੋਧੀਆਂ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਬੁਲਡੋਜ਼ਰ ਸੱਭਿਆਚਾਰ ਵਿਕਸਤ ਕੀਤਾ ਗਿਆ ਹੈ। ਯਾਦ ਰਹੇ ਕਿ ਉਤਰ ਪ੍ਰਦੇਸ਼ ਤੋਂ ਸ਼ੁਰੂ ਹੋਇਆ ਬੁਲਡੋਜ਼ਰ ਦਾ ਚਲਣ ਅਸਾਮ ਤੇ ਮੱਧ ਪ੍ਰਦੇਸ਼ ਤੋਂ ਹੁੰਦਾ ਹੋਇਆ ਭਾਜਪਾ ਸ਼ਾਸਤ ਹਰ ਰਾਜ ਦੀ ਪਛਾਣ ਬਣ ਚੁੱਕਾ ਹੈ। ਇਸ ਅਧੀਨ ਖਾਸ ਤੌਰ ਉੱਤੇ ਘੱਟ-ਗਿਣਤੀਆਂ ਤੇ ਦਲਿਤਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ।*

*ਜਸਟਿਸ ਸੰਦੀਪ ਕੁਮਾਰ ਨੇ ਸਖ਼ਤ ਸ਼ਬਦਾਂ ਵਿੱਚ ਪੁਲਸ ਨੂੰ ਸੰਬੋਧਨ ਹੁੰਦਿਆਂ ਕਿਹਾ, 'ਤੁਸੀਂ ਕਿਸ ਦੀ ਨੁਮਾਇੰਦਗੀ ਕਰਦੇ ਹੋ, ਰਾਜ ਦੀ ਜਾਂ ਨਿੱਜੀ ਵਿਅਕਤੀ ਦੀ? ਕੀ ਹੁਣ ਇਥੇ (ਬਿਹਾਰ ਵਿੱਚ) ਵੀ ਬੁਲਡੋਜ਼ਰ ਚੱਲਣਾ ਸ਼ੁਰੂ ਹੋ ਗਿਆ ਹੈ? ਤਮਾਸ਼ਾ ਬਣਾ ਦਿੱਤਾ ਗਿਆ ਹੈ ਕਿ ਕਿਸੇ ਦਾ ਵੀ ਘਰ ਬੁਲਡੋਜ਼ਰ ਚਲਾ ਕੇ ਤੋੜ ਦਿਓਗੇ?'*

*ਇਸ ਕੇਸ ਵਿੱਚ ਥਾਣੇ ਦੇ ਇੰਚਾਰਜ ਦੇ ਜਵਾਬੀ ਹਲਫ਼ਨਾਮੇ ਨੂੰ ਪੜ੍ਹ ਕੇ ਪਹਿਲੀ ਨਜ਼ਰੇ ਅਦਾਲਤ ਨੂੰ ਲੱਗਿਆ ਕਿ ਪੁਲਸ ਨੇ ਕਾਨੂੰਨੀ ਪ੍ਰਕ੍ਰਿਆ ਦੀ ਪਾਲਣਾ ਕੀਤੇ ਬਿਨਾਂ ਨਜਾਇਜ਼ ਤਰੀਕੇ ਨਾਲ ਘਰ ਤੋੜ ਦਿੱਤਾ ਸੀ। ਜਸਟਿਸ ਨੂੰ ਲੱਗਿਆ ਕਿ ਪੁਲਸ ਅਧਿਕਾਰੀਆਂ ਦੀ ਭੂਮਾਫ਼ੀਆ ਨਾਲ ਮਿਲੀਭੁਗਤ ਸੀ। ਇਸ ਉੱਤੇ ਗੁੱਸੇ ਭਰੇ ਲਹਿਜ਼ੇ ਵਿੱਚ ਜਸਟਿਸ ਸੰਦੀਪ ਕੁਮਾਰ ਨੇ ਕਿਹਾ, 'ਜ਼ਮੀਨੀ ਝਗੜਿਆਂ ਨੂੰ ਨਿਬੇੜਨ ਦੀ ਤਾਕਤ ਅਦਾਲਤ ਦੀ ਥਾਂ ਥਾਣੇ ਨੂੰ ਦੇ ਦਿੱਤੀ ਗਈ ਹੈ। ਜੇ ਕਿਸੇ ਨੂੰ ਕੋਈ ਸਮੱਸਿਆ ਹੈ ਤਾਂ ਉਹ ਥਾਣੇ ਜਾਏ, ਪੈਸੇ ਦੇਵੇ ਤੇ ਕਿਸੇ ਦਾ ਵੀ ਘਰ ਤੁੜਵਾ ਦੇਵੇ, ਅਦਾਲਤਾਂ ਨੂੰ ਬੰਦ ਕਰ ਦਿਓ।' ਇਹ ਮਾਮਲਾ ਆਗਮਕੂੰਆਂ ਥਾਣੇ ਨਾਲ ਸੰਬੰਧਤ ਸੀ। ਬੈਂਚ ਨੇ ਆਗਮਕੂੰਆਂ ਥਾਣੇ ਦੇ ਇੰਚਾਰਜ ਨੂੰ ਸਖ਼ਤ ਸ਼ਬਦਾਂ 'ਚ ਕਿਹਾ, 'ਪਟਨਾ ਟਾਊਨ ਦਾ ਇੱਕ ਅ਼ਫਸਰ ਇੰਚਾਰਜ ਜੇਲ੍ਹ ਜਾਵੇਗਾ। ਉਹ ਵੀ ਆਗਮਕੂੰਆਂ ਦਾ ਹੀ ਮਾਮਲਾ ਸੀ, ਜਿਸ ਵਿੱਚ ਇੱਕ ਡਾਕਟਰ ਦੀ ਪ੍ਰਾਪਰਟੀ ਉੱਤੇ ਕਬਜ਼ਾ ਹੋਇਆ ਸੀ। ਸੁਣੋ ਮਿਸਟਰ ਆਗਮਕੂੰਆਂ ਵਾਲੇ ਉਸ ਕੇਸ ਦੀ ਮੇਰੇ ਵਾਲੀ ਜਜਮੈਂਟ ਪੜ੍ਹ ਕੇ ਆਉਣਾ। ਆਗਮਕੂੰਆਂ ਵਿੱਚ ਕੀ ਹੋ ਰਿਹਾ ਦੇਖ ਲਿਓ।'*

*ਜਸਟਿਸ ਸੰਦੀਪ ਕੁਮਾਰ ਇੱਥੇ ਹੀ ਨਹੀਂ ਰੁਕੇ, ਉਨ੍ਹਾ ਕਿਹਾ, 'ਪੁਲਸ ਵਿੱਚ ਤੁਹਾਡੇ ਵਰਗਾ ਅ਼ਫਸਰ ਪੈਦਾ ਨਹੀਂ ਹੋਇਆ। ਪਟਨਾ ਦੇ ਸੀ ਓ ਦੀ ਕਹਾਣੀ ਅਖ਼ਬਾਰ ਵਿੱਚ ਲੜੀਵਾਰ ਛਪ ਰਹੀ ਹੈ। ਪਟਨਾ ਦਾ ਸੀ ਓ ਆਪਣਾ ਵੱਖਰਾ ਦ਼ਫਤਰ ਚਲਾ ਰਿਹਾ ਹੈ। ਉਹ ਦ਼ਫਤਰ ਵਿੱਚ ਨਜਾਇਜ਼ ਵਿਅਕਤੀਆਂ ਨੂੰ ਰੱਖ ਕੇ ਦ਼ਫਤਰ ਚਲਾਉਂਦਾ ਹੈ। ਆਓ ਅੱਠ ਤਰੀਕ ਨੂੰ ਤਿਆਰੀ ਕਰਕੇ, ਜਾਓ ਤੇ ਦਿਓ ਅਪਰਾਧੀਆਂ ਨੂੰ ਵੋਟ।'*

*ਪੀੜਤ ਦੇ ਵਕੀਲ ਨੇ ਜਦੋਂ ਅਦਾਲਤ ਨੂੰ ਦੱਸਿਆ ਕਿ ਇਸ ਕੇਸ ਵਿੱਚ ਅੱਠ ਤੋਂ 12 ਅਪਰਾਧੀ ਵੀ ਸ਼ਾਮਲ ਹਨ ਤਾਂ ਅਦਾਲਤ ਨੇ ਉਨ੍ਹਾਂ ਸਭ ਨੂੰ ਅਦਾਲਤ ਵਿੱਚ ਪੇਸ਼ ਹੋਣ ਦਾ ਨੋਟਿਸ ਦੇ ਦਿੱਤਾ ਤੇ ਨਾਲ ਹੀ ਆਗਮਕੂੰਆਂ ਦੇ ਥਾਣਾ ਇੰਚਾਰਜ ਨੂੰ ਉਨ੍ਹਾਂ ਸਭ ਦੇ ਅਪਰਾਧਿਕ ਰਿਕਾਰਡ ਪੇਸ਼ ਕਰਨ ਦਾ ਹੁਕਮ ਦਿੱਤਾ। ਇਸ ਕੇਸ ਵਿੱਚ ਥਾਣੇ ਵੱਲੋਂ ਪੀੜਤਾ ਵਿਰੁੱਧ ਦਰਜ ਐ਼ੱਫ ਆਈ ਆਰ ਉੱਤੇ ਵੀ ਅਦਾਲਤ ਨੇ ਰੋਕ ਲਾ ਦਿੱਤੀ। ਜਸਟਿਸ ਸੰਦੀਪ ਕੁਮਾਰ ਨੇ ਪੀੜਤਾ ਦੇ ਵਕੀਲ ਨੂੰ ਆਪਣੀਆਂ ਭਾਵਨਾਵਾਂ ਬਾਰੇ ਦੱਸਦਿਆਂ ਕਿਹਾ, "ਸਭ ਦੋਸ਼ੀ ਅ਼ਫਸਰਾਂ ਤੋਂ ਘਰ ਤੋੜਨ ਦੇ ਮੁਆਵਜ਼ੇ ਵਜੋਂ 5-5 ਲੱਖ ਰੁਪਏ ਦਿਵਾਏ ਜਾਣਗੇ, ਉਨ੍ਹਾਂ ਦੀਆਂ ਜੇਬਾਂ ਵਿੱਚੋਂ। ਪੁਲਸ ਤੇ ਸੀ ਓ ਮਿਲ ਕੇ ਰਿਸ਼ਵਤ ਲੈ ਕੇ ਲੋਕਾਂ ਦੇ ਘਰ ਤੁੜਵਾ ਰਹੇ ਹਨ ਤੇ ਭੂਮਾਫੀਏ ਦੇ ਏਜੰਟ ਬਣੇ ਹੋਏ ਹਨ। ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ।' ਇਸ ਦੇ ਨਾਲ ਹੀ ਅਦਾਲਤ ਨੇ ਪਟਨਾ ਪੂਰਬੀ ਦੇ ਐੱਸ ਪੀ, ਪਟਨਾ ਸ਼ਹਿਰ ਦੇ ਸਰਕਲ ਅ਼ਫਸਰ (ਸੀ ਓ) ਤੇ ਆਗਮਕੂੰਆਂ ਥਾਣੇ ਦੇ ਇੰਚਾਰਜ ਨੂੰ 8 ਦਸੰਬਰ ਨੂੰ ਅਦਾਲਤ ਵਿੱਚ ਨਿੱਜੀ ਤੌਰ ਉੱਤੇ ਪੇਸ਼ ਹੋਣ ਲਈ ਕਿਹਾ ਹੈ।*

# ਪਾਠਕ-ਸੱਥ

## ਪ੍ਰਸ਼ਾਸਨ ਸਰਕਾਰ ਦਾ ਸਹਿਯੋਗੀ ਹੋਵੇ

ਸਮੂਹ ਮੁਲਾਜ਼ਮ ਵਰਗ ਸਰਕਾਰ ਦੇ ਕੰਮ ਵਿੱਚ ਦਿਲੋਂ ਸਹਿਯੋਗ ਦੇਵੇ। ਦਫਤਰ ਵਿੱਚ ਜਾਣ ਸਮੇਂ ਉਹ ਸਮਝੇ ਕਿ ਮੈਂ ਪੂਜਾ ਸਥਾਨ 'ਤੇ ਜਾ ਰਿਹਾ ਹਾ। ਮੈਨੂੰ ਉਸ ਸਮੇਂ ਸੰਗਤ ਦੇ ਦਰਸਨ ਕਰਨ ਦਾ ਮੌਕਾ ਮਿਲਦਾ ਹੈ। ਦਫਤਰ ਦੀ ਸਫਾਈ ਅਤੇ ਬਾਥਰੂਮ ਦੀ ਸਫਾਈ ਨੂੰ ਚੈੱਕ ਕਰਨਾ ਸਭ ਦਾ ਪਹਿਲਾ ਫਰਜ਼ ਹੈ। ਪਹਿਲਾਂ ਛੱਤ ਦੀ ਸਫਾਈ ਅਤੇ ਛੱਤ ਉਪਰ ਲੱਗੇ ਜਾਲਿਆਂ ਦੀ ਸਫਾਈ ਕਰਾਉਣੀ ਜ਼ਰੂਰੀ ਹੈ। ਸਾਫ-ਸੁਥਰਾ ਦਫਤਰ ਸਾਰਿਆਂ ਨੂੰ ਆਕਰਸ਼ਿਤ ਕਰਦਾ ਹੈ। ਦਫਤਰ ਵਿਚ ਪਹੁੰਚੇ ਵਿਅਕਤੀ ਅਕਸਰ ਬਜ਼ੁਰਗ ਹੁੰਦੇ ਹਨ, ਉਹਨਾਂ ਲਈ ਬੈਠਣ ਦਾ ਪ੍ਰਬੰਧ ਬਹੁਤ ਹੀ ਵਧੀਆ ਚਾਹੀਦਾ ਹੈ। ਸਮੇਂ 'ਤੇ ਪਹੁੰਚਣ ਵਾਲੇ ਪ੍ਰਸ਼ਾਸਕੀ ਅਧਿਕਾਰੀ ਹਰ ਵਿਅਕਤੀ ਨਾਲ ਮਿੱਠਾ ਬੋਲ ਕੇ ਸਤਿਕਾਰ ਕਰਦੇ ਹਨ। ਪ੍ਰਬੰਧਕੀ ਅਮਲੇ ਦੀ ਘਰ-ਘਰ ਚਰਚਾ ਹੋਣ ਲੱਗ ਜਾਂਦੀ ਹੈ। ਮਾਤਾਵਾਂ, ਭੈਣਾਂ ਅਤੇ ਬਜ਼ੁਰਗਾਂ ਦੀਆਂ ਅਸੀਸਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਪਰਵਾਰਕ ਖੁਸ਼ੀਆਂ ਵੰਡਦੀਆਂ ਹਨ। ਜਦੋਂ ਇਹ ਅਧਿਕਾਰੀ ਘਰ ਨੂੰ ਵਾਪਸ ਆਉਂਦੇ ਹਨ, ਇਨ੍ਹਾਂ ਦੇ ਚੇਹਰੇ 'ਤੇ ਮੁਸਕਰਾਹਟ ਹੁੰਦੀ ਹੈ।

**-ਸੰਤ ਸਿੰਘ ਬੀਲ੍ਹਾ ਧੂਰੀ**, 82888-03674

## ਗੁੰਮਨਾਮ ਚਿੱਤਰਕਾਰ

ਇੱਕ ਖਬਰ ਅਨੁਸਾਰ ਆਪਣੇ ਹੀ ਸ਼ਹਿਰ ਵਿੱਚ ਗੁੰਮਨਾਮ ਹੋਇਆ ਚਿੱਤਰਕਾਰ ਸੋਭਾ ਸਿੰਘ ਪੜ੍ਹ ਕੇ ਬਹੁਤ ਦੁੱਖ ਹੋਇਆ ਕਿ ਸਮੇਂ ਦੀਆਂ ਸਰਕਾਰਾਂ ਨੇ ਪੰਜਾਬ ਦੀ ਵਿਰਾਸਤ ਨੂੰ ਸੰਭਾਲਣ ਦੀ ਬਜਾਏ ਇਸ ਨੂੰ ਖਤਮ ਕਰਨ ਲਈ ਵਧੇਰੇ ਯੋਗਦਾਨ ਪਾਇਆ ਹੈ। ਪਦਮ ਸ੍ਰੀ ਸੋਭਾ ਸਿੰਘ ਦੇ ਜੱਦੀ ਪਿੰਡ ਵਿੱਚ ਹੀ ਉਸ ਦਾ ਨਾਮੋ-ਨਿਸ਼ਾਨ ਮਿਟਾ ਦੇਣਾ ਪੰਜਾਬ ਦੀ ਵਿਰਾਸਤ ਅਤੇ ਇਤਿਹਾਸ ਨੂੰ ਲੱਗ ਰਿਹਾ ਖੋਰਾ ਸਰੇਆਮ ਉਜਾਗਰ ਹੁੰਦਾ ਹੈ। ਸਰਕਾਰਾਂ ਨੂੰ ਜਿੱਥੇ ਇਸ ਵਿਸੇ ਵੱਲ ਧਿਆਨ ਦੇਣ ਦਿੰਦੇ ਹੋਏ ਲੋੜੀਂਦੇ ਕਦਮ ਚੁੱਕਣ ਦੀ ਲੋੜ ਹੈ, ਉਥੇ ਸਮਾਜਿਕ ਕਾਰਕੁਨਾਂ ਦੇ ਨਾਲ-ਨਾਲ ਹਰ ਇੱਕ ਵਿਅਕਤੀ ਦਾ ਫਰਜ਼ ਬਣਦਾ ਹੈ ਕਿ ਉਹ ਪੰਜਾਬ ਦੇ ਇਤਿਹਾਸ ਅਤੇ ਅਨਮੋਲ ਵਿਰਸੇ ਨੂੰ ਸੰਭਾਲਣ ਲਈ ਲੋੜੀਂਦੇ ਯਤਨ ਕਰਨ, ਤਾਂ ਜੋ ਪੰਜਾਬੀ ਸੱਭਿਆਚਾਰ ਨੂੰ ਹੋ ਰਹੇ ਨੁਕਸਾਨ ਨੂੰ ਰੋਕਿਆ ਜਾ ਸਕੇ।

**-ਰਜਵਿੰਦਰ ਪਾਲ ਸ਼ਰਮਾ**, 70873-67969

## ਮੌੜ ਬੰਬ ਕਾਂਡ ਦੇ ਪੀੜਤਾਂ ਨੂੰ ਇਨਸਾਫ ਦਿਵਾਏ ਸਰਕਾਰ

ਪੰਜਾਬ ਵਿੱਚ ਅੱਜ ਤੋਂ ਤਕਰੀਬਨ ਪੰਜ ਸਾਲ ਤੋਂ ਉੱਪਰ ਦਾ ਸਮਾਂ ਹੋ ਗਿਆ ਮੌੜ ਮੰਡੀ ਵਿੱਚ ਬੰਬ ਕਾਂਡ ਹੋਏ ਨੂੰ। ਇਹ ਬੰਬ ਕਾਂਡ ਗੰਦੀ ਸਿਆਸਤ ਦੀ ਕਰਤੂਤ ਸੀ, ਪਰ ਪੀੜਤ ਹੋਏ ਗਰੀਬ ਪਰਵਾਰ ਇਸ ਕਾਂਡ ਦੀ ਜਾਂਚ ਇੱਕ ਇਮਾਨਦਾਰ ਪੁਲਸ ਅਫਸਰ ਨੇ ਬੜੀ ਇਮਾਨਦਾਰੀ ਨਾਲ ਕਰ ਦਿੱਤੀ ਸੀ, ਜਿਸ ਵਿਚ ਸਿਆਸਦਾਨ ਤੇ ਪਾਖੰਡੀਆਂ ਦੇ ਸਬੰਧਾਂ ਦੀ ਮਿਲੀ-ਭੁਗਤ ਪਾਈ ਗਈ ਸੀ, ਪਰ ਇਸ ਜਾਂਚ ਨੂੰ ਉਸ ਸਮੇਂ ਦੀ ਕਾਂਗਰਸ ਸਰਕਾਰ ਨੇ ਰੋਕ ਦਿੱਤਾ ਸੀ ਕਿਉਂਕਿ ਵਿਚ ਉਹਨਾਂ ਦੇ ਆਪਣੇ ਚਹੇਤੇ ਘੜੀਸੇ ਜਾਣੇ ਸਨ। ਇਸ ਜਾਂਚ ਨੂੰ ਰੋਕ ਤਾਂ ਲਿਆ, ਪਰ ਉਸ ਧਮਾਕੇ ਵਿਚ ਜਖਮੀ ਹੋਏ ਲੋਕਾਂ ਦੇ ਜ਼ਖਮ ਫਿਲਹਾਲ ਅੱਲੇ ਹਨ, ਉਥੇ ਜ਼ਖਮੀ ਹੋਇਆ ਸ਼ਖਸ ਹੁਣ ਵੀ ਨਕਾਰਾ ਹੈ। ਹੁਣ ਸਰਕਾਰ ਬਿਲਕੁਲ ਵੱਖਰੀ ਹੈ। ਹੁਣ ਇਸ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਧਮਾਕੇ ਜੋ ਸਿਰਫ ਆਪਣੀ ਸਿਆਸੀ ਰੋਟੀ ਸੇਕਣ ਲਈ ਕੀਤੇ ਜਾਂਦੇ ਹਨ ਨੂੰ ਰੋਕਣ ਲਈ ਇਸ ਧਮਾਕੇ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਜਾਂਚ ਸ਼ੁਰੂ ਕਰਨੀ ਚਾਹੀਦੀ ਹੈ। ਜੇਕਰ ਸਰਕਾਰ ਜਲਦੀ ਫੈਸਲਾ ਨਹੀਂ ਲੈਂਦੀ ਤਾਂ ਕਿਸਾਨ ਤੇ ਸਮਾਜਕ ਜਥੇਬੰਦੀਆਂ ਰਲ ਕੇ ਸਰਕਾਰ 'ਤੇ ਦਬਾਅ ਬਣਾ ਕੇ ਦੋਸੀਆਂ ਨੂੰ ਸਜ਼ਾ ਦਿਵਾਉਣ ਲਈ ਜਾਂਚ ਆਰੰਭ ਕਰਨ, ਤਾਂ ਕਿ ਬੇਗੁਨਾਹਾਂ ਨੂੰ ਇਨਸਾਫ ਮਿਲ ਸਕੇ।

**- ਗੁਰਦਿੱਤ ਸਿੰਘ ਸੇਖੋਂ**, 97811-72781

# ਲੋਕ-ਹਿਤੈਸ਼ੀ ਪੱਤਰਕਾਰਤਾ ਸਾਹਮਣੇ ਹਨ ਵੱਡੀਆਂ ਮੁਸ਼ਕਲਾਂ



ਗੁਰਮੀਤ ਸਿੰਘ ਪਲਾਹੀ

ਦੇਸ਼ ਮਹਾਨ ਭਾਰਤ ਵਿਸ਼ਵ ਪ੍ਰੈੱਸ ਆਜ਼ਾਦੀ ਇੰਡੈਕਸ ਅਧੀਨ 180 ਦੇਸ਼ਾਂ ਵਿਚੋਂ 142 ਰੈਂਕ ਉਤੇ ਹੈ। ਇਹ ਉਸ ਦੇਸ਼ ਵਿੱਚ ਪੱਤਰਕਾਰਾਂ ਦੀਆਂ ਆਜ਼ਾਦੀ ਦੇ ਹਾਲਾਤ ਹਨ, ਜਿਹੜਾ ਦੇਸ਼ ਦੁਨੀਆਂ ਭਰ 'ਚ ਸਭ ਤੋਂ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦਾ ਰਾਖਾ ਹੋਣ ਦਾ ਦਾਅਵਾ ਕਰਦਾ ਨਹੀਂ ਥੱਕਦਾ। ਇਹ ਉਹ ਦੇਸ਼ ਹੈ, ਜਿਥੇ ਹਰ ਦਿਹਾੜੇ ਵੱਡੇ, ਛੋਟੇ ਅਖ਼ਬਾਰਾਂ ਦੇ ਪੱਤਰਕਾਰਾਂ, ਸੰਪਾਦਕਾਂ, ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਅਖ਼ਬਾਰੀ ਕਾਮਿਆਂ ਉਤੇ ਹਮਲੇ ਹੁੰਦੇ ਹਨ। ਇਹ ਹਮਲੇ ਧਨ ਕੁਬੇਰਾਂ, ਹਾਕਮਾਂ, ਗੁੰਡਾਂ ਅਨਸਰਾਂ, ਸਿਆਸੀ ਲੋਕਾਂ ਵਲੋਂ ਮਿਥਕੇ ਕਰਵਾਏ ਜਾਂਦੇ ਹਨ, ਤਾਂ ਕਿ ਲੋਕਾਂ ਦੇ ਹੱਕ 'ਚ ਉੱਠਦੀ ਅਵਾਜ਼ ਦਬਾਈ ਜਾਏ ਅਤੇ ਹਾਕਮ ਅਤੇ ਲੱਠਮਾਰ ਲੋਕ ਆਪਣੀਆਂ ਮਨਆਈਆਂ ਕਰਦੇ ਰਹਿਣ।

ਸਿਤਮ ਦੀ ਗੱਲ ਵੇਖੋ, ਸਾਲ 2014 'ਚ ਜਦੋਂ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ ਭਾਰਤੀ ਹਕੂਮਤ ਦੀ ਗੱਦੀ ਸੰਭਾਲੀ ਤਾਂ ਕਿਹਾ ਸੀ ਕਿ ਉਸ ਲੋਕਤੰਤਰ ਦਾ ਕੀ ਅਰਥ, ਜੇਕਰ ਅਸੀਂ ਬੋਲਣ ਅਤੇ ਆਪਣੇ ਭਾਵ ਪ੍ਰਗਟ ਕਰਨ ਦੀ ਆਜ਼ਾਦੀ ਹੀ ਨਹੀਂ ਦੇ ਸਕਦੇ, ਪਰ ਮੋਦੀ ਹਕੂਮਤ 'ਚ 7-8 ਸਾਲਾਂ ਵਿੱਚ ਜਿਵੇਂ ਲੋਕਾਂ ਦੀ ਆਜ਼ਾਦੀ ਦੀ ਸੰਘੀ ਘੁੱਟੀ ਗਈ, ਪੱਤਰਕਾਰਾਂ ਦੀਆਂ ਕਲਮਾਂ ਉਤੇ ਰੋਕ ਲਾਈ ਗਈ, ਸਮਾਜੀ ਕਾਰਕੁਨਾਂ ਉਤੇ ਤਸ਼ਦੱਦ ਹੋਇਆ ਅਤੇ ਇਥੋਂ ਤੱਕ ਕਿ ਬੋਲਣ, ਚੱਲਣ, ਪਹਿਨਣ ਦੇ ਵਰਤਾਰੇ 'ਤੇ ਬੰਦਿਸ਼ਾਂ ਲਗਾਈਆਂ ਗਈਆਂ, ਉਹ ਆਪਣੇ-ਆਪ ਵਿੱਚ ਦੇਸ਼ ਵਿੱਚ ਹਕੂਮਤ ਦਾ ਇੱਕ ਨਿੰਦਣਯੋਗ ਅਤੇ ਸ਼ਰਮਨਾਕ ਵਰਤਾਰਾ ਸੀ। ਸਾਲ 2014-19 ਦੇ ਸਮੇਂ ਦੌਰਾਨ 40 ਪੱਤਰਕਾਰਾਂ ਦੇ ਕਤਲ ਹੋਏ।

ਨਵੀਂ ਦਿੱਲੀ ਦੇ ਇੱਕ ਮਹੱਤਵਪੂਰਨ ਲੋਕ-ਹੱਕਾਂ ਲਈ ਕੰਮ ਕਰਦੇ ਗਰੁੱਪ ਨੇ ਰਿਪੋਰਟ ਛਾਪੀ ਹੈ, ਜੋ ਦੱਸਦੀ ਹੈ ਕਿ 2021 'ਚ 6 ਪੱਤਰਕਰ ਮਾਰੇ ਗਏ, 108 ਉਤੇ ਹਮਲੇ ਹੋਏ, 13 ਮੀਡੀਆ ਘਰਾਂ ਨੂੰ ਯੋਜਨਾਬੱਧ ਨਿਸ਼ਾਨਾ ਬਣਾਇਆ ਗਿਆ। ਇਹ ਸਭ ਕੁਝ ਖ਼ਾਸ ਕਰਕੇ ਜੰਮੂ-ਕਸ਼ਮੀਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਤ੍ਰਿਪੁਰਾ ਰਾਜਾਂ ਵਿੱਚ ਹੋਇਆ, ਜਿਥੇ ਖ਼ਾਸ ਕਰਕੇ ਭਾਜਪਾ ਦੀਆਂ ਸੂਬਾ ਸਰਕਾਰਾਂ ਹਨ। ਸਭ ਤੋਂ ਵੱਧ 25 ਪੱਤਰਕਾਰਾਂ ਉਤੇ ਹਮਲੇ ਜੰਮੂ-ਕਸ਼ਮੀਰ 'ਚ ਹੋਏ, 16 ਪੱਤਰਕਾਰ ਮੱਧ ਪ੍ਰਦੇਸ਼, 8 ਦਿੱਲੀ 'ਚ, 15 ਤ੍ਰਿਪੁਰਾ 'ਚ 6 ਬਿਹਾਰ 'ਚ, 5 ਅਸਾਮ 'ਚ, ਚਾਰ ਹਰਿਆਣਾ ਅਤੇ ਚਾਰ ਮਹਾਰਾਸ਼ਟਰ, ਤਿੰਨ -ਤਿੰਨ ਗੋਆ ਅਤੇ ਮਨੀਪੁਰ, ਕਰਨਾਟਕ, ਤਾਮਿਲਨਾਡੂ, ਅਤੇ ਦੋ-ਦੋ ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ੍ਹ ਅਤੇ ਇੱਕ ਕੇਰਲਾ 'ਚ ਪੱਤਰਕਾਰ ਨਿਸ਼ਾਨਾ ਬਣਾਏ ਗਏ। ਇਹਨਾਂ ਵਿੱਚ 8 ਔਰਤ ਪੱਤਰਕਾਰਾਂ ਵੀ ਸ਼ਾਮਲ ਹਨ। ਇਹਨਾਂ ਪੱਤਰਕਾਰਾਂ ਉਤੇ ਐੱਫ. ਆਈ. ਆਰ. ਦਰਜ ਹੋਈਆਂ, ਇਹਨਾਂ ਨੂੰ ਧਮਕੀਆਂ ਮਿਲੀਆਂ, ਲੋਕ-ਇਕੱਠਾਂ 'ਚ ਇਹਨਾ ਦੀ ਬੇਇੱਜ਼ਤੀ ਕੀਤੀ ਗਈ, ਸਿਰਫ਼ ਇਸ ਕਰਕੇ ਕਿ ਉਹ ਹਾਕਮਾਂ, ਸਰਕਾਰਾਂ ਦੀਆਂ ਲੋਕ-ਵਿਰੋਧੀ ਪਾਲਿਸੀਆਂ ਦਾ ਵਿਰੋਧ ਆਪਣੀਆਂ ਕਲਮਾਂ ਰਾਹੀਂ ਕਰ ਰਹੇ ਸਨ।

ਕਮੇਟੀ ਟੂ ਪ੍ਰੋਟੈਕਟ ਜਰਨਲਿਸਟ (ਸੀ.ਪੀ.ਜੇ.) ਦੀ 2021 ਦੀ ਇੱਕ ਰਿਪੋਰਟ ਕਹਿੰਦੀ ਹੈ ਕਿ ਸਾਲ 2021 ਵਿੱਚ ਚਾਰ ਪੱਤਰਕਾਰ ਭਾਰਤ 'ਚ ਕਤਲ ਕਰ ਦਿੱਤੇ ਗਏ, ਜਦਕਿ ਦੁਨੀਆ ਭਰ ਵਿੱਚ ਕਤਲ ਕੀਤੇ ਜਾਣ ਵਾਲੇ ਪੱਤਰਕਾਰਾਂ ਦੀ ਗਿਣਤੀ 24 ਸੀ।

ਭਾਰਤ ਵਿੱਚ ਪੱਤਰਕਾਰੀ ਜ਼ੋਖ਼ਮ ਦਾ ਕੰਮ ਹੈ, ਤਲਵਾਰ ਦੀ ਧਾਰ ਉਤੇ ਤੁਰਨ ਵਾਂਗ। ਪੱਤਰਕਾਰਾਂ, ਸੰਪਾਦਕਾਂ, ਆਜ਼ਾਦ ਖਿਆਲ ਮੀਡੀਆ 'ਚ ਕੰਮ ਕਰਨ ਵਾਲੇ ਲੋਕਾਂ ਨੂੰ ਨਿੱਤ ਦਿਹਾੜੇ ਵੱਡੀਆਂ ਔਖਿਆਈਆਂ ਵਿਚੋਂ ਗੁਜ਼ਰਨਾ ਪੈਂਦਾ ਹੈ ਅਤੇ ਇੱਕ ਮਿਸ਼ਨਰੀ ਵਜੋਂ ਸਮਾਜਕ ਜ਼ੁੰਮੇਵਾਰੀ ਨਿਭਾਉਂਦਿਆਂ ਆਪਣੇ ਫ਼ਰਜ਼ ਨਿਭਾਉਣੇ ਪੈਂਦੇ ਹਨ। ਪਰਵਾਰਾਂ ਦੇ ਦੁੱਖਾਂ-ਸੁੱਖਾਂ ਨੂੰ ਛਿੱਕੇ ਟੰਗ ਕੇ, ਆਪਣੇ ਨਿੱਜੀ ਸੁੱਖ ਤਿਆਗ ਕੇ, ਲੋਕਾਂ ਦੀ ਅਵਾਜ਼ ਬਣਨ ਲਈ ਕਲਮ ਵਾਹੁਣੀ ਪੈਂਦੀ ਹੈ। ਇਸ ਬੋਲ-ਤੋਲ ਵਿੱਚ ਵੱਡੇ ਬੰਦਿਆਂ ਦੇ ਹੁਝਕੇ, ਤਿੱਖੀਆਂ ਨਜ਼ਰਾਂ, ਹਾਕਮਾਂ ਦੀਆਂ ਘੂਰੀਆਂ ਅਤੇ ਆਰਥਕ ਧੌਂਸ ਉਸ ਦੇ ਪੱਲੇ ਪੈਂਦੀਆਂ ਹਨ, ਪਰ ਦ੍ਰਿੜਤਾ ਨਾਲ ਕੰਮ ਕਰਨ ਦੀ ਧੁਨ ਉਹਨਾਂ ਪੱਤਰਕਾਰਾਂ ਦੀਆਂ ਕਲਮਾਂ ਨੂੰ ਨਿਖਾਰਦੀ ਹੈ, ਜਿਹੜੇ ਜ਼ਿੰਦਗੀ ਭਰ ਸੱਚ ਨੂੰ ਫਾਂਸੀ ਨਹੀਂ ਚੜ੍ਹਨ ਦਿੰਦੇ ਅਤੇ ਆਜ਼ਾਦੀ, ਹੱਕਾਂ ਲਈ ਕਲਮ ਵਾਹੀ ਤੁਰੇ ਜਾਂਦੇ ਹਨ।

ਇਹਨਾ ਪੱਤਰਕਾਰਾਂ ਦੀਆਂ ਮੁਸ਼ਕਲਾਂ ਵੱਡੀਆਂ ਹਨ, ਜਿਹਨਾਂ ਨੂੰ ਸਰਕਾਰਾਂ ਹੱਲ ਨਹੀਂ ਕਰ ਸਕਦੀਆਂ, ਭਾਵੇਂ ਕਿ ਸਰਕਾਰਾਂ, ਪੱਤਰਕਾਰਾਂ ਨੂੰ ਸਹੂਲਤਾਂ ਦੇਣ ਦੇ ਦਾਅਵੇ ਕਰਦੀਆਂ ਹਨ। ਉਨ੍ਹਾਂ ਨੂੰ ਐਕਰੀਡੇਟਿਡ ਕਾਰਡ ਦੇ ਕੇ, ਸੀਨੀਅਰ ਪੱਤਰਕਾਰਾਂ ਨੂੰ ਮੁਫ਼ਤ ਬੀਮਾ ਸਹੂਲਤਾਂ ਦੇ ਕੇ ਜਾਂ ਫਿਰ ਬਿਮਾਰੀ ਦੀ ਹਾਲਤ ਵਿੱਚ ਕੁਝ ਰਕਮ ਇਲਾਜ ਲਈ ਦੇ ਕੇ ਜਾਂ ਕੁਝ ਇੱਕ ਨੂੰ ਬੁਢਾਪਾ ਪੈਨਸ਼ਨ ਦੇ ਕੇ ਜਾਂ ਫਿਰ ਸ਼੍ਰੋਮਣੀ ਪੱਤਰਕਾਰ ਦਾ ਸਨਮਾਨ ਬਖ਼ਸ਼ ਕੇ, ਪਰ ਇਹ ਸਭ ਕੁਝ ਤਾਂ ਕੁਝ ਜੁਗਾੜੂ ਪੱਤਰਕਾਰ ਹੀ ਪ੍ਰਾਪਤ ਕਰਦੇ ਹਨ। ਅਸਲ ਪੱਤਰਕਾਰ, ਜਿਹੜੇ ਅਸਲ ਅਰਥਾਂ 'ਚ ਲੋਕ ਆਜ਼ਾਦੀ ਘੁਲਾਟੀਏ ਹਨ, ਉਹ ਤਾਂ ਇਹਨਾਂ ਸਹੂਲਤਾ ਵੱਲ ਮੂੰਹ ਵੀ ਨਹੀਂ ਕਰਦੇ।

ਇੱਕ ਨਜ਼ਰ ਪੰਜਾਬੀ ਅਖ਼ਬਾਰਾਂ ਅਤੇ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵੱਲ ਮਾਰਦਿਆਂ ਵੇਖਦੇ ਹਾਂ ਕਿ ਦੇਸ਼ ਭਗਤ, ਲੋਕ-ਪੱਖੀ ਲੋਕਾਂ ਨੇ ਆਪਣੇ ਘਰ-ਬਾਰ ਉਜਾੜ ਕੇ, ਜਾਨ ਜੋਖ਼ਮ 'ਚ ਪਾ ਕੇ ਅਖ਼ਬਾਰਾਂ ਚਲਾਈਆਂ। ਪੱਤਰਕਾਰੀ ਕੀਤੀ, ਲੋਕ ਸੰਘਰਸ਼ਾਂ 'ਚ ਵੱਡਾ ਯੋਗਦਾਨ ਪਾਇਆ। ਅੱਜ ਵੀ ਇਹੋ ਜਿਹੀਆਂ ਦੇਸ਼-ਵਿਦੇਸ਼ 'ਚ ਕੰਮ ਕਰਦੀਆਂ ਅਖ਼ਬਾਰਾਂ, ਪੱਤਰਕਾਰਾਂ ਦੀ ਕਮੀ ਨਹੀਂ ਹੈ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਅਤੇ ਕੁਝ ਲੋਕ ਇਹ ਦਾਅਵਾ ਵੀ ਕਰਦੇ ਹਨ ਕਿ ਉਹ ਨਿਰਪੱਖ ਪੱਤਰਕਾਰੀ ਕਰਦੇ ਹਨ। ਅਸਲ 'ਚ ਨਿਰਪੱਖ ਪੱਤਰਕਾਰੀ ਜਾਂ ਪੱਤਰਕਾਰ ਤਾਂ ਹੁੰਦੇ ਹੀ ਨਹੀਂ, ਉਹ ਲੋਕ-ਹਿਤੈਸ਼ੀ ਪੱਤਰਕਾਰ ਹੁੰਦੇ ਹਨ ਜਾਂ ਲੋਕ-ਵਿਰੋਧੀ ਪੱਤਰਕਾਰ! ਅੱਜ ਦਾ ਗੋਦੀ ਮੀਡੀਆ 'ਲੋਕ ਵਿਰੋਧੀ ਪੱਤਰਕਾਰੀ' ਦੀ ਵੱਡੀ ਉਦਾਹਰਨ ਹੈ, ਜੋ ਸਰਕਾਰ ਦਾ ਡੰਕਾ ਵਜਾਉਂਦਾ ਹੈ, ਧਨ ਕੁਬੇਰਾਂ ਲਈ ਖੜਦਾ ਹੈ ਅਤੇ ਲੋਕ-ਹਿਤੈਸ਼ੀ ਪੱਤਰਕਾਰ ਕਿਸਾਨ, ਲੋਕ ਅੰਦੋਲਨ, ਮਜ਼ਦੂਰ, ਵਿਦਿਆਰਥੀ ਅੰਦੋਲਨਾਂ ਦੀ ਅਵਾਜ਼ ਬਣਦਾ ਹੈ, ਮਹਿੰਗਾਈ, ਭ੍ਰਿਸ਼ਟਾਚਾਰ, ਕੁਨਬਾਪਰਵਰੀ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨ ਲਈ ਅਵਾਜ਼ ਉਠਾਉਂਦਾ ਹੈ। ਇਹੋ ਜਿਹੇ ਲੋਕਾਂ ਦੀਆਂ ਮੁਸ਼ਕਲਾਂ ਤਾਂ ਅਵੱਲੀਆਂ ਹੀ ਹੋਣਗੀਆਂ।

ਪਹਿਲਾ ਆਪਣੀ ਹੋਂਦ ਬਚਾਉਣ ਦਾ ਮਸਲਾ। ਆਪ ਨੂੰ ਤੇ ਆਪਣੇ ਪਰਵਾਰ ਨੂੰ ਪਾਲਣ ਦਾ ਮਸਲਾ। ਆਪਣੀ ਆਜ਼ਾਦੀ ਬਰਕਰਾਰ ਰੱਖਣ ਦਾ ਮਸਲਾ। ਇਹ ਪੱਤਰਕਾਰ ਭਾਵੇਂ ਕਿਸੇ ਅਖ਼ਬਾਰ ਲਈ ਕੰਮ ਕਰਨ ਵਾਲੇ ਜ਼ਮੀਨੀ ਪੱਤਰਕਾਰ ਹੋਣ, ਸੋਸ਼ਲ ਮੀਡੀਆ ਲਈ ਕੰਮ ਕਰਨ ਵਾਲੇ ਕਾਰਕੁਨ ਹੋਣ, ਵੱਡੀਆਂ ਅਖ਼ਬਾਰਾਂ ਲਈ ਕੰਮ ਕਰਨ ਵਾਲੇ ਪੱਤਰਕਾਰ ਹੋਣ ਜਾਂ ਆਪਣਾ ਸਭ ਕੁਝ ਦਾਅ 'ਤੇ ਲਾ ਕੇ ਲੋਕ ਅਵਾਜ਼ ਬੁਲੰਦ ਕਰਨ ਵਾਲੇ ਨਿੱਜੀ ਅਖ਼ਬਾਰਾਂ ਚਲਾਉਣ ਵਾਲੇ ਮੀਡੀਆ ਹਾਊਸ, ਹਫ਼ਤਾਵਾਰੀ ਅਖ਼ਬਾਰਾਂ ਹੋਣ, ਇਹਨਾਂ ਸਭਨਾਂ ਨੂੰ ਆਰਥਕ ਤੰਗੀ ਤਾਂ ਝੱਲਣੀ ਹੀ ਪੈਂਦੀ ਹੈ, ਨਾਲ ਦੀ ਨਾਲ ਸਰਕਾਰਾਂ, ਹਾਕਮਾਂ ਦਾ ਵਿਰੋਧ ਵੀ ਸਹਿਣਾ ਪੈਂਦਾ ਹੈ।

ਪ੍ਰਿੰਟ ਮੀਡੀਆਂ, ਇਲੈਕਟ੍ਰੌਨਿਕ ਮੀਡੀਆ ਅਤੇ ਨਿਊਏਜ ਮੀਡੀਆ, ਜਿਸ ਵਿੱਚ ਵੈੱਬ ਸਰੀਜ਼ ਆਦਿ ਸ਼ਾਮਲ ਹਨ, ਵਿੱਚ ਇਨ੍ਹਾਂ ਦਿਨਾਂ 'ਚ 'ਪੇਡ ਨਿਊਜ਼' ਦੀ ਭਰਮਾਰ ਹੋਣ ਲੱਗੀ ਹੈ, ਜਿਸ ਨੇ ਲੋਕਤੰਤਰ ਦੇ ਥੰਮ੍ਹ ਪੱਤਰਕਾਰਾਂ ਲਈ ਨਵੇਂ ਚੈਲਿੰਜ ਪੈਦਾ ਕੀਤੇ ਹਨ। ਸਿਆਸੀ ਪਾਰਟੀਆਂ ਖ਼ਾਸ ਕਰਕੇ ਚੋਣਾਂ 'ਚ ਆਪਣਾ ਪੱਖ ਦੱਸਣ ਲਈ ਪੇਡ ਨਿਊਜ਼ ਦੀ ਹਾਕਮ ਧਿਰ ਇਸ਼ਤਿਹਾਰਾਂ ਰਾਹੀਂ ਲੋਕਾਂ ਨੂੰ ਪ੍ਰਭਾਵਤ ਕਰਨ ਹਿੱਤ ਵਰਤੋਂ ਕਰਦੇ ਹਨ, ਜੋ ਅੱਜ ਦੇ ਮੀਡੀਆ ਯੁੱਗ 'ਚ ਇੱਕ ਵੱਡਾ ਚੈਲਿੰਜ ਬਣ ਰਿਹਾ ਹੈ। ਇਸ ਤੋਂ ਵੀ ਉਪਰ ਇਹ ਗੱਲ ਵੇਖਣ ਲਈ ਮਿਲ ਰਹੀ ਹੈ ਕਿ ਧਨ ਕੁਬੇਰਾਂ ਦਾ ਮੀਡੀਆ ਉਤੇ ਗਲਬਾ ਪੈਂਦਾ ਜਾ ਰਿਹਾ ਹੈ, ਜਿਹੜੇ ਕਿ ਇਕੱਲੇ-ਇਕਹਿਰੇ ਅਖ਼ਬਾਰਾਂ, ਚੈਨਲਾਂ 'ਤੇ ਕੰਟਰੋਲ ਕਰਦੇ ਹਨ ਅਤੇ ਲੋਕ-ਹਿੱਤਾਂ ਨੂੰ ਛਿੱਕੇ ਟੰਗ ਕੇ ਆਪਣੇ ਹਿੱਤਾਂ ਦੀ ਪੂਰਤੀ ਵਾਲੀ ਪੱਤਰਕਾਰੀ ਨੂੰ ਉਤਸ਼ਾਹਤ ਕਰਦੇ ਹਨ।

ਇਹੋ ਜਿਹੀਆਂ ਹਾਲਤਾਂ ਵਿੱਚ ਪੱਤਰਕਾਰਾਂ ਦੀਆਂ ਮੁਸ਼ਕਲਾਂ ਨਿੱਤ ਦਿਹਾੜੇ ਵਧਦੀਆਂ ਜਾ ਰਹੀਆਂ ਹਨ ਅਤੇ ਇਹਨਾਂ ਮੁਸ਼ਕਲਾਂ ਦੇ ਚੱਲਦਿਆਂ ਪੱਤਰਕਾਰੀ ਦੇ ਪਵਿੱਤਰ ਕਾਰਜ ਨੂੰ ਨੇਪਰੇ ਚਾੜ੍ਹਨ ਵਾਲੇ ਲੋਕ-ਹਿਤੈਸ਼ੀ ਪੱਤਰਕਾਰਾਂ ਦੀ ਨਫ਼ਰੀ ਘਟਦੀ ਜਾ ਰਹੀ ਹੈ, ਜਦਕਿ ਸਿਆਸੀ ਸੌੜੀ ਸੋਚ, ਧੱਕੇਸ਼ਾਹੀ, ਸਰਮਾਏਦਾਰੀ ਗਲਬੇ ਦੇ ਵਧਦੇ ਪ੍ਰਭਾਵ ਕਾਰਨ ਪੈਦਾ ਹੋਏ ਹਾਲਤਾਂ 'ਚ ਸੱਚੀ-ਸੁੱਚੀ ਪੱਤਰਕਾਰਤਾ ਦੀ ਅੱਜ ਭਾਰਤ ਮਹਾਨ ਨੂੰ ਵੱਡੀ ਲੋੜ ਹੈ।

***# ਸੰਪਰਕ : 98158-02070***

# ਲੋਕ ਮਸਲਿਆਂ ਦੇ ਹੱਲ ਲਈ 'ਲੋਕ ਏਕਤਾ' ਜ਼ਰੂਰੀ



ਅੰਮ੍ਰਿਤਪਾਲ ਸਮਰਾਲਾ

ਸਾਡਾ ਦੇਸ਼ ਵੱਖ-ਵੱਖ ਮਸਲਿਆਂ ਨਾਲ ਘਿਰਿਆ ਹੋਇਆ ਦੇਸ਼ ਹੈ, ਜਿਸ ਦੇ ਹੱਲ ਲਈ ਸੰਘਰਸ਼ਸ਼ੀਲ ਲੋਕ ਆਜ਼ਾਦੀ ਤੋਂ ਪਹਿਲਾਂ ਵੀ ਜੁਟੇ ਹੋਏ ਸੀ ਅਤੇ ਆਜ਼ਾਦੀ ਤੋਂ ਬਾਅਦ ਵੀ ਇਹ ਪ੍ਰੰਪਰਾ ਉਸੇ ਤਰ੍ਹਾਂ ਜਾਰੀ ਹੈ। ਇੱਕ ਗੱਲ ਆਮ ਪ੍ਰਚੱਲਿਤ ਹੈ ਕਿ ਸਾਡੇ ਦੇਸ਼ 'ਚ ਕਦੇ ਵੀ ਲੋਕਾਂ ਦੇ ਹੱਥੋਂ ਸੰਘਰਸ਼ ਦਾ ਝੰਡਾ ਨਹੀਂ ਛੁੱਟਿਆ। ਪਹਿਲਾਂ ਦੇਸ਼ ਆਜ਼ਾਦ ਕਰਵਾਉਣ ਲਈ ਸਾਡੇ ਕ੍ਰਾਂਤੀਕਾਰੀਆਂ ਨੇ ਝੰਡਾ ਬੁਲੰਦ ਕਰਕੇ ਲੋਕਾਂ ਨੂੰ ਇੱਕਜੁਟ ਕੀਤਾ ਤੇ ਦੇਸ਼ ਆਜ਼ਾਦ ਕਰਵਾਇਆ ਅਤੇ ਹੁਣ ਦੇਸ਼ ਆਜ਼ਾਦ ਹੋਣ ਉਪਰੰਤ ਵੀ ਇਹ ਝੰਡਾ ਉਸੇ ਤਰ੍ਹਾਂ ਸੰਘਰਸ਼ਸ਼ੀਲ ਲੋਕਾਂ ਦੇ ਹੱਥਾਂ 'ਚ ਹੈ। ਸਾਡੇ ਦੇਸ਼ ਦੇ ਹਾਲਾਤ ਹੀ ਕੁੱਝ ਇਸ ਤਰ੍ਹਾਂ ਦੇ ਹੋ ਚੁੱਕੇ ਹਨ ਕਿ ਲੋਕਾਂ ਨੂੰ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਵੀ ਸੰਘਰਸ਼ ਕਰਨੇ ਪੈ ਰਹੇ ਹਨ, ਕਿਉਂਕਿ ਕੇਂਦਰ ਤੇ ਰਾਜ ਸਰਕਾਰਾਂ ਹਮੇਸ਼ਾ ਲੋਕਾਂ ਦੇ ਵੱਖ-ਵੱਖ ਮਸਲਿਆਂ ਨੂੰ ਨਜ਼ਰ-ਅੰਦਾਜ਼ ਕਰਦੀਆਂ ਰਹੀਆਂ ਹਨ। ਜਿਨ੍ਹਾਂ ਦੇ ਹੱਲ ਕਰਵਾਉਣ ਲਈ ਦੇਸ਼ ਦੇ ਜੁਝਾਰੂ ਤੇ ਅਗਾਂਹਵਧੂ ਸੋਚ ਵਾਲੇ ਨੌਜਵਾਨ ਡਟ ਕੇ ਖੜ੍ਹੇ ਹੁੰਦੇ ਹਨ ਅਤੇ ਲੋਕ ਪੱਖੀ ਆਪਣਾ ਜਜ਼ਬਾ ਦਿਖਾਉਂਦੇ ਹੋਏ ਸਰਕਾਰਾਂ ਨੂੰ ਝੁਕਣ ਲਈ ਮਜਬੂਰ ਕਰ ਦਿੰਦੇ ਹਨ।

ਸਾਡੇ ਦੇਸ਼ ਦੀਆਂ ਸਮੱਸਿਆਵਾਂ ਸ਼ਾਇਦ ਕਦੇ ਵੀ ਖ਼ਤਮ ਨਹੀਂ ਹੋਣੀਆਂ, ਕਿਉਂਕਿ ਕਦੇ ਸਾਡੇ ਕਿਸਾਨਾਂ ਨੂੰ ਧਰਨੇ ਦੇਣੇ ਪੈਂਦੇ ਨੇ, ਕਦੇ ਅਧਿਆਪਕਾਂ ਨੂੰ ਸੜਕਾਂ 'ਤੇ ਆਉਣ ਲਈ ਮਜਬੂਰ ਹੋਣਾ ਪੈਂਦਾ, ਕਦੇ ਸੇਵਾਮੁਕਤ ਹੋਏ ਪੈਨਸ਼ਨਰ ਜ਼ਿੰਦਾਬਾਦ-ਮੁਰਦਾਬਾਦ ਕਰਦੇ ਨੇ, ਕਦੇ ਸੜਕਾਂ ਬਣਵਾਉਣ ਲਈ ਸਮਾਜਸੇਵੀ ਸੰਗਠਨ ਰੋਸ ਮੁਜ਼ਾਹਰੇ ਕਰਦੇ ਨੇ, ਕਦੇ ਪੁਲਸ ਤਸ਼ੱਦਦ ਤੋਂ ਪੀੜਤ ਹੋਏ ਲੋਕ ਸੜਕਾਂ 'ਤੇ ਗਿੜਗੜਾਉਂਦੇ ਨੇ, ਕਦੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਸੰਗਤਾਂ ਤੋਂ ਧਰਨੇ ਲੁਆ ਦਿੰਦੀ ਹੈ, ਕਦੇ ਵਿਦਿਆਰਥੀਆਂ ਨੂੰ ਆਪਣੀਆਂ ਫੀਸਾਂ ਮੁਆਫ਼ ਕਰਵਾਉਣ ਲਈ ਕ੍ਰਾਂਤੀਕਾਰੀ ਬਣਨਾ ਪੈਂਦਾ, ਕਦੇ ਨੋਟਬੰਦੀ ਤੇ ਕਦੇ ਜੀ.ਐੱਸ.ਟੀ. ਦੀ ਮਾਰ ਸਮੇਤ ਹੋਰ ਕਈ ਮੁੱਦੇ ਲੋਕਾਂ ਨੂੰ ਸੜਕਾਂ 'ਤੇ ਲਿਆ ਖੜ੍ਹਾ ਕਰਦੇ ਨੇ। ਇਹੀ ਨਹੀਂ ਕਿ ਸੰਘਰਸ਼ੀ ਲੋਕ ਵਿਹਲੇ ਹੁੰਦੇ ਨੇ, ਤਾਂ ਸੜਕਾਂ 'ਤੇ ਆ ਜਾਂਦੇ ਨੇ, ਬਲਕਿ ਉਨ੍ਹਾਂ ਨੂੰ ਇਸ ਲਈ ਮਜਬੂਰਨ ਸੜਕਾਂ 'ਤੇ ਆਉਣਾ ਪੈਂਦਾ, ਕਿਉਂਕਿ ਇਸ ਤੋਂ ਬਿਨਾਂ ਨਾ ਤਾਂ ਕੋਈ ਪ੍ਰਸ਼ਾਸਨ ਜਾਗਦਾ ਤੇ ਨਾ ਹੀ ਕੋਈ ਸਰਕਾਰ।

ਕਈ ਵਾਰ ਦੇਖਣ ਵਿਚ ਆਇਆ ਹੈ ਕਿ ਜਦੋਂ ਕੋਈ ਸਮਾਜਸੇਵੀ ਸੰਗਠਨ ਲੋਕਾਂ ਦੇ ਹਿੱਤਾਂ ਲਈ ਸੜਕਾਂ 'ਤੇ ਉਤਰਦੇ ਹਨ ਅਤੇ ਸਰਕਾਰਾਂ ਦੇ ਜਬਰ ਵਿਰੁੱਧ ਆਪਣਾ ਰੋਹ ਪ੍ਰਗਟ ਕਰਦੇ ਹਨ ਤਾਂ ਉਥੋਂ ਦੇ ਲੋਕ ਇਨ੍ਹਾਂ ਸਮਾਜਸੇਵੀ ਸੰਗਠਨਾਂ ਦਾ ਸਹਿਯੋਗ ਕਰਨ ਲਈ ਸੜਕਾਂ 'ਤੇ ਉਤਰਨ ਤੋਂ ਜਾਂ ਤਾਂ ਕਤਰਾਉਂਦੇ ਨਜ਼ਰ ਆਉਂਦੇ ਹਨ ਤੇ ਜਾਂ ਫਿਰ ਡਰਦੇ। ਬੱਸ ਇਸੇ ਡਰ ਦਾ ਫਾਇਦਾ ਸਾਡੇ ਰਾਜਨੀਤਕ ਲੋਕ ਚੁੱਕ ਲੈਂਦੇ ਹਨ, ਕਿਉਂਕਿ ਰਾਜਨੀਤਕ ਲੋਕਾਂ ਦੇ ਮਨਾਂ ਅੰਦਰ ਇੱਕ ਗੱਲ ਘਰ ਕਰ ਚੁੱਕੀ ਹੈ ਕਿ ਜ਼ਿਆਦਾਤਰ ਲੋਕ ਇਸ ਧਾਰਨਾ ਦੇ ਹੁੰਦੇ ਹਨ ਕਿ ਸਾਨੂੰ ਕੀ, ਜੋ ਹੋ ਰਿਹੈ, ਹੋਈ ਜਾਵੇ, ਪ੍ਰੰਤੂ ਕ੍ਰਾਂਤੀਕਾਰੀ ਸੋਚ ਲੈ ਕੇ ਨਿਕਲੇ ਜੁਝਾਰੂ ਯੋਧੇ ਕਦੋਂ ਅਜਿਹੇ ਰਾਜਨੀਤਕਾਂ ਦੀ ਪ੍ਰਵਾਹ ਕਰਦੇ ਹਨ, ਉਨ੍ਹਾਂ ਦਾ ਤਾਂ ਇੱਕੋ ਹੀ ਨਿਸ਼ਾਨਾ ਹੁੰਦਾ ਹੈ ਕਿ ਜਬਰ-ਜ਼ੁਲਮ ਦੀ ਟੱਕਰ 'ਚ ਲੋਕ ਹਿੱਤਾਂ ਦੀ ਗੱਲ ਕਰਨਾ ਤੇ ਉਸ ਦੀ ਪੂਰਤੀ ਕਰਵਾਉਣਾ। ਉਨ੍ਹਾਂ ਦਾ ਇਸ ਵਿਚ ਕੋਈ ਨਿੱਜੀ ਸਵਾਰਥ ਨਹੀਂ ਹੁੰਦਾ, ਉਹ ਤਾਂ ਬੱਸ ਇਹੀ ਚਾਹੁੰਦੇ ਹੁੰਦੇ ਨੇ ਕਿ ਜਨਤਾ ਨੂੰ ਉਨ੍ਹਾਂ ਦੇ ਬੁਨਿਆਦੀ ਹੱਕ ਮਿਲਣ।

ਬੇਸ਼ੱਕ ਆਮ ਜਨਤਾ ਦੇ ਅੰਦਰ ਇੱਕ ਡਰ ਦਾ ਮਾਹੌਲ ਹੁੰਦਾ ਵੀ ਆ ਕਿ ਕਿਤੇ ਪ੍ਰਸ਼ਾਸਨ ਜਾਂ ਰਾਜਨੀਤਕ ਲੀਡਰ ਕੋਈ ਪਰਚਾ ਨਾ ਦਰਜ ਕਰਵਾ ਦੇਵੇ ਜਾਂ ਉਨ੍ਹਾਂ ਦਾ ਕੋਈ ਜਾਨੀ/ਮਾਲੀ ਨੁਕਸਾਨ ਨਾ ਕਰਵਾ ਦੇਵੇ, ਪ੍ਰੰਤੂ ਜਦੋਂ ਲੋਕ ਸਰਕਾਰਾਂ ਜਾਂ ਅਧਿਕਾਰੀਆਂ ਤੋਂ ਪੂਰੀ ਤਰ੍ਹਾਂ ਅੱਕ ਜਾਂਦੇ ਹਨ ਤੇ ਫਿਰ ਉਹ ਇਨ੍ਹਾਂ ਗੱਲਾਂ ਦੀ ਪਰਵਾਹ ਨਾ ਕਰਦੇ ਹੋਏ 'ਹਾਅ ਦਾ ਨਾਅਰਾ' ਮਾਰ ਕੇ ਬਾਹਰ ਨਿਕਲਦੇ ਹਨ। ਫੇਰ ਉਹ ਇਹ ਨਹੀਂ ਦੇਖਦੇ ਕਿ ਸਾਹਮਣੇ ਖੜ੍ਹੀ ਵਿਰੋਧੀ ਧਿਰ ਕੋਈ ਸਰਕਾਰ ਹੈ ਜਾਂ ਫਿਰ ਪ੍ਰਸ਼ਾਸਨ, ਉਹ ਅਜਿਹਾ ਪਟਕਾ ਮਾਰਦੇ ਨੇ ਕਿ ਸਰਕਾਰਾਂ ਦੇ ਹੋਸ਼ ਟਿਕਾਣੇ ਆ ਜਾਂਦੇ ਨੇ। ਇਸ ਲਈ ਰਾਜਨੀਤਕਾਂ ਦਾ ਇਹ ਸਮਝ ਲੈਣਾ ਕਿ ਲੋਕ ਡਰਪੋਕ ਨੇ, ਇਹ ਉਨ੍ਹਾਂ ਦੀ ਗਲਤ ਸੋਚਣੀ ਹੈ, ਕਿਉਂਕਿ ਜਦੋਂ 'ਲੋਕ ਏਕਤਾ' ਜ਼ਿੰਦਾਬਾਦ ਹੋ ਕੇ ਬਾਹਰ ਨਿਕਲਦੀ ਹੈ ਤਾਂ ਚੰਗਿਆਂ ਨੂੰ ਵੀ ਵਖਤ ਪਾ ਦਿੰਦੀ ਹੈ। ਸਿਆਣੇ ਕਹਿੰਦੇ ਨੇ ਕਿ ਕਦੇ-ਕਦੇ ਕੀੜੀ ਵੀ ਹਾਥੀ ਨੂੰ ਭਸੂੜੀ 'ਚ ਪਾ ਦਿੰਦੀ ਹੈ ਤੇ ਹਾਥੀ ਦੀ ਸੁੰਡ 'ਚ ਵੜ ਕੇ ਉਸ ਦੀ ਮੌਤ ਦਾ ਕਾਰਨ ਬਣ ਜਾਂਦੀ ਹੈ। ਇਸ ਲਈ ਹੁਕਮਰਾਨਾਂ ਨੂੰ ਲੋਕ ਸ਼ਕਤੀ ਦਾ ਅਹਿਸਾਸ ਕਰਵਾਉਂਦੇ ਰਹਿਣਾ ਆਮ ਜਨਤਾ ਦਾ ਫਰਜ਼ ਹੈ, ਕਿਉਂਕਿ ਜੇਕਰ ਡਰ ਜਾਂ ਭੈਅ ਦੇ ਮਾਹੌਲ 'ਚ ਤੁਸੀਂ ਚੁੱਪੀ ਵੱਟ ਲਈ ਤਾਂ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਨੁਕਸਾਨ ਝੇਲਣਾ ਪਵੇਗਾ ਤੇ ਉਹ ਤੁਹਾਨੂੰ ਕਦੇ ਮੁਆਫ਼ ਨਹੀਂ ਕਰਨਗੀਆਂ। ਇੱਥੇ ਮੈਂ ਇਹ ਨਹੀਂ ਕਹਿ ਰਿਹਾ ਕਿ ਲੋਕਾਂ ਨੂੰ ਸੜਕਾਂ 'ਤੇ ਆ ਕੇ ਹੱਲਾ-ਗੁੱਲਾ ਮਚਾਉਣਾ ਚਾਹੀਦਾ ਹੈ, ਭੰਨ-ਤੋੜ ਕਰਨੀ ਚਾਹੀਦੀ ਹੈ, ਬਿਲਕੁਲ ਵੀ ਨਹੀਂ। ਅਜਿਹਾ ਕਰਨ ਦੀ ਲੋੜ ਨਹੀਂ, ਤੁਹਾਡਾ ਤਾਂ ਲੋਕ ਹਿੱਤਾਂ ਲਈ ਜਾਗਰੂਕ ਹੋਣਾ ਹੀ ਜ਼ਰੂਰੀ ਹੈ, ਤਾਂ ਕਿ ਤੁਹਾਡੇ ਇਲਾਕੇ ਦੇ ਹੁਕਮਰਾਨ ਇਸ ਗੱਲ ਤੋਂ ਭਲੀ-ਭਾਂਤ ਜਾਣੂੰ ਰਹਿਣ ਕਿ ਇੱਥੇ ਜਾਗਦੀ ਜ਼ਮੀਰ ਦੇ ਲੋਕ ਰਹਿੰਦੇ ਹਨ, ਇੱਥੇ ਕਿਸੇ ਪ੍ਰਕਾਰ ਦਾ ਧੱਕਾ ਨਹੀਂ ਚੱਲੇਗਾ। ਜੇਕਰ ਸਾਡੇ ਲੋਕ ਇੱਕ-ਦੂਜੇ ਦੀ ਮਦਦ ਲਈ ਅੱਗੇ ਆਉਣਗੇ ਤਾਂ ਇਸ ਨਾਲ ਜਿੱਥੇ ਭਾਈਚਾਰਕ ਸਾਂਝ ਮਜ਼ਬੂਤ ਹੋਵੇਗੀ, ਉਥੇ ਕੋਈ ਵੀ ਵਿਰੋਧੀ ਧਿਰ ਸਿਰ ਚੁੱਕਣ ਦੀ ਜੁਰਅੱਤ ਨਹੀਂ ਕਰੇਗੀ। ਆਓ ਸਾਰੇ ਲੋਕ ਏਕਤਾ ਦਾ ਸਬੂਤ ਦਿੰਦੇ ਹੋਏ ਹੱਕ-ਸੱਚ 'ਤੇ ਪਹਿਰਾ ਦੇਈਏ ਤੇ ਜ਼ੁਲਮ ਖਿਲਾਫ਼ ਡਟੀਏ, ਜੋ ਸਾਨੂੰ ਵੱਖ-ਵੱਖ ਸਮਿਆਂ ਦੌਰਾਨ ਸਾਡੇ ਗੁਰੂਆਂ-ਪੀਰਾਂ ਨੇ ਸਿਖਾਇਆ ਹੈ।

***# ਸੰਪਰਕ : 95692-16001***

# ਮੇਰਾ ਭਾਰਤ ਮਹਾਨ, ਗਰੀਬੀ ਰੇਖਾ ਤੋਂ ਹੇਠਾਂ 37 ਕਰੋੜ



ਕਮਲਜੀਤ ਸਿੰਘ ਬਨਵੈਤ

ਤੁਸੀਂ ਮੰਨੋ ਭਾਵੇਂ ਨਾ, ਪਰ ਇਹ ਹੈ ਸੱਚ ਕਿ ਪੇਂਡੂ ਭਾਰਤੀ ਰੋਜ਼ਾਨਾ 32 ਰੁਪਏ ਅਤੇ ਸ਼ਹਿਰੀ ਰੋਜ਼ਾਨਾ 47 ਰੁਪਏ ਖਰਚ ਕਰਦੇ ਹਨ। ਦੇਸ਼ ਦੀ 58 ਫੀਸਦੀ ਆਬਾਦੀ ਦੀ ਪ੍ਰਤੀ ਦਿਨ ਆਮਦਨ 190 ਰੁਪਏ ਹੈ। ਭਾਰਤੀ ਰਿਜ਼ਰਵ ਬੈਂਕ ਦੀ ਇਸ ਰਿਪੋਰਟ ਨਾਲ ਚਾਰੇ ਪਾਸੇ ਹਾਹਾਕਾਰ ਤਾਂ ਮਚ ਗਈ ਸੀ, ਪਰ ਹਾਕਮਾਂ ਦਾ ਦਿਲ ਨਹੀਂ ਪਸੀਜਿਆ, ਨਿੱਤ ਦਿਨ ਦੀ 200 ਰੁਪਏ ਤੋਂ ਘੱਟ ਦੀ ਕਮਾਈ ਦੇ ਨਾਲ ਦੋ ਡੰਗ ਦੀ ਸਾਧਾਰਨ ਰੋਟੀ ਵੀ ਨਹੀਂ ਮਿਲਦੀ। ਭਾਰਤ ਦੀ ਕੁੱਲ ਆਬਾਦੀ ਦਾ 29.5 ਫੀਸਦੀ ਹਿੱਸਾ ਗਰੀਬੀ ਰੇਖਾ ਤੋਂ ਹੇਠਾਂ ਰਹਿੰਦਾ ਹੈ। ਰਿਪੋਰਟ ਤਿਆਰ ਕਰਨ ਵੇਲੇ ਭਾਰਤ ਵਿੱਚ ਗਰੀਬਾਂ ਦੀ ਗਿਣਤੀ 27 ਕਰੋੜ ਸੀ, ਜਿਹੜੀ ਕਿ ਹੁਣ 36 ਕਰੋੜ ਨੂੰ ਪਾਰ ਕਰ ਗਈ ਹੈ। ਭੁੱਖ ਸੰਬੰਧੀ ਵਿਸ਼ਵ ਸੂਚੀ ਵਿੱਚ ਭਾਰਤ ਨੂੰ 119 ਦੇਸ਼ਾਂ ਵਿੱਚੋਂ 100ਵੇਂ ਸਥਾਨ 'ਤੇ ਰੱਖਿਆ ਗਿਆ ਹੈ। ਗੁਆਂਢੀ ਦੇਸ਼ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਨਾਲੋਂ ਭਾਰਤ ਮਸਾਂ ਕੁ ਅੱਗੇ ਹੈ। ਭਾਰਤ ਮਾੜੀ ਕਾਰਗੁਜ਼ਾਰੀ ਪੱਖੋਂ ਵੀ ਫਾਡੀ ਰਹਿ ਗਿਆ ਹੈ। ਵਿਸ਼ਵ ਬੈਂਕ ਦੀ ਸੋਧੀ ਹੋਈ ਰਿਪੋਰਟ ਵਿੱਚ ਵਿਸ਼ਵ ਭਰ ਵਿੱਚ 87 ਕਰੋੜ 23 ਲੱਖ ਲੋਕ ਗਰੀਬੀ ਰੇਖਾ ਤੋਂ ਹੇਠਲੇ ਪੱਧਰ ਦਾ ਜੀਵਨ ਜੀਅ ਰਹੇ ਹਨ। ਇਨ੍ਹਾਂ ਵਿੱਚੋਂ 5ਵਾਂ ਹਿੱਸਾ ਭਾਰਤੀਆਂ ਦਾ ਹੈ। ਗਰੀਬ ਭਾਰਤੀ ਵੀ ਹਰ ਰੋਜ਼ ਦੀ ਸਮਰੱਥਾ 1 ਡਾਲਰ ਭਾਵ 75 ਰੁਪਏ ਖਰਚ ਕਰ ਦਿੰਦੀ ਹੈ।

ਭਾਰਤ ਆਜ਼ਾਦੀ ਤੋਂ ਪਹਿਲਾਂ ਹੀ ਗਰੀਬੀ ਅਤੇ ਭੁੱਖਮਰੀ ਨਾਲ ਲੜਦਾ ਰਿਹਾ ਹੈ। ਭਾਵੇਂ ਕਿ ਆਜ਼ਾਦੀ ਤੋਂ ਬਾਅਦ ਸਮੇਂ ਦੇ ਹਾਕਮਾਂ ਨੇ ਗਰੀਬੀ ਖਤਮ ਕਰਨ ਦੇ ਬਹੁਤ ਸਾਰੇ ਨਾਅਰੇ ਦਿੱਤੇ, ਪਰ ਇਨ੍ਹਾਂ ਯੋਜਨਾਵਾਂ ਦੇ ਬਾਵਜੂਦ ਭਾਰਤ ਵਿੱਚ ਗਰੀਬ ਅਤੇ ਅਮੀਰ ਵਿਚਲਾ ਪਾੜਾ ਵਧਦਾ ਗਿਆ। ਮੁਲਕ ਵਿੱਚ ਮਸਾਂ 11 ਫੀਸਦੀ ਲੋਕ ਅਜਿਹੇ ਹਨ, ਜਿਨ੍ਹਾਂ ਦੇ ਘਰਾਂ ਵਿੱਚ ਫਰਿੱਜ ਹੈ ਅਤੇ ਹੋਰ 30 ਫੀਸਦੀ ਕੋਲ ਆਪਣੇ ਰਹਿਣ ਲਈ ਇੱਕ ਕਮਰੇ ਦੀ ਛੱਤ ਹੈ। ਹਾਲੇ ਵੀ 56 ਫੀਸਦੀ ਮਜ਼ਦੂਰ ਬੇਜ਼ਮੀਨੇ ਹਨ।

ਤਸਵੀਰ ਦਾ ਦੂਜਾ ਪੱਖ ਭਾਰਤ ਦਾ ਰੰਗੀਨ ਚਿਹਰਾ ਪੇਸ਼ ਕਰਦਾ ਹੈ। ਭਾਰਤ ਦੇ ਸਿਰਫ਼ 10 ਅਰਬਪਤੀਆਂ ਕੋਲ 385.2 ਅਰਬ ਡਾਲਰ ਦੀ ਜਾਇਦਾਦ ਹੈ। ਗੌਤਮ ਅਡਾਨੀ ਦੀ ਜਾਇਦਾਦ 150 ਅਰਬ ਡਾਲਰ ਨੂੰ ਜਾ ਪੁੱਜੀ ਹੈ। ਮੁਕੇਸ਼ ਅੰਬਾਨੀ 88 ਅਰਬ ਡਾਲਰ ਦੇ ਮਾਲਕ ਹਨ। ਰਾਧਾ ਕ੍ਰਿਸ਼ਨ ਦਾਮਨੀ ਦੀ ਜਾਇਦਾਦ 27.6 ਅਰਬ ਡਾਲਰ ਅਤੇ ਸਾਇਰਸ ਪੂਨਾਵਾਲਾ ਦੀ ਜਾਇਦਾਦ 21.5 ਅਰਬ ਡਾਲਰ ਦੱਸੀ ਗਈ ਹੈ। ਸ਼ਿਵ ਨਾਇਰ ਕੋਲ ਵੀ 21.4 ਅਰਬ ਡਾਲਰ ਦੀ ਜਾਇਦਾਦ ਹੋਣ ਦਾ ਖੁਲਾਸਾ ਹੋਇਆ ਹੈ। ਸ਼ਵਿੱਤਰੀ ਜਿੰਦਲ, ਜਿਹੜੇ ਕਿ ਕਾਂਗਰਸ ਦੀ ਸਰਕਾਰ ਵੇਲੇ ਹਰਿਆਣਾ ਦੇ ਮੰਤਰੀ ਰਹੇ ਹਨ, ਦੀ ਜਾਇਦਾਦ 16.4 ਅਰਬ ਡਾਲਰ ਨੂੰ ਟੱਪ ਗਈ ਹੈ। ਦਲੀਪ ਰਾਘਵ ਦੀ ਜਾਇਦਾਦ 15.5 ਅਰਬ ਡਾਲਰ, ਕੁਮਾਰ ਬ੍ਰਦਰਸ਼ ਬਿਡਲਾ ਦੀ ਜਾਇਦਾਦ 15 ਅਰਬ ਡਾਲਰ ਅਤੇ ਬਜਾਜ ਆਟੋ ਦੀ ਜਾਇਦਾਦ 14.6 ਅਰਬ ਡਾਲਰ ਦੱਸੀ ਗਈ ਹੈ।

ਹੈਰਾਨੀ ਵਾਲੀ ਗੱਲ ਇਹ ਕਿ ਡਾਲਰ ਦੇ ਮੁਕਾਬਲੇ ਰੁਪਏ ਦੇ ਮੂਧੇ ਮੂੰਹ ਡਿੱਗਣ ਦੇ ਬਾਵਜੂਦ ਭਾਰਤ ਦੇ 100 ਅਮੀਰਾਂ ਦੀ ਜਾਇਦਾਦ ਵਿੱਚ 25 ਅਰਬ ਡਾਲਰ ਦਾ ਵਾਧਾ ਹੋਇਆ ਹੈ। 100 ਭਾਰਤੀ ਅਮੀਰਾਂ ਦੀ ਸੰਪਤੀ 800 ਅਰਬ ਡਾਲਰ ਨੂੰ ਪਹੁੰਚ ਚੁੱਕੀ ਹੈ, ਜਦਕਿ ਇਸ ਵਿੱਚੋਂ 100 ਅਮੀਰਾਂ ਕੋਲ 385.2 ਅਰਬ ਡਾਲਰ ਦੀ ਜਾਇਦਾਦ ਹੈ। ਇਹ ਅੰਕੜੇ ਫੋਬਰਸ ਇੰਡੀਆ ਦੀ ਰਿਪੋਰਟ ਤੋਂ ਸਾਹਮਣੇ ਆਏ ਹਨ। ਦੇਸ਼ ਦੇ ਸਭ ਤੋਂ 100 ਅਮੀਰਾਂ ਵਿੱਚੋਂ ਗੌਤਮ ਅਡਾਨੀ ਟੌਪ 'ਤੇ ਦੱਸੇ ਜਾ ਰਹੇ ਹਨ, ਜਦਕਿ ਮੁਕੇਸ਼ ਅੰਬਾਨੀ ਕੋਲ ਦੂਜੇ ਨੰਬਰ ਦੀ ਜਾਇਦਾਦ ਹੈ।



ਅਸਮਾਨਤਾਵਾਂ, ਗਰੀਬੀ ਅਤੇ ਭੁੱਖਮਰੀ ਦੀ ਵਜ੍ਹਾ ਕਰਕੇ ਦੇਸ਼ ਵਿੱਚ ਖੁਦਕੁਸ਼ੀਆਂ, ਲੁੱਟਖੋਹ, ਕਤਲੇਆਮ, ਭ੍ਰਿਸ਼ਟਾਚਾਰ, ਨਸ਼ੇ, ਚੋਰੀ ਅਤੇ ਹੋਰ ਅਨੈਤਿਕ ਵਰਤਾਰਾ ਵਧ ਰਿਹਾ ਹੈ, ਪਰ ਦੇਸ਼ ਦੇ ਹਾਕਮ ਆਪਣੇ ਨਿੱਜੀ ਸੁਆਰਥਾਂ ਲਈ ਮੁਲਕ ਦੀਆਂ ਪ੍ਰਾਪਤੀਆਂ ਦੇ ਸੋਲੇ ਗਾਉਂਦੇ ਨਹੀਂ ਥੱਕਦੇ ਹਨ। ਇਨ੍ਹਾਂ ਕੋਲ ਆਮ ਭਾਰਤੀਆਂ ਨੂੰ ਮੂਰਖ ਬਣਾਉਣ ਲਈ ਕਾਫ਼ੀ ਅੰਕੜੇ ਉਪਲੱਬਧ ਹੁੰਦੇ ਹਨ। ਇਹ ਵੱਖਰੀ ਗੱਲ ਹੈ ਕਿ ਬਹੁਤੀ ਵਾਰ ਅਜਿਹੇ ਅੰਕੜਿਆਂ ਵਾਲੀਆਂ ਰਿਪੋਰਟਾਂ ਭਾੜੇ 'ਤੇ ਤਿਆਰ ਕਰਵਾਈਆਂ ਜਾਂਦੀਆਂ ਹਨ। ਇਹ ਆਮ ਜਿਹੀ ਗੱਲ ਹੈ ਕਿ ਸਰਕਾਰ ਦੀ ਵੱਡੀ ਆਮਦਨ ਅਸਿੱਧੇ ਕਰਾਂ ਤੋਂ ਆਉਂਦੀ ਹੈ ਅਤੇ ਟੈਕਸ ਵਿੱਚ ਸਭ ਤੋਂ ਵੱਡਾ ਯੋਗਦਾਨ ਮੱਧਵਰਗ ਦਾ ਹੈ। ਲੋਕਾਂ ਨੂੰ ਹਾਕਮ ਇਸ ਭੁਲੇਖੇ ਵਿੱਚ ਰੱਖੀ ਰੱਖਦੇ ਹਨ ਕਿ ਸੱਤਾ ਦਾ ਇੱਕ ਹੋਰ ਮੌਕਾ ਮਿਲਣ 'ਤੇ ਉਹ ਮੱਧ ਵਰਗ ਨੂੰ ਅਮੀਰ ਹੋਣ ਦੇ ਸੁਪਨੇ ਦਿਖਾ ਦਿੰਦੇ ਹਨ। ਲੋੜ ਤਾਂ ਇਹ ਹੈ ਕਿ ਆਮ ਲੋਕਾਂ ਲਈ ਭਲਾਈ ਦੀਆਂ ਸਕੀਮਾਂ ਸ਼ੁਰੂ ਕੀਤੀਆਂ ਜਾਣ। ਵੋਟਾਂ ਦੀ ਰਾਜਨੀਤੀ, ਸਬਸਿਡੀਆਂ ਅਤੇ ਗਰੰਟੀਆਂ ਨਾਲ ਲੋਕਾਂ ਦਾ ਕੁਝ ਵੀ ਸੌਰਨ ਵਾਲਾ ਨਹੀਂ ਹੈ।

ਮਰਹੂਮ ਇੰਦਰਾ ਗਾਂਧੀ ਦੇ ਕਾਰਜਕਾਲ ਦੌਰਾਨ ਮੁਲਕ ਦੇ ਉੱਘੇ ਅਰਥਸ਼ਾਸਤਰੀ ਡਾਕਟਰ ਬੀ ਐੱਸ ਮਿਨਹਾਸ ਨੇ ਭਾਰਤ ਦੇ ਯੋਜਨਾ ਕਮਿਸ਼ਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇੰਦਰਾ ਗਾਂਧੀ ਆਪਣੇ ਗਰਮ ਸੁਭਾਅ ਲਈ ਮੰਨੀ ਜਾਂਦੀ ਸੀ, ਪਰ ਉਨ੍ਹਾਂ ਨੇ ਅਸਤੀਫ਼ੇ ਬਾਰੇ ਮੰਨਿਆ ਸੀ ਕਿ ਗ਼ਲਤ ਨੀਤੀਆਂ ਕਾਰਨ ਉੱਚ ਕੋਟੀ ਦਾ ਅਰਥ ਸ਼ਾਸਤਰੀ ਗੁਆ ਲਿਆ ਹੈ। ਡਾਕਟਰ ਮਿਨਹਾਸ ਨੇ ਅਸਤੀਫ਼ਾ ਦੇਣ ਮਗਰੋਂ ਲਿਖੀ ਪੁਸਤਕ 'ਯੋਜਨਾਬੰਦੀ ਅਤੇ ਗਰੀਬ' ਵਿੱਚ ਉਨ੍ਹਾਂ ਨੇ ਬਾਖ਼ੂਬੀ ਬਿਆਨ ਕੀਤਾ ਸੀ ਕਿ ਏਅਰ ਕੰਡੀਸ਼ਨਡ ਕਮਰਿਆਂ ਵਿੱਚ ਬੈਠ ਕੇ ਗਰੀਬਾਂ ਦੀ ਬਿਹਤਰੀ ਲਈ ਯੋਜਨਾਵਾਂ ਨਹੀਂ ਬਣਾਈਆਂ ਜਾ ਸਕਦੀਆਂ। ਭਾਰਤ ਸਰਕਾਰ ਅਤੇ ਸੂਬਾ ਸਰਕਾਰਾਂ ਦੇ ਅਦਾਰੇ ਅਰਥ ਸ਼ਾਸਤਰੀਆਂ ਨਾਲ ਭਰੇ ਪਏ ਹਨ, ਪਰ ਸਰਕਾਰਾਂ ਵੱਲੋਂ ਇੱਕ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਇਨ੍ਹਾਂ ਨੂੰ ਦੂਰ ਰੱਖਿਆ ਜਾ ਰਿਹਾ ਹੈ। ਇਹ ਸੱਚ ਹੈ ਕਿ ਸਰਮਾਏਦਾਰੀ ਰਾਜ ਪ੍ਰਬੰਧ ਵਿੱਚ ਹੁਕਮਰਾਨ ਅਕਸਰ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਵਿੱਚ ਅਸੰਵੇਦਨਸ਼ੀਲ ਹੋ ਜਾਂਦੇ ਹਨ। ਕੋਰੋਨਾ ਦੇ ਚਲਦਿਆਂ ਆਮ ਲੋਕਾਂ ਦੀ ਵਿੱਤੀ ਹਾਲਤ ਹੋਰ ਪਤਲੀ ਹੋਈ ਹੈ। ਭਾਰਤ ਦੀ ਗਰੀਬੀ ਆਪਣੇ ਆਪ ਨਹੀਂ ਘਟੇਗੀ। ਇਸ ਲਈ ਕਿਰਤੀ ਲੋਕਾਂ ਨੂੰ ਦਬਾਅ ਬਣਾਉਣ ਲਈ ਦ੍ਰਿੜ੍ਹ ਇੱਛਾ ਸ਼ਕਤੀ ਦੀ ਲੋੜ ਹੈ।

***# ਸੰਪਰਕ : 98147-34035***

# ਸੇਬਾਂ ਦੇ ਵਪਾਰੀ ਦੀ ਮਦਦ ਲਈ ਪੰਜਾਬੀ ਆਏ ਅੱਗੇ

- ਪੰਜਾਬ ਦੇ ਵਪਾਰੀਆਂ ਨੇ ਸੇਬਾਂ ਦੇ ਵਪਾਰੀ ਨੂੰ ਦਿੱਤਾ 9.12 ਲੱਖ ਦਾ ਚੈੱਕ
- ਇਨਸਾਨੀਅਤ ਦੀ ਮਦਦ ਕਰਨਾ ਸਾਡਾ ਸਾਰਿਆਂ ਦਾ ਫਰਜ਼ : ਐੱਸ ਐੱਸ ਪੀ



ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਬੀਤੇ ਦਿਨੀਂ ਜੀ.ਟੀ.ਰੋਡ 'ਤੇ ਪੈਂਦੇ ਜ਼ਿਲ੍ਹੇ ਦੇ ਪਿੰਡ ਰਾਜਿੰਦਰਗੜ੍ਹ ਨੇੜੇ ਉੜੀਸਾ ਨੂੰ ਜਾ ਰਿਹਾ ਸੇਬਾਂ ਦਾ ਭਰਿਆ ਟਰੱਕ ਪਲਟਣ ਉਪਰੰਤ ਸੇਬਾਂ ਦੀਆਂ ਪੇਟੀਆਂ ਚੁੱਕ ਕੇ ਲੈ ਜਾਣ ਦੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਦੇ ਮਾਮਲੇ ਵਿੱਚ ਉਦੋਂ ਨਵਾਂ ਮੋੜ ਆਇਆ, ਜਦੋਂ ਦੋ ਪੰਜਾਬੀ ਵਪਾਰੀਆਂ ਪਟਿਆਲਾ ਦੇ ਰਾਜਵਿੰਦਰ ਸਿੰਘ ਤੇ ਮੋਹਾਲੀ ਦੇ ਗੁਰਪ੍ਰੀਤ ਸਿੰਘ ਨੇ ਕਸ਼ਮੀਰ ਦੇ ਵਪਾਰੀ ਮੁਹੰਮਦ ਸ਼ਾਹਿਦ ਦੇ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਉਸ ਨੂੰ 9 ਲੱਖ 12 ਹਜ਼ਾਰ ਦਾ ਚੈੱਕ ਦਿੱਤਾ। ਜ਼ਿਲ੍ਹਾ ਪੁਲਸ ਮੁਖੀ ਡਾ: ਰਵਜੋਤ ਗਰੇਵਾਲ ਦੇ ਯਤਨਾਂ ਸਦਕਾ ਹੋਏ ਇਸ ਘਟਨਾਕ੍ਰਮ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸ਼ਾਖ ਹੋਰ ਨਿਖਰ ਕੇ ਦੁਨੀਆ ਦੇ ਸਾਹਮਣੇ ਆਈ ਹੈ, ਜਿਸ 'ਤੇ ਕਸ਼ਮੀਰ ਦੇ ਬਾਰਾਮੂਲਾ ਦੇ ਸੇਬਾਂ ਦੇ ਵਪਾਰੀ ਨੂੰ ਇਹ ਕਹਿਣਾ ਪਿਆ ਹੈ ਕਿ ਪੰਜਾਬੀ ਹਮੇਸ਼ਾ ਲੋਕਾਂ ਦੀ ਮਦਦ ਲਈ ਹੀ ਜਾਣੇ ਜਾਂਦੇ ਹਨ।

ਇਸ ਸਬੰਧੀ ਜ਼ਿਲ੍ਹਾ ਪੁਲਸ ਮੁਖੀ ਨੇ ਆਪਣੇ ਦਫ਼ਤਰ ਵਿਖੇ ਕੀਤੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸ੍ਰੀਨਗਰ ਤੋਂ ਸੇਬਾਂ ਦੀਆਂ 1265 ਪੇਟੀਆਂ ਲੈ ਕੇ ਉੜੀਸਾ ਜਾ ਰਹੇ ਸੇਬਾਂ ਦੇ ਭਰੇ ਟਰੱਕ ਦੇ ਪਿੰਡ ਰਾਜਿੰਦਰਗੜ੍ਹ ਨੇੜੇ ਪਲਟਣ ਤੇ ਲੋਕਾਂ ਵੱਲੋਂ ਸੇਬਾਂ ਦੀਆਂ ਪੇਟੀਆਂ ਲੁੱਟ ਕੇ ਲੈ ਜਾਣ ਦੀ ਸੋਸ਼ਲ ਮੀਡੀਆ 'ਤੇ ਵੀ.ਡੀ.ਓ. ਵਾਇਰਲ ਹੋਣ ਉਪਰੰਤ ਪੁਲਸ ਨੇ ਫੌਰੀ ਕਾਰਵਾਈ ਕਰਦੇ ਹੋਏ ਥਾਣਾ ਬਡਾਲੀ ਆਲਾ ਸਿੰਘ ਵਿਖੇ ਮੁਕੱਦਮਾ ਨੰ: 138 ਧਾਰਾ 379 ਅਧੀਨ ਮਾਮਲਾ ਦਰਜ ਕੀਤਾ ਅਤੇ ਤਕਨੀਕੀ ਟੀਮ ਦੀ ਸਹਾਇਤਾ ਨਾਲ 10 ਕਥਿਤ ਦੋਸ਼ੀਆਂ ਨੂੰ ਕਾਬੂ ਕਰ ਲਿਆ ਗਿਆ ਹੈ ਅਤੇ 02 ਹੋਰ ਕਥਿਤ ਦੋਸ਼ੀਆਂ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਪੰਜਾਬ ਦੇ ਲੋਕਾਂ ਦੀ ਇੱਕ ਗਲਤ ਤਸਵੀਰ ਲੋਕਾਂ ਸਾਹਮਣੇ ਲਿਆਂਦੀ ਸੀ, ਜੋ ਕਿ ਕਾਫੀ ਸ਼ਰਮਨਾਕ ਹੈ।

ਉਨ੍ਹਾਂ ਕਿਹਾ ਕਿ ਫ਼ਤਹਿਗੜ੍ਹ ਸਾਹਿਬ ਦੀ ਧਰਤੀ ਸ਼ਹੀਦਾਂ ਤੇ ਪੀਰਾਂ, ਪੈਗੰਬਰਾਂ ਦੀ ਧਰਤੀ ਹੈ ਅਤੇ ਇਸ ਧਰਤੀ 'ਤੇ ਅਜਿਹੀ ਘਟਨਾ ਬਹੁਤ ਅਫਸੋਸਜਨਕ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਹਮੇਸ਼ਾ ਮੁਸ਼ਕਲ ਵਿੱਚ ਫਸੇ ਲੋਕਾਂ ਦੀ ਮਦਦ ਕੀਤੀ ਹੈ ਤੇ ਸਾਡੇ ਗੁਰੂਆਂ ਨੇ ਵੀ ਸਾਨੂੰ ਇਹੋ ਸੁਨੇਹਾ ਦਿੱਤਾ ਹੈ, ਪ੍ਰੰਤੂ ਕੁਝ ਮਾੜੇ ਅਨਸਰਾਂ ਕਾਰਨ ਇਹ ਘਟਨਾ ਵਾਪਰੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਅਜਿਹੇ ਹਾਦਸੇ ਆਮ ਤੌਰ 'ਤੇ ਵੇਖਣ ਨੂੰ ਮਿਲ ਜਾਂਦੇ ਹਨ, ਪ੍ਰੰਤੂ ਸਾਨੂੰ ਮੁਸ਼ਕਲ ਵਿੱਚ ਫਸੇ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਮਦਦ ਲਈ ਅੱਗੇ ਆਏ ਪੰਜਾਬ ਦੇ ਵਪਾਰੀਆਂ ਰਾਜਵਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਨ੍ਹਾਂ ਨੇ ਅੱਗੇ ਆ ਕੇ ਜੋ ਕੰਮ ਕੀਤਾ ਹੈ, ਉਸ ਤੋਂ ਹੋਰਨਾਂ ਨੂੰ ਵੀ ਪ੍ਰੇਰਨਾ ਲੈਣੀ ਚਾਹੀਦੀ ਹੈ।

ਇਸ ਮੌਕੇ ਪੰਜਾਬੀ ਰਾਜਵਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਜਦੋਂ ਉਨ੍ਹਾਂ ਸੋਸ਼ਲ ਮੀਡੀਆ 'ਤੇ ਇਹ ਵੀਡੀਓ ਵੇਖੀ ਤਾਂ ਕਾਫੀ ਅਫਸੋਸ ਹੋਇਆ ਸੀ, ਕਿਉਂਕਿ ਪੰਜਾਬੀ ਅਜਿਹੀਆਂ ਹਰਕਤਾਂ ਨਹੀਂ ਕਰਦੇ, ਸਗੋਂ ਪੰਜਾਬੀਆਂ ਨੇ ਤਾਂ ਹਮੇਸ਼ਾ ਹੀ ਹੋਰਨਾਂ ਦੀ ਅੱਗੇ ਆ ਕੇ ਮਦਦ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਵੀਡੀਓ ਤੋਂ ਬਾਅਦ ਉਨ੍ਹਾਂ ਜ਼ਿਲ੍ਹਾ ਪੁਲਸ ਮੁਖੀ ਨਾਲ ਸੰਪਰਕ ਕੀਤਾ ਤੇ ਸੇਬਾਂ ਦੇ ਵਪਾਰੀ ਦੀ ਮਦਦ ਕਰਨ ਦੀ ਗੱਲ ਆਖੀ, ਜਿਸ 'ਤੇ ਜ਼ਿਲ੍ਹਾ ਪੁਲਸ ਮੁਖੀ ਨੇ ਸੇਬਾਂ ਦੇ ਵਪਾਰੀ ਨੂੰ ਬੁਲਾਇਆ ਹੈ। ਸੇਬਾਂ ਦੇ ਵਪਾਰੀ ਮੁਹੰਮਦ ਸ਼ਾਹਿਦ ਨੇ ਕਿਹਾ ਕਿ ਜਦੋਂ ਉਨ੍ਹਾਂ ਦੇ ਡਰਾਇਵਰ ਵੱਲੋਂ ਬਣਾਈ ਵੀਡੀਓ ਉਸ ਨੇ ਵੇਖੀ ਤਾਂ ਬਹੁਤ ਬੁਰਾ ਲੱਗਿਆ, ਕਿਉਂਕਿ ਉਹ ਪੰਜਾਬ ਦੇ ਲੋਕਾਂ ਦੀ ਜੋ ਤਸਵੀਰ ਲੈ ਕੇ ਇਥੋਂ ਪੜ੍ਹ ਕੇ ਗਿਆ ਸੀ, ਇਹ ਵੀਡੀਓ ਉਸ ਤੋਂ ਬਿਲਕੁੱਲ ਉਲਟ ਸੀ। ਉਨ੍ਹਾ ਕਿਹਾ ਕਿ ਪਹਿਲਾਂ ਉਸ ਨੂੰ ਵਿਸ਼ਵਾਸ ਨਹੀਂ ਹੋਇਆ ਕਿ ਪੰਜਾਬ ਦੀ ਧਰਤੀ 'ਤੇ ਅਜਿਹਾ ਹੋਇਆ ਹੈ। ਉਨ੍ਹਾ ਇਹ ਵੀ ਕਿਹਾ ਕਿ ਜੇਕਰ ਇਹ ਘਟਨਾ ਕਿਸੇ ਹੋਰ ਸੂਬੇ ਵਿੱਚ ਹੋਈ ਹੁੰਦੀ ਤਾਂ ਏਨਾ ਅਫਸੋਸ ਨਹੀਂ ਸੀ ਹੋਣਾ। ਉਨ੍ਹਾ ਮਦਦ ਲਈ ਅੱਗੇ ਆਏ ਪੰਜਾਬ ਦੇ ਵਪਾਰੀਆਂ ਤੇ ਜ਼ਿਲ੍ਹਾ ਪੁਲਸ ਮੁਖੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਡੀ.ਐੱਸ.ਪੀ. ਅਮਰਪ੍ਰੀਤ ਸਿੰਘ ਵੀ ਮੌਜੂਦ ਸਨ।

# ਕੇਰਲਾ ਵਿਖੇ ਹੋਣ ਵਾਲੀ ਏਟਕ ਦੀ 42ਵੀਂ ਕੌਮੀ ਕਾਨਫ਼ਰੰਸ ਦੀਆਂ ਤਿਆਰੀਆਂ ਜ਼ੋਰਾਂ 'ਤੇ

- ਦੇਸ਼ ਤੇ ਲੋਕਾਂ ਨੂੰ ਬਚਾਉਣ ਲਈ ਕਾਮੇ ਸੰਘਰਸ਼ ਨੂੰ ਮਜ਼ਬੂਤ ਕਰਨਗੇ : ਅਮਰਜੀਤ ਕੌਰ




ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)

ਦੇਸ਼ ਦੀ ਮਾੜੀ ਸਥਿਤੀ ਨੂੰ ਬਚਾਉਣ ਲਈ ਉਪਾਅ ਕਰਨ ਦੀ ਬਜਾਏ, ਸਰਕਾਰ ਨਿੱਜੀਕਰਨ/ਵਿਨਿਵੇਸ਼ ਤੇ ਜਨਤਕ ਖੇਤਰ ਦੇ ਉਦਯੋਗਾਂ ਦੀ ਵਿਕਰੀ, ਬੁਨਿਆਦੀ ਢਾਂਚੇ ਸਮੇਤ ਰਾਸਟਰੀ ਸੰਪੱਤੀਆਂ, ਰਾਸਟਰੀ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੁਦਰਤੀ ਸਰੋਤਾਂ ਦੇ ਏਜੰਡੇ 'ਤੇ ਚੱਲ ਰਹੀ ਹੈ। ਦਿਨੋਂ-ਦਿਨ ਲਏ ਗਏ ਨੀਤੀਗਤ ਫੈਸਲੇ ਭਾਰਤੀ ਤੇ ਵਿਦੇਸ਼ੀ ਬ੍ਰਾਂਡ ਦੇ ਕਾਰਪੋਰੇਟ ਨੂੰ ਆਮ ਆਦਮੀ ਦੀ ਜ਼ਿੰਦਗੀ ਦੀ ਕੀਮਤ 'ਤੇ ਭਾਰੀ ਮੁਨਾਫਾ ਕਮਾਉਣ ਵਿੱਚ ਮਦਦ ਕਰ ਰਹੇ ਹਨ। ਜਨਤਕ ਖੇਤਰ ਦੇ ਬੈਂਕਾਂ ਤੋਂ ਲਏ ਵੱਡੇ ਕਰਜ਼ਿਆਂ ਵਿੱਚ ਕਾਰਪੋਰੇਟਾਂ ਦੀ ਲੁੱਟ ਨੂੰ ਸਰਕਾਰੀ ਰਿਕਾਰਡ ਵਿੱਚ ਪਿਛਲੇ ਛੇ ਸਾਲਾਂ ਵਿੱਚ ਦਸ ਲੱਖ ਕਰੋੜ ਐਨ.ਪੀ.ਏ ਦੇ ਰੂਪ ਵਿੱਚ ਲਿਖਿਆ ਜਾ ਰਿਹਾ ਹੈ ਤੇ ਦਿਵਾਲੀਆ ਕਾਨੂੰਨ ਰਾਹੀਂ ਹੇਅਰ ਕੱਟ ਦੇ ਨਾਮ 'ਤੇ ਲੁੱਟ ਨੂੰ ਹੋਰ ਅੱਗੇ ਵਧਾਇਆ ਜਾ ਰਿਹਾ ਹੈ। ਟਰੇਡ ਯੂਨੀਅਨਾਂ ਅਜਿਹੀਆਂ ਨੀਤੀਆਂ ਦੀਆਂ ਕੁਦਰਤੀ ਵਿਰੋਧੀ ਹਨ ਤੇ ਸਰਕਾਰ ਨਾਲ ਸੰਗਠਿਤ ਲੜਾਈ ਲੜ ਰਹੀਆਂ ਹਨ। ਟਰੇਡ ਯੂਨੀਅਨਾਂ ਨੂੰ ਅਪਾਹਜ ਕਰਨ ਤੇ ਉਨ੍ਹਾਂ ਨੂੰ ਕਾਬੂ ਕਰਨ ਦੇ ਉਦੇਸ਼ ਨਾਲ ਕਿਰਤ ਕਾਨੂੰਨ ਵਿੱਚ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਤੇ 27 ਕਿਰਤ ਕਾਨੂੰਨਾਂ ਨੂੰ ਚਾਰ ਕੋਡਾਂ ਵਿੱਚ ਬਦਲਿਆ ਜਾ ਰਿਹਾ ਹੈ। ਮਜ਼ਦੂਰਾਂ ਦੇ ਹੱਕਾਂ ਦੀ ਪ੍ਰਾਪਤੀ ਲਈ ਮਜ਼ਦੂਰ ਅੰਦੋਲਨ ਦੇ 150 ਸਾਲਾਂ ਦੇ ਸੰਘਰਸ਼ ਇਸ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ ਮੋਦੀ ਸਰਕਾਰ ਦੇ ਹਮਲੇ ਦੀ ਮਾਰ ਹੇਠ ਹਨ।

ਦੂਜੇ ਪਾਸੇ ਮੋਦੀ ਦੀ ਅਗਵਾਈ ਵਾਲੀ ਭਾਜਪਾ-ਆਰ ਐੱਸ ਐੱਸ ਸਰਕਾਰ ਨਫਰਤ ਫੈਲਾਉਣ ਵਾਲਿਆਂ ਨੂੰ ਪਨਾਹ ਦਿੰਦੀ ਹੈ। ਸਮਾਜ ਵਿੱਚ ਧਰੁਵੀਕਰਨ ਲੋਕਾਂ ਦੇ ਸ਼ਾਂਤੀਪੂਰਨ ਜੀਵਨ ਵਿੱਚ ਵਿਘਨ ਪਾਉਂਦਾ ਹੈ। ਸੱਤਾ 'ਚ ਬੈਠੇ ਕਈ ਮੰਤਰੀ, ਸੰਸਦ ਮੈਂਬਰ, ਵਿਧਾਇਕ ਜਾਂ ਸੱਤਾਧਾਰੀ ਸ਼ਾਸਨ ਦੇ ਅਹਿਮ ਆਗੂ ਲਗਾਤਾਰ ਮਾਹੌਲ ਖਰਾਬ ਕਰਨ ਵਾਲੇ ਬਿਆਨ ਦਿੰਦੇ ਹਨ। ਵਿਰੋਧ ਕਰਨ ਵਾਲਿਆਂ ਨੂੰ ਸਰਕਾਰੀ ਮਸ਼ੀਨਰੀ ਤੇ ਇਸ ਦੀਆਂ ਵੱਖ-ਵੱਖ ਏਜੰਸੀਆਂ ਦੀ ਦੁਰਵਰਤੋਂ ਕਰਕੇ ਘੇਰ ਲਿਆ ਜਾਂਦਾ ਹੈ। ਭਾਰਤੀ ਸੰਵਿਧਾਨ, ਇਸ ਦੀਆਂ ਮੂਲ ਕਦਰਾਂ-ਕੀਮਤਾਂ ਤੇ ਸੰਘੀ ਢਾਂਚਾ ਹਮਲੇ ਅਧੀਨ ਹਨ। ਗਵਰਨਰ ਵਰਗੀ ਸੰਸਥਾ ਦੀ ਵੀ ਦੁਰਵਰਤੋਂ ਹੋ ਰਹੀ ਹੈ।

ਏਟਕ ਟਰੇਡ ਯੂਨੀਅਨਾਂ ਦੀ ਇੱਕ ਮੋਹਰੀ ਸੰਸਥਾ ਹੈ, ਜਿਸ ਦੀ ਸਥਾਪਨਾ 1920 ਵਿੱਚ ਕੀਤੀ ਗਈ ਸੀ ਤੇ ਕਿਰਤੀ ਜਨਤਾ ਦੇ ਹਿੱਤ ਵਿੱਚ ਆਪਣੇ ਸੰਘਰਸ਼ਾਂ ਦੇ ਇਤਿਹਾਸ ਦੇ 103ਵੇਂ ਸਾਲ ਵਿੱਚ ਪ੍ਰਵੇਸ਼ ਕਰਦਾ ਹੈ। ਆਪਣੀ 42ਵੀਂ ਰਾਸ਼ਟਰੀ ਕਾਨਫਰੰਸ 16 ਤੋਂ 20 ਦਸੰਬਰ 2022 ਤੱਕ ਅੱਲਾਪੁਝਾ ਵਿਖੇ ਆਯੋਜਤ ਕਰ ਰਹੀ ਹੈ। ਇਸ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ। ਸੂਬਾਈ ਕਾਨਫਰੰਸਾਂ ਤੇ ਸੈਕਟਰਲ ਫੈਡਰੇਸ਼ਨਾਂ ਦੀਆਂ ਕਾਨਫਰੰਸਾਂ ਹੋ ਰਹੀਆਂ ਹਨ। ਇਸ ਕਾਨਫ੍ਰੰਸ ਵਿੱਚ ਸੰਗਠਿਤ/ਰਸਮੀ ਤੇ ਗੈਰ-ਸੰਗਠਿਤ/ਗੈਰ-ਰਸਮੀ ਅਰਥਚਾਰੇ ਤੇ ਜ਼ਿਆਦਾਤਰ ਰਾਜਾਂ ਦੇ ਲਗਭਗ ਸਾਰੇ ਖੇਤਰਾਂ ਦੀਆਂ ਯੂਨੀਅਨਾਂ ਦੇ ਡੈਲੀਗੇਟ ਹਿੱਸਾ ਲੈਣਗੇ। ਵਰਲਡ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਡਬਲਯੂ.ਐੱਫ.ਟੀ.ਯੂ.) ਦੇ ਜਨਰਲ ਸਕੱਤਰ ਤੇ ਵਿਦੇਸ਼ਾਂ ਤੋਂ ਕੁਝ ਯੂਨੀਅਨਾਂ ਦੇ ਭਰਾਤਰੀ ਡੈਲੀਗੇਟ ਵੀ ਇਸ ਮੌਕੇ ਸ਼ਮੂਲੀਅਤ ਕਰਨਗੇ। ਕੇਂਦਰੀ ਟਰੇਡ ਯੂਨੀਅਨਾਂ ਦੇ ਆਗੂ ਵੀ 17 ਤਰੀਕ ਨੂੰ ਸਵੇਰੇ ਖੁੱਲ੍ਹੇ ਸਮਾਗਮ ਵਿੱਚ ਸ਼ਿਰਕਤ ਕਰਨਗੇ। ਇਸ ਤੋਂ ਪਹਿਲਾਂ 16 ਦਸੰਬਰ ਨੂੰ ਸ਼ਾਮ ਨੂੰ ਜਥੇ ਦਾ ਸਵਾਗਤ ਕੀਤਾ ਜਾਵੇਗਾ ਤੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਵੇਗੀ।

ਇਹ ਇਤਿਹਾਸਕ ਕਾਨਫਰੰਸ ਦੇਸ਼ ਤੇ ਦੁਨੀਆ ਵਿੱਚ ਲਗਾਤਾਰ ਵਧ ਰਹੇ ਆਰਥਿਕ ਸੰਕਟ ਦੇ ਪਿਛੋਕੜ ਵਿੱਚ ਹੋ ਰਹੀ ਹੈ। ਬੇਮਿਸਾਲ ਬੇਰੁਜ਼ਗਾਰੀ, ਜ਼ਰੂਰੀ ਵਸਤਾਂ ਦੀਆਂ ਵਧਦੀਆਂ ਕੀਮਤਾਂ, ਸਿੱਖਿਆ ਤੇ ਸਿਹਤ ਸੇਵਾਵਾਂ ਮਹਿੰਗੀਆਂ ਹੋ ਰਹੀਆਂ ਹਨ, ਜੀਵਨ ਪੱਧਰ ਵਿੱਚ ਵਧ ਰਹੀ ਅਸਮਾਨਤਾ ਨੇ ਆਮ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੋਇਆ ਹੈ। ਵਧਦੀ ਗਰੀਬੀ ਤੇ ਬਾਲ ਮਜ਼ਦੂਰੀ ਦੇ ਮਾਮਲਿਆਂ ਵਿੱਚ ਇੱਕ ਵਾਰ ਫਿਰ ਵਾਧਾ, ਭੁੱਖਮਰੀ ਸੂਚਾਂਕ ਵਿੱਚ ਗਿਰਾਵਟ ਤੇ ਵਧ ਰਹੇ ਲਿੰਗ ਅੰਤਰ ਇਸ ਨੂੰ ਹੋਰ ਗੰਭੀਰ ਬਣਾਉਂਦੇ ਹਨ। ਕੇਂਦਰੀ ਟਰੇਡ ਯੂਨੀਅਨਾਂ ਪਿਛਲੇ ਕਈ ਸਾਲਾਂ ਤੋਂ ਸਾਂਝੇ ਮੰਚ ਦੇ ਤਹਿਤ ਦੇਸ਼ ਵਿਆਪੀ ਮੁਹਿੰਮਾਂ ਤੇ ਹੜਤਾਲਾਂ ਦੇ ਸੱਦੇ ਨੂੰ ਲੈ ਰਹੀਆਂ ਹਨ। ਆਉਣ ਵਾਲੇ ਸਮੇਂ ਲਈ ਐਕਸ਼ਨ ਪ੍ਰੋਗਰਾਮ ਉਲੀਕਣ ਲਈ 30 ਜਨਵਰੀ ਨੂੰ ਦਿੱਲੀ 'ਚ ਵਰਕਰਾਂ ਦੀ ਕੌਮੀ ਕਨਵੈਨਸ਼ਨ ਕਰਨ ਦੀ ਯੋਜਨਾ ਹੈ। ਸਾਡੀ ਕਾਨਫਰੰਸ ਇਨ੍ਹਾਂ ਸਾਰੇ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕਰੇਗੀ, ਮਜ਼ਦੂਰ ਜਮਾਤ ਦੇ ਸੰਘਰਸ਼ ਨੂੰ ਤਿੱਖਾ ਕਰਨ ਲਈ, ਮਜ਼ਦੂਰਾਂ ਤੇ ਕਿਸਾਨ ਅੰਦੋਲਨਾਂ ਵਿਚਕਾਰ ਏਕਤਾ ਨੂੰ ਮਜ਼ਬੂਤ ਕਰਨ ਲਈ, ਸਮਾਜ ਦੇ ਹੋਰ ਵਰਗਾਂ ਦੇ ਨਾਲ ਰਲ ਕੇ ਤੇ ਮੋਦੀ ਸਰਕਾਰ ਨੂੰ ਚੁਣੌਤੀ ਦੇਣ ਲਈ ਅਤੇ ਇਸ ਦੀਆਂ ਦੀਆਂ ਪਿਛਾਖੜੀ ਨੀਤੀਆਂ ਨੂੰ ਉਲਟਾਉਣ ਲਈ ਇੱਕਮੁੱਠ ਹੋ ਕੇ ਕੰਮ ਕਰੇਗੀ।

ਭਾਰਤੀ ਮਜ਼ਦੂਰ ਜਮਾਤ ਬਸਤੀਵਾਦੀ ਸ਼ਾਸਨ ਤੋਂ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੀ ਭਾਗੀਦਾਰ ਹੈ ਅਤੇ ਏ ਆਈ ਟੀ ਯੂ ਸੀ ਨੇ ਆਪਣੀ ਸ਼ਾਨਦਾਰ ਭੂਮਿਕਾ ਨਿਭਾਈ ਹੈ। ਸੁਤੰਤਰ ਭਾਰਤ ਦੇ ਰਾਸ਼ਟਰੀ ਵਿਕਾਸ ਪ੍ਰੋਜੈਕਟ ਵਿੱਚ ਮਜ਼ਦੂਰ ਵਰਗ ਮੁੱਖ ਹਿੱਸਾ ਸੀ। ਇਹ ਮਜ਼ਦੂਰ ਜਮਾਤ ਲਈ ਮੌਕੇ 'ਤੇ ਉੱਠਣ ਤੇ ਆਜ਼ਾਦੀ, ਇਸ ਦੀਆਂ ਪ੍ਰਾਪਤੀਆਂ ਤੇ ਰਾਸ਼ਟਰੀ ਦੌਲਤ ਨੂੰ ਬਚਾਉਣ ਦਾ ਸਮਾਂ ਹੈ। ਅਸੀਂ ਮਹਾਨ ਪੁਨਾਪਾਰਾ ਵੈਲੇਰ ਸ਼ਹੀਦਾਂ ਦੀ ਧਰਤੀ 'ਤੇ ਕਾਨਫਰੰਸ ਕਰ ਰਹੇ ਹਾਂ, ਇਹ ਸਾਨੂੰ ਪ੍ਰੇਰਨਾ ਦਿੰਦਾ ਹੈ। ਇਹ ਦੇਸ਼ ਬਚਾਉਣ, ਲੋਕਾਂ ਨੂੰ ਬਚਾਉਣ ਦੀ ਲੜਾਈ ਹੈ।

## ਕਾਤਰਾਂ

### ਟਰਾਲਾ ਚੋਰੀ ਕਰਨ ਦੇ ਦੋਸ਼ 'ਚ ਮਾਮਲਾ ਦਰਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਟਰਾਲਾ ਚੋਰੀ ਕਰਨ ਦੇ ਦੋਸ਼ 'ਚ ਅਣਪਛਾਤੇ ਵਿਅਕਤੀ ਵਿਰੁੱਧ ਮਾਮਲਾ ਦਰਜ ਕੀਤਾ ਹੈ। ਇਸ ਸੰਬੰਧੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਉਮੇਸ਼ ਸ਼ਰਮਾ ਵਾਸੀ ਗੁਰੂ ਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ ਨੇ ਦੱਸਿਆ ਕਿ ਇਕ ਟਰਾਲਾ ਪੀ ਬੀ 05 ਏਬੀ 5397 ਉਸਨੇ ਐਚਡੀਐਫਸੀ ਬੈਂਕ ਰਾਹੀਂ ਫਾਇਨਾਂਸ ਤੇ ਖਰੀਦ ਕੀਤਾ ਸੀ, ਜਿਸ ਤੇ ਕੁਲਦੀਪ ਰਾਮ ਵਾਸੀ ਨਦਾਣਾ ਬਤੌਰ ਡਰਾਇਵਰ ਨੌਕਰੀ ਕਰਦਾ ਸੀ। ਬੀਤੀ 26 ਜੁਲਾਈ ਨੂੰ ਉਹ ਤੇ ਉਸਦੇ ਡਰਾਇਵਰ ਨੇ ਆਪਣਾ ਟਰਾਲਾ ਉਕਤ ਮਾਲਵਾ ਸਕੂਲ ਸ੍ਰੀ ਮੁਕਤਸਰ ਸਾਹਿਬ ਕੋਲ ਰੋਕ ਕੇ ਰੋਟੀ ਪਾਣੀ ਖਾਣ ਲਈ ਚਲੇ ਗਏ ਜਦ 1 ਘੰਟੇ ਬਾਅਦ ਵਾਪਸ ਆਏ ਤਾਂ ਟਰਾਲਾ ਉਥੇ ਨਹੀਂ ਸੀ, ਜਿਸਨੂੰ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ। ਪੁਲਸ ਨੇ ਅਣਪਛਾਤੇ ਵਿਅਕਤੀ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### 10 ਲੱਖ ਦੀ ਕਣਕ ਲੈ ਕੇ ਸਿਰਸਾ ਤੋਂ ਨੋਇਡਾ ਜਾ ਰਿਹਾ ਟਰਾਲਾ ਗਾਇਬ

**ਸਿਰਸਾ (ਸੁਰਿੰਦਰ ਪਾਲ ਸਿੰਘ)**-10 ਲੱਖ ਦੀ ਕਣਕ ਲੈ ਕੇ ਸਿਰਸਾ ਤੋਂ ਨੋਇਡਾ ਜਾ ਰਿਹਾ ਕਣਕ ਦਾ ਭਰਿਆ ਟਰਾਲਾ ਰਾਹ ਵਿਚ ਕੰਡਕਟਰ ਸਮੇਤ ਗਾਇਬ ਹੋ ਗਿਆ, ਜਿਸ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ ਗਈ। ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।ਜੀਂਦ ਜ਼ਿਲ੍ਹੇ ਦੇ ਪਿੰਡ ਮਾਲਵੀ ਦੇ ਰਹਿਣ ਵਾਲੇ ਟ੍ਰਾਲਾ ਡਰਾਇਵਰ ਸਤੀਸ਼ ਨੇ ਪੁਲਸ ਨੂੰ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਟਰਾਲੇ ਦਾ ਡਰਾਈਵਰ ਸੀ। ਸਤੀਸ਼ ਸਿਰਸਾ ਤੋਂ 352.95 ਕੁਇੰਟਲ ਕਣਕ ਆਪਣੀ ਟਰਾਲੇ ਵਿੱਚ ਲੱਦ ਕੇ ਆਇਆ ਸੀ। ਇਸ ਕਣਕ ਦੀ ਕੀਮਤ ਕਰੀਬ 10 ਲੱਖ ਰੁਪਏ ਹੈ। ਉਸ ਨੇ ਸਿਰਸਾ ਤੋਂ ਨੋਇਡਾ ਕਣਕ ਲੈ ਕੇ ਮਹਿਮ ਬਾਈਪਾਸ ਨੇੜੇ ਆਪਣਾ ਟਰਾਲਾ ਖੜ੍ਹਾ ਕਰ ਦਿੱਤਾ। ਉਹ ਇੱਕ ਢਾਬੇ 'ਤੇ ਟਰਾਲਾ ਖੜ੍ਹਾ ਕਰਕੇ ਭਤੀਜੇ ਦੇ ਵਿਆਹ 'ਚ ਸ਼ਾਮਲ ਹੋਣ ਲਈ ਚਲਾ ਗਿਆ। ਵਿਆਹ ਤੋਂ ਵਾਪਸ ਆ ਕੇ ਦੇਖਿਆ ਤਾਂ ਉਸ ਦਾ ਟਰਾਲਾ ਗਾਇਬ ਸੀ।ਪੰਜਾਬ ਦਾ ਰਹਿਣ ਵਾਲਾ ਕੰਡਕਟਰ ਕਾਲਾ ਸ਼ਰਮਾ ਵੀ ਲਾਪਤਾ ਪਾਇਆ ਗਿਆ। ਜਦੋਂ ਆਲੇ-ਦੁਆਲੇ ਪੁੱਛਗਿੱਛ ਵੀ ਕੀਤੀ। ਸਤੀਸ਼ ਨੇ ਦੱਸਿਆ ਕਿ ਉਸ ਨੇ ਆਪਣੀ ਟਰਾਲੇ 'ਤੇ ਪੰਜਾਬ ਦੇ ਰਹਿਣ ਵਾਲੇ ਕਾਲਾ ਸ਼ਰਮਾ ਨੂੰ ਕੰਡਕਟਰ ਵਜੋਂ ਰੱਖਿਆ ਹੋਇਆ ਸੀ, ਜਿਸ ਨੂੰ ਉਹ ਕਰੀਬ ਇੱਕ ਸਾਲ ਤੋਂ ਜਾਣਦਾ ਹੈ। ਕਾਲਾ ਸ਼ਰਮਾ ਪਹਿਲਾਂ ਉਨ੍ਹਾਂ ਦੇ ਹੋਟਲ ਵਿੱਚ ਕੰਮ ਕਰਦਾ ਸੀ।ਹੁਣ ਉਹ ਕੰਡਕਟਰ ਵੱਲੋਂ ਦੱਸੇ ਪਤੇ 'ਤੇ ਵੀ ਖੋਜ ਕਰ ਰਿਹਾ ਹੈ। ਸਤੀਸ਼ ਨੇ ਦੱਸਿਆ ਕਿ ਟਰਾਲੇ ਵਿੱਚ ਜੀ ਪੀ ਐੱਸ ਸਿਸਟਮ ਲਾਇਆ ਗਿਆ ਹੈ।ਉਨ੍ਹਾਂ ਨੇ ਜੀ ਪੀ ਐੱਸ ਨਾਲ ਟਰਾਲੇ ਦੀ ਲੋਕੇਸ਼ਨ ਟਰੇਸ ਕੀਤੀ ਤੇ ਝੱਜਰ ਦੇ ਬੇਰੀ ਸਥਿਤ ਦਾਦਰੀ ਰੋਡ 'ਤੇ ਟਰਾਲਾ ਮਿਲਿਆ, ਪਰ ਟਰਾਲੇ ਵਿੱਚ ਲੱਦੀ ਕਣਕ ਗਾਇਬ ਸੀ।ਪੁਲਸ ਨੇ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਔਰਤ ਵੱਲੋਂ ਆਤਮ-ਹੱਤਿਆ

**ਮਾਨਸਾ (ਗੀਤਵਾਲ)**-ਜ਼ਿਲ੍ਹੇ ਦੇ ਪਿੰਡ ਜੀਵਨ ਨਗਰ ਰਿਉਂਦ ਕਲਾਂ ਵਿਖੇ ਇੱਕ ਔਰਤ ਵੱਲੋਂ ਘਰ ਵਿੱਚ ਫਾਹਾ ਲੈ ਕੇ ਆਤਮ ਹੱਤਿਆ ਕਰਨ ਦਾ ਸਮਾਚਾਰ ਮਿਲਿਆ ਹੈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਹਰਮਨਜੀਤ ਕੌਰ (30 ਸਾਲਾ) ਪਤਨੀ ਅਮਨਦੀਪ ਸਿੰਘ ਦਾ 1 ਸਾਲ ਪਹਿਲਾਂ ਵਿਆਹ ਹੋਇਆ ਸੀ। ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਐੱਸ.ਐੱਚ.ਓ. ਬੋਹਾ ਨੇ ਦੱਸਿਆ ਕਿ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਰੇਲਵੇ ਓਵਰਬ੍ਰਿਜ ਨੇੜੇ ਟਰੱਕ ਫਸਣ ਕਾਰਨ ਲੋਕ ਪ੍ਰੇਸ਼ਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਥਾਨਕ ਜਲਾਲਾਬਾਦ ਰੋਡ ਓਵਰਬ੍ਰਿਜ ਨੇੜੇ ਸੋਮਵਾਰ ਸਵੇਰੇ ਝੋਨੇ ਦਾ ਭਰਿਆ ਟਰੱਕ ਓਵਰਬ੍ਰਿਜ ਦੇ ਨਾਲ ਦੀ ਲੰਘ ਰਹੇ ਰਸਤੇ ਵਿੱਚ ਫਸ ਗਿਆ, ਜਿਸ ਨਾਲ ਲੋਕਾਂ ਨੂੰ ਕਾਫੀ ਪਰੇਸ਼ਾਨ ਹੋਣਾ ਪਿਆ, ਕਿਉਂਕਿ ਰਸਤਾ ਬੰਦ ਹੋ ਗਿਆ। ਦੱਸਣਯੋਗ ਹੈ ਕਿ ਉਕਤ ਜਗਾਂ ਤੇ ਓਵਰਬ੍ਰਿਜ ਦਾ ਕੰਮ ਚੱਲ ਰਿਹਾ ਹੈ, ਜਿਸ ਦੇ ਚਲਦਿਆਂ ਇਹ ਰੋਡ ਹੈਵੀ ਹਵੀਕਲਾਂ ਲਈ ਚਾਲੂ ਨਹੀਂ ਹੋਈ ਹੈ, ਪਰ ਇਸਦੇ ਬਾਵਜੂਦ ਟਰੱਕ ਚਾਲਕ ਇੱਥੋਂ ਟਰੱਕ ਲੰਘਾ ਰਿਹਾ ਸੀ, ਪਰ ਜਗ੍ਹਾ ਘੱਟ ਹੋਣ ਕਰਕੇ ਟਰੱਕ ਬਿਜਲੀ ਦੇ ਖੰਭੇ ਕੋਲ ਫਸ ਗਿਆ। ਉੱਧਰ ਮੌਕੇ ਮੌਜੂਦ ਦੁਕਾਨਦਾਰਾਂ ਨੇ ਪ੍ਰਸ਼ਾਸਨ ਦਾ ਵਿਰੋਧ ਕਰਦਿਆਂ ਓਵਰਬ੍ਰਿਜ ਦੇ ਕੰਮ ਨੂੰ ਨਿਯਮਾਂ ਅਨੁਸਾਰ ਨਾ ਹੋਣ ਦਾ ਦੋਸ਼ ਲਾਇਆ। ਦੁਕਾਨਦਾਰ ਅੰਮ੍ਰਿਤ ਲਾਲ ਖੁਰਾਣਾ, ਸਾਜਨ ਰੱਸੇਵਟ, ਅਮਿਤ ਦਾਬੜਾ ਆਦਿ ਨੇ ਕਿਹਾ ਕਿ ਸਾਢੇ ਅੱਠ ਫੁੱਟ ਦਾ ਟਰੱਕ ਹੀ ਇਸ ਜਗਾਂ ਤੋਂ ਨਹੀਂ ਲੰਘ ਸਕਿਆ ਤਾਂ ਕਿਵੇਂ ਮੰਨਿਆ ਜਾਵੇ ਕਿ ਕੰਮ ਨਿਯਮਾਂ ਅਨੁਸਾਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੇ 13 ਫੁੱਟ ਜਗ੍ਹਾ ਦੇਣ ਦੀ ਗੱਲ ਕਹੀ ਸੀ, ਪਰ ਹਾਲੇ ਤੱਕ ਬਿਜਲੀ ਦੇ ਖੰਭੇ ਹੀ ਪਿਛਾਹ ਸਿਫਟ ਨਹੀਂ ਕੀਤੇ ਗਏ ਹਨ।

# ਮੋਦੀ ਸਰਕਾਰ ਹਰਿਆਣਾ ਨੂੰ ਪੰਜਾਬ 'ਚ ਸ਼ਾਮਲ ਕਰ ਦੇਵੇ ਤਾਂ ਸਾਰੇ ਮਸਲੇ ਹੱਲ ਹੋ ਜਾਣਗੇ : ਖੰਗੂੜਾ

**ਨਾਭਾ (ਵਰਿੰਦਰ ਵਰਮਾ)**-ਕੇਂਦਰ ਸਰਕਾਰ 1966 ਤੋਂ ਹੀ ਪੰਜਾਬੀਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਆ ਰਹੀ ਹੈ। ਇਹ ਵਿਚਾਰ ਪਟਿਆਲਾ ਗੇਟ ਨਾਭਾ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਅਖਿਲ ਭਾਰਤੀ ਮਨੁੱਖੀ ਅਧਿਕਾਰ ਨਿਗਰਾਨੀ ਸਮਿਤੀ ਰਜਿਸਟਰ ਪੰਜਾਬ ਦੇ ਪ੍ਰਧਾਨ ਰਣਧੀਰ ਸਿੰਘ ਖੰਗੂੜਾ ਨੇ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਭਾਰਤ ਸਰਕਾਰ ਵੱਲੋਂ ਜਦੋਂ 01 ਨਵੰਬਰ 1966 ਨੂੰ ਪੈਪਸੂ ਨੂੰ ਤੋੜ ਕੇ ਤਿੰਨ ਟੁੱਕੜੇ ਕਰਕੇ ਪੰਜਾਬ ਬਣਾਇਆ, ਪਹਿਲਾ ਟੱਕ ਪੰਜਾਬੀਆਂ ਦੀ ਹਿੱਕ 'ਤੇ ਉਸ ਵੇਲੇ ਮਾਰਿਆ ਕਿ ਪੈਪਸੂ ਵਿੱਚ ਪੰਜਾਬ ਤੀਜੇ ਹਿੱਸੇ ਦਾ ਰਹਿ ਗਿਆ, ਦੋ ਹਿੱਸੇ ਦੇ ਹਰਿਆਣਾ ਤੇ ਹਿਮਾਚਲ ਸੂਬੇ ਬਣਾ ਦਿੱਤੇ ਗਏ। ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਬਣਾ ਦਿੱਤੀ ਗਈ, ਉਸ ਵਿੱਚ ਹਰਿਆਣਾ ਨੂੰ ਪੰਜ ਸਾਲ ਵਾਸਤੇ ਹਰਿਆਣਾ ਰਾਜਧਾਨੀ ਦਾ ਕੰਮ ਕਰਨ ਲਈ ਮੌਕਾ ਦਿੱਤਾ, ਜੋ ਹੁਣ ਅੱਧ ਦੇ ਮਾਲਕ ਬਣ ਕੇ ਬੈਠੇ ਹਨ। ਕੇਂਦਰ ਸਰਕਾਰ ਨੇ ਚੰਡੀਗੜ੍ਹ ਪ੍ਰਸ਼ਾਸਨ ਦੇ ਮੁਲਾਜ਼ਮਾਂ ਨੂੰ ਵੀ ਕੇਂਦਰ ਸਰਕਾਰ ਦਾ ਵੇਤਨ ਵਧਾ ਕੇ ਆਪਣੇ ਵਿੱਚ ਸ਼ਾਮਲ ਕਰ ਲਿਆ, ਕਦੇ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ ਦਾ ਮਸਲਾ ਖੜਾ ਹੋ ਜਾਂਦਾ ਹੈ, ਕਦੇ ਭਾਖੜਾ ਡੈਮ ਦੇ ਪ੍ਰਬੰਧਕ ਦਾ, ਕਦੇ ਪੰਜਾਬ ਦੇ ਪਾਣੀਆਂ ਤੇ ਹਰਿਆਣੇ ਦਾ ਹੱਕ ਜਤਾ ਕੇ ਪੰਜਾਬ ਦੇ ਲੋਕਾਂ ਨਾਲ ਸਰਾਸਰ ਧੱਕਾ ਕੀਤਾ ਜਾ ਰਿਹਾ ਹੈ। ਖੰਗੂੜਾ ਨੇ ਕਿਹਾ ਕਿ ਮੈਂ ਕੇਂਦਰ ਦੀ ਮੋਦੀ ਸਰਕਾਰ ਨੂੰ ਇਹ ਸਲਾਹ ਦਿੰਦਾ ਹਾਂ ਕਿ ਤੁਸੀਂ ਜੇ ਸੱਚੇ ਦਿਲੋਂ ਪੰਜਾਬ, ਹਰਿਆਣਾ ਦੋਵਾਂ ਰਾਜਾਂ ਤੇ ਚੰਡੀਗੜ੍ਹ, ਪੰਜਾਬ ਦੇ ਪਾਣੀਆਂ ਅਤੇ ਹੋਰ ਮਸਲਿਆਂ ਨੂੰ ਹੱਲ ਕਰਨਾ ਚਾਹੁੰਦੇ ਹੋ ਤਾਂ ਪੰਜਾਬ ਵਿੱਚ ਹਰਿਆਣਾ ਰਾਜ ਨੂੰ ਮਰਜ ਕਰ ਦੇਵੋਂ ਭਾਵ ਸ਼ਾਮਲ ਕਰ ਦੇਵੋ ਤਾਂ ਸਾਰਾ ਝਗੜਾ ਹੀ ਹੱਲ ਹੋ ਜਾਵੇਗਾ। ਇਹ ਦੋਵੇਂ ਰਾਜ ਮਿਲ ਕੇ ਪੰਜਾਬ ਖੇਤਰਫਲ ਵਜੋਂ ਵੱਡਾ ਹੋਣ ਕਾਰਨ ਆਰਥਿਕ ਪੱਖ ਤੋਂ ਭਾਰਤ ਸਰਕਾਰ ਨੂੰ ਕਾਫੀ ਲਾਭ ਹੋਵੇਗਾ। ਭਾਰਤ ਵਿੱਚ ਪਹਿਲਾਂ ਵੀ ਵੱਡੇ ਖੇਤਰਫਲ ਵਾਲੇ ਰਾਜ ਮੌਜੂਦ ਹਨ, ਜਿਨ੍ਹਾਂ ਵਿੱਚ ਉੱਤਰ ਪ੍ਰਦੇਸ, ਰਾਜਸਥਾਨ, ਮੱਧ ਪ੍ਰਦੇਸ, ਮਹਾਰਾਸ਼ਟਰ, ਕਰਨਾਟਕਾ, ਪੱਛਮੀ ਬੰਗਾਲ ਆਦਿ ਸ਼ਾਮਲ ਹਨ।

# ਔਰਤ ਨੇ ਬੱਚੇ ਸਣੇ ਨਹਿਰ 'ਚ ਮਾਰੀ ਛਾਲ, ਲੋਕਾਂ ਨੇ ਬੱਚੇ ਨੂੰ ਬਚਾਇਆ

*ਔਰਤ ਨੂੰ ਬਚਾਉਣ ਵਾਲਾ ਵਿਅਕਤੀ ਵੀ ਹੋਇਆ ਲਾਪਤਾ*



ਮੌਕੇ ਦਾ ਦ੍ਰਿਸ਼।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਸੋਮਵਾਰ ਸਵੇਰੇ ਇਕ ਔਰਤ ਨੇ ਆਪਣੇ ਬੱਚੇ ਨੂੰ ਨਾਲ ਲੈ ਕੇ ਪਿੰਡ ਭੁੱਲਰ ਵਿਖੇ ਸਥਿਤ ਸਰਹਿੰਦ ਨਹਿਰ ਵਿਚ ਛਲਾਂਗ ਲਗਾ ਦਿੱਤੀ, ਪਰ ਮੌਕੇ 'ਤੇ ਮੌਜੂਦ ਲੋਕਾਂ ਵੱਲੋਂ ਬੱਚੇ ਨੂੰ ਤਾਂ ਬਚਾਅ ਲਿਆ ਗਿਆ, ਪਰ ਔਰਤ ਨੂੰ ਬਚਾਉਣ ਵਾਲਾ ਵਿਅਕਤੀ ਵੀ ਔਰਤ ਸਣੇ ਨਹਿਰ 'ਚ ਰੁੜ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਮੁਕਤਸਰ ਦੀ ਗੋਨਿਆਣਾ ਰੋਡ ਦੀ ਗਲੀ ਨੰਬਰ 26 ਦੀ ਨਿਵਾਸੀ ਹਰਵਿੰਦਰ ਕੌਰ (28) ਪਤਨੀ ਕੁਲਵਿੰਦਰ ਸਿੰਘ ਆਪਣੇ ਢਾਈ ਸਾਲਾ ਲੜਕੇ ਸਣੇ ਘਰੋਂ ਗਈ ਸੀ ਅਤੇ ਉਸ ਨੇ ਸਰਹਿੰਦ ਫੀਡਰ ਵਿਚ ਛਲਾਂਗ ਲਗਾ ਦਿੱਤੀ। ਮੌਕੇ 'ਤੇ ਮੌਜੂਦ ਇਕ ਵਿਅਕਤੀ ਵੱਲੋਂ ਬੱਚੇ ਨੂੰ ਤਾਂ ਬਚਾ ਲਿਆ ਗਿਆ, ਪਰ ਉਕਤ ਔਰਤ ਨੂੰ ਬਚਾਉਣ ਵਾਲਾ ਦੂਜਾ ਵਿਅਕਤੀ ਔਰਤ ਸਣੇ ਹੀ ਨਹਿਰ 'ਚ ਰੁੜ ਗਿਆ, ਜਿਸ ਦੀ ਪਹਿਚਾਣ ਗੁਰਦੀਪ ਸਿੰਘ ਉਰਫ ਨਿੱਕਾ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਭੁੱਲਰ ਵਜੋਂ ਹੋਈ ਹੈ। ਪੁਲਸ ਵੱਲੋਂ ਦੋਹਾਂ ਦੀ ਭਾਲ ਕੀਤੀ ਜਾ ਰਹੀ ਹੈ। ਮੌਕੇ 'ਤੇ ਪਹੁੰਚੇ ਥਾਣਾ ਸਦਰ ਦੇ ਐਸ ਐਚ ਓ ਜਗਸੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਜਦੋਂ ਘਟਨਾ ਦੀ ਸੂਚਨਾ ਮਿਲੀ ਤਾਂ ਉਹ ਤੁਰੰਤ ਪੁਲਸ ਪਾਰਟੀ ਸਣੇ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕਰ ਦਿੱਤੀ। ਉਹਨਾਂ ਦੱਸਿਆ ਕਿ ਬੱਚੇ ਨੂੰ ਤਾਂ ਬਚਾਅ ਲਿਆ ਗਿਆ, ਪਰ ਔਰਤ ਤੇ ਉਸ ਨੂੰ ਬਚਾਉਣ ਵਾਲਾ ਵਿਅਕਤੀ ਨਹਿਰ ਵਿੱਚ ਰੁੜ ਗਏ ਹਨ, ਜਿਨ੍ਹਾਂ ਦੀ ਤਲਾਸ਼ ਕੀਤੀ ਜਾ ਰਹੀ ਹੈ। ਖਬਰ ਲਿਖੇ ਜਾਣ ਤੱਕ ਘਟਨਾ ਦੇ ਕਾਰਨਾਂ ਦਾ ਪਤਾ ਨਹੀਂ ਚੱਲ ਸਕਿਆ।

# ਜ਼ਿਲ੍ਹਾ ਬਰਨਾਲਾ 'ਚ 12 ਹੋਰ ਆਮ ਆਦਮੀ ਕਲੀਨਿਕਾਂ ਦੀ ਸਹੂਲਤ ਛੇਤੀ : ਮੀਤ ਹੇਅਰ

- ਕੈਬਨਿਟ ਮੰਤਰੀ ਨੇ ਕੀਤਾ ਪਿੰਡ ਸੇਖਾ ਦਾ ਦੌਰਾ

ਬਰਨਾਲਾ (ਰਵਿੰਦਰ ਸ਼ਰਮਾ)

ਖੇਡ ਤੇ ਉਚੇਰੀ ਸਿੱਖਿਆ ਮੰਤਰੀ ਸ. ਗੁਰਮੀਤ ਸਿੰਘ ਮੀਤ ਹੇਅਰ ਨੇ ਅੱਜ ਪਿੰਡ ਸੇਖਾ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਪਿੰਡ 'ਚ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ। ਇਸ ਮੌਕੇ ਉਨ੍ਹਾਂ ਦੱਸਿਆ ਕਿ ਪਿੰਡ ਸੇਖਾ ਸਣੇ ਜ਼ਿਲ੍ਹਾ ਬਰਨਾਲਾ 'ਚ 12 ਹੋਰ ਆਮ ਆਦਮੀ ਕਲੀਨਿਕਾਂ ਦੀ ਸਹੂਲਤ ਛੇਤੀ ਲੋਕਾਂ ਨੂੰ ਮਿਲੇਗੀ। ਮੰਤਰੀ ਸ. ਮੀਤ ਹੇਅਰ ਅਤੇ ਡਿਪਟੀ ਕਮਿਸਨਰ ਬਰਨਾਲਾ ਸ੍ਰੀਮਤੀ ਪੂਨਮਦੀਪ ਕੌਰ ਨੇ ਪਹਿਲਾਂ ਸਰਕਾਰੀ ਸਕੂਲ ਨੇੜੇ ਪ੍ਰਾਇਮਰੀ ਹੈਲਥ ਸੈਂਟਰ ਦਾ ਦੌਰਾ ਕੀਤਾ, ਜਿਸ ਨੂੰ ਆਮ ਆਦਮੀ ਕਲੀਨਿਕ ਸਥਾਪਤ ਕਰਨ ਲਈ ਜਗ੍ਹਾ ਵਜੋਂ ਚੁਣਿਆ ਗਿਆ ਸੀ, ਪਰ ਪਿੰਡ ਵਾਸੀਆਂ ਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਸੇਖਾ ਵਿਖੇ ਕਲੀਨਿਕ ਸਥਾਪਤ ਕਰਨ ਲਈ ਸੇਵਾ ਕੇਂਦਰ ਦੀ ਇਮਾਰਤ ਦੀ ਸਨਾਖਤ ਕੀਤੀ। ਇਸ ਮਗਰੋਂ ਪਿੰਡ ਦੇ ਛੱਪੜ ਦਾ ਦੌਰਾ ਕੀਤਾ ਤੇ ਸ੍ਰ. ਮੀਤ ਹੇਅਰ ਨੇ ਕਿਹਾ ਕਿ ਤਰਲ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਥਾਪਰ ਮਾਡਲ ਆਧਾਰਤ ਪ੍ਰਾਜੈਕਟ ਦੇ ਨਿਰਮਾਣ ਲਈ 29 ਲੱਖ ਰੁਪਏ ਦਾ ਪ੍ਰਸਤਾਵ ਪਹਿਲਾਂ ਹੀ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ। ਸਰਕਾਰ ਦੀ ਮਨਜ਼ੂਰੀ ਤੋਂ ਬਾਅਦ ਜਲਦੀ ਹੀ ਇਸ ਪ੍ਰਾਜੈਕਟ 'ਤੇ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

ਉਨ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੇਖਾ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ 27 ਲੱਖ ਰੁਪਏ ਦੀ ਲਾਗਤ ਨਾਲ ਪੰਜ ਨਵੇਂ ਕਮਰਿਆਂ ਦੀ ਉਸਾਰੀ ਸਬੰਧੀ ਗੱਲਬਾਤ ਕੀਤੀ। ਉਨ੍ਹਾਂ ਸਕੂਲ ਪ੍ਰਬੰਧਕਾਂ ਤੇ ਪਿੰਡ ਦੀ ਪੰਚਾਇਤ ਨੂੰ ਭਰੋਸਾ ਦਿੱਤਾ ਕਿ ਕਮਰਿਆਂ ਦੀ ਉਸਾਰੀ ਲਈ ਗਰਾਂਟ ਛੇਤੀ ਮਨਜ਼ੂਰ ਕਰਵਾਈ ਜਾਵੇਗੀ। ਇਸ ਮੌਕੇ ਏ.ਡੀ.ਸੀ (ਵਿਕਾਸ) ਪਰਮਵੀਰ ਸਿੰਘ ਤੇ ਹੋਰ ਅਧਿਕਾਰੀ ਹਾਜ਼ਰ ਸਨ।

# ਰਾਜ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਲਈ ਨੰਨ੍ਹੇ ਖਿਡਾਰੀ ਆਨੰਦਪੁਰ ਸਾਹਿਬ ਰਵਾਨਾ

- ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਭੁਪਿੰਦਰ ਕੌਰ ਤੇ ਹਰਿੰਦਰ ਭੁੱਲਰ ਨੇ ਬੱਸਾਂ ਨੂੰ ਦਿੱਤੀ ਹਰੀ ਝੰਡੀ




**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਕਰਵਾਈਆਂ ਜਾ ਰਹੀਆਂ ਰਾਜ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਲਈ ਮਾਨਸਾ ਦੇ ਨਵ-ਨਿਯੁਕਤ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ (ਐ ਸਿ) ਭੁਪਿੰਦਰ ਕੌਰ ਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਹਰਿੰਦਰ ਸਿੰਘ ਭੁੱਲਰ ਨੇ ਹਰੀ ਝੰਡੀ ਦੇ ਕੇ ਨੰਨ੍ਹੇ ਖਿਡਾਰੀਆਂ ਨੂੰ ਰਵਾਨਾ ਕੀਤਾ। ਸਿੱਖਿਆ ਅਧਿਕਾਰੀਆਂ ਨੇ ਨੰਨ੍ਹੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਪ੍ਰਾਇਮਰੀ ਪੱਧਰ ਤੋਂ ਹੀ ਖੇਡਾਂ ਦਾ ਮੁੱਢ ਬੱਝਦਾ ਹੈ, ਜਿਨ੍ਹਾਂ ਦੀ ਪ੍ਰਫੁੱਲਤਾਂ ਲਈ ਹਰ ਤਰ੍ਹਾਂ ਦੇ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਅਧਿਆਪਕਾਂ ਨੂੰ ਵੀ ਪ੍ਰੇਰਿਆ ਕਿ ਉਹ ਮਿਆਰੀ ਸਿੱਖਿਆ ਦੇ ਨਾਲ ਨਾਲ ਬੱਚਿਆਂ ਨੂੰ ਖੇਡਾਂ ਵੱਲ ਵੀ ਉਤਸ਼ਾਹਤ ਕਰਨ।

ਡਿਪਟੀ ਡੀ ਈ ਓ ਐਲੀਮੈਂਟਰੀ ਗੁਰਲਾਭ ਸਿੰਘ, ਡਿਪਟੀ ਡੀਈਓ ਸੈਕੰਡਰੀ ਡਾ. ਵਿਜੈ ਕੁਮਾਰ ਮਿੱਢਾ ਤੇ ਬੀ ਪੀ ਈ ਓ ਅਮਨਦੀਪ ਸਿੰਘ, ਲਖਵਿੰਦਰ ਸਿੰਘ ਨੇ ਆਸ ਪ੍ਰਗਟਾਈ ਕਿ ਇਸ ਵਾਰ ਵੀ ਮਾਨਸਾ ਜ਼ਿਲ੍ਹਾ ਰਾਜ ਪੱਧਰੀ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰੇਗਾ। ਉਨ੍ਹਾਂ ਪ੍ਰਬੰਧਕੀ ਟੀਮ ਨੂੰ ਮਾਨਸਾ ਵਿਖੇ ਪੰਜਾਬ ਪੈਟਰਨ 'ਤੇ ਜ਼ਿਲ੍ਹਾ ਪ੍ਰਾਇਮਰੀ ਖੇਡਾਂ ਕਰਵਾਉਣ ਲਈ ਵਧਾਈ ਦਿੱਤੀ।

ਹਰਦੀਪ ਸਿੰਘ ਸਿੱਧੂ ਜ਼ਿਲ੍ਹਾ ਇੰਚਾਰਜ ਪ੍ਰਾਇਮਰੀ ਖੇਡਾਂ ਤੇ ਮੀਡੀਆ ਇੰਚਾਰਜ ਰਾਜੇਸ਼ ਕੁਮਾਰ ਬੁਢਲਾਡਾ ਤੇ ਗੁਰਵਿੰਦਰ ਸਿੰਘ ਚਾਹਲ ਨੇ ਦੱਸਿਆ ਕਿ ਰਾਜ ਪੱਧਰੀ ਪ੍ਰਾਇਮਰੀ ਖੇਡਾਂ ਲਈ ਮਾਨਸਾ ਜ਼ਿਲ੍ਹੇ ਦੇ 250 ਬੱਚੇ ਭਾਗ ਲੈ ਰਹੇ ਹਨ। ਇਹ ਖਿਡਾਰੀ ਫੁੱਟਬਾਲ, ਖੋ-ਖੋ, ਕਬੱਡੀ, ਕਰਾਟੇ, ਗੱਤਕਾ, ਯੋਗਾ, ਜਿਮਨਾਸਟਿਕ, ਕੁਸ਼ਤੀ, ਸਕੇਟਿੰਗ, ਰੱਸੀ ਟੱਪਣਾ, ਬੈਡਮਿੰਟਨ, ਸ਼ਤਰੰਜ, ਐਥਲੈਟਿਕਸ ਆਦਿ ਵਿੱਚ ਭਾਗ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾਂ ਦੀ ਬਲਾਕ ਖੇਡ ਅਫਸਰ ਬਲਵਿੰਦਰ ਸਿੰਘ ਮਾਨਸਾ, ਰਣਜੀਤ ਸਿੰਘ ਝੁਨੀਰ, ਬੁੱਧ ਸਿੰਘ ਬੁਢਲਾਡਾ, ਬਲਵਿੰਦਰ ਸਿੰਘ ਸਰਦੂਲਗੜ੍ਹ, ਬਲਜਿੰਦਰ ਸਿੰਘ ਬਰੇਟਾ, ਗੁਰਦੀਪ ਸਿੰਘ ਡੀ ਐੱਮ ਖੇਡਾਂ, ਰਾਮ ਨਾਥ ਧੀਰਾ, ਰਣਧੀਰ ਸਿੰਘ ਆਦਮਕੇ, ਬਲਜਿੰਦਰ ਸਿੰਘ ਅਤਲਾ ਕਲਾਂ, ਕਾਲਾ ਸਿੰਘ ਸਹਾਰਨਾ, ਇੰਦਰਜੀਤ ਮੋਡਾ ਕਰ ਰਹੇ ਹਨ। ਇਸ ਮੌਕੇ ਕਰਮਜੀਤ ਕੌਰ ਉੱਭਾ, ਪ੍ਰੀਤਮ ਸਿੰਘ, ਹਰਫੂਲ ਸਿੰਘ, ਅਮਰਜੀਤ ਕੌਰ ਬੈਹਣੀਵਾਲ, ਸ਼ੰਕਰ ਲਾਲ ਬੁਢਲਾਡਾ, ਸੁਰਿੰਦਰ ਬੁਢਲਾਡਾ, ਸੁਨੰਦਾ ਦੂਲੋਵਾਲ, ਨਵਨੀਤ ਕੁਮਾਰ, ਇਕਬਾਲ ਉੱਭਾ, ਸਵਿੰਦਰ ਕੌਰ, ਅਵਤਾਰ ਸਿੰਘ, ਸਤਪਾਲ ਜੀਤਸਰ, ਰਣਜੀਤ ਸਿੰਘ ਜੀਤਸਰ, ਛਿੰਦਰਪਾਲ ਕੌਰ, ਅੰਗਰੇਜ਼ ਸਾਹਨੇਵਾਲੀ, ਗੁਰਨਾਮ ਸਿੰਘ, ਮਨਪ੍ਰੀਤ ਸਿੰਘ, ਸਿਕੰਦਰ ਸਿੰਘ, ਸੁਖਵਿੰਦਰ ਬਰੇਟਾ ਆਦਿ ਹਾਜ਼ਰ ਸਨ।

# ਪਾਵਰਕਾਮ ਪਾਤੜਾਂ ਦੇ ਸਟੋਰ 'ਚੋਂ ਲੱਖਾਂ ਦਾ ਸਾਮਾਨ ਚੋਰੀ



ਪਾਵਰਕਾਮ ਸਟੋਰ ਵਿੱਚ ਵਾਪਰੀ ਚੋਰੀ ਦੀ ਘਟਨਾ ਸਬੰਧੀ ਜਾਣਕਾਰੀ ਦਿੰਦੇ ਹੋਏ ਅਧਿਕਾਰੀ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ਼ਰਾਰਤੀ, ਭੈੜੇ ਤੇ ਨਸ਼ੇੜੀ ਕਿਸਮ ਦੇ ਲੋਕਾਂ ਵੱਲੋਂ ਆਪਣੇ ਨਸ਼ੇ ਦੀ ਪੂਰਤੀ ਕਰਨ ਲਈ ਵੱਖ-ਵੱਖ ਢੰਗ ਤਰੀਕਿਆਂ ਨਾਲ ਚੋਰੀਆਂ ਨੂੰ ਪਾਤੜਾਂ ਵਿਖੇ ਅੰਜਾਮ ਦਿੱਤਾ ਜਾ ਰਿਹਾ ਹੈ। ਇਸੇ ਤਹਿਤ ਬੀਤੀ ਰਾਤ ਆਊਟਲੈੱਟ ਪਾਤੜਾਂ 'ਚੋਂ ਚੋਰਾਂ ਵੱਲੋਂ ਰਾਤ ਸਮੇਂ ਪੀ ਐੱਸ ਪੀ ਸੀ ਐੱਲ ਸਟੋਰ ਪਾਤੜਾਂ ਅਤੇ ਟੀ ਆਰ ਵਾਈ ਪਾਤੜਾਂ (ਪੀ ਐੱਸ ਪੀ ਸੀ ਐਲ) ਵਿੱਚੋਂ ਲੱਖਾਂ ਰੁਪਏ ਦਾ ਸਾਮਾਨ ਚੋਰੀ ਕਰ ਲੈਣ ਦਾ ਸਮਾਚਾਰ ਮਿਲਿਆ ਹੈ। ਪਾਵਰਕਾਮ ਸਹਾਇਕ ਇੰਜਨੀਅਰ ਆਊਟਲੈੱਟ ਸਟੋਰ ਪਾਤੜਾਂ ਦੇ ਸੁਨੀਲ ਕੁਮਾਰ ਨੇ ਪਾਤੜਾਂ ਪੁਲਸ ਨੂੰ ਲਿਖਤੀ ਸ਼ਿਕਾਇਤ ਦਿੰਦੇ ਹੋਏ ਦੱਸਿਆ ਕਿ ਸਵੇਰੇ ਸੱਤ ਵਜੇ ਬਿਜਲੀ ਮੁਲਾਜ਼ਮਾਂ ਨੇ ਵੇਖਿਆ ਕਿ ਟੀ ਆਰ ਵਾਈ ਗੇਟ ਦੇ ਦੋਵੇਂ ਜਿੰਦਰੇ ਟੁੱਟੇ ਹੋਏ ਸਨ, ਜਿਸ ਵਿੱਚ ਸਾਮਾਨ ਖਿੱਲਰਿਆ ਪਿਆ ਸੀ। ਸਟੋਰ ਦੇ ਗੇਟ ਦੇ ਬਾਹਰ ਹੈਲਦੀ ਟ੍ਰਾਂਸਫਾਰਮਰ (16 ਕੇਵੀ) ਏ-3 ਨੰ. ਤੇ 25 ਕੇ ਵੀ ਏ -1 ਨੰ.) ਖੁੱਲ੍ਹੇ ਪਏ ਸਨ। 16 ਕੇ ਵੀ ਏ ਟ੍ਰਾਂਸਫਾਰਮਰ ਵਿੱਚੋਂ ਤਾਂਬਾ ਗਾਇਬ ਸੀ ਤੇ 25 ਕੇ ਵੀ ਏ ਟ੍ਰਾਂਸਫਾਰਮਰ ਦਾ ਐਲਮੀਨੀਅਮ ਬਾਹਰ ਕੱਢ ਕੇ ਸੁੱਟਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਚੋਰਾਂ ਨੇ 3 ਨੰ 16 ਕੇ ਵੀ ਏ ਟ੍ਰਾਂਸਫਾਰਮਰ ਦੇ ਐਚ ਟੀ/ਐਲ ਟੀ ਕੋਆਇਲ (ਤਾਂਬਾ), 1 ਨੰ 25 ਕੇ ਵੀ ਏ ਨਵੇਂ ਟ੍ਰਾਂਸਫਾਰਮਰ ਦੀ ਭੰਨਤੋੜ, ਐਲ ਟੀ ਕੈਪ (ਬਰਾਸ)-3000 ਨੰ ਬਰਾਸ ਨਟ 2009 ਨੰ ਚੋਰਾਂ ਵੱਲੋਂ ਚੋਰੀ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਚੋਰੀ ਹੋਏ ਸਾਮਾਨ ਦੀ ਅੰਦਾਜਨ ਕੀਮਤ 4 ਲੱਖ 30 ਹਜ਼ਾਰ ਰੁਪਏ ਦਾ ਚੋਰੀ ਹੋ ਗਿਆ, ਜਿਸ ਦੀ ਪਾਵਰਕਮ ਦੀ ਸੀਨੀਅਰ ਅਧਿਕਾਰੀਆਂ ਨੇ ਪੁਲਸ ਨੂੰ ਲਿਖਤੀ ਦਰਖਾਸਤ ਦਿੱਤੀ ਹੈ।

# ਸੂਚਨਾ ਕਮਿਸ਼ਨ ਨੇ ਬੀ ਡੀ ਪੀ ਓ ਪਾਤੜਾਂ ਦੇ ਕੱਢੇ ਵਾਰੰਟ

- ਲੋਕ ਸੂਚਨਾ ਅਧਿਕਾਰ ਐਕਟ ਦਾ ਨਹੀਂ ਕਰਦੇ ਪਾਲਣ : ਬੁਜਰਕ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਨਗਰ ਕੌਂਸਲ ਸੁਨਾਮ ਦੇ ਈ.ਓ. ਤੋਂ ਬਾਅਦ ਹੁਣ ਪੰਜਾਬ ਰਾਜ ਸੂਚਨਾ ਕਮਿਸ਼ਨ ਨੂੰ ਆਰ.ਟੀ.ਆਈ. ਐਕਟ ਦੀ ਉਲੰਘਣਾ ਕਰਨ ਦੇ ਮਾਮਲੇ 'ਚ ਬੀ.ਡੀ.ਪੀ.ਉ. ਪਾਤੜਾਂ ਦੇ ਪੁਲਸ ਵਾਰੰਟ ਕੱਢਣੇ ਪੈ ਗਏ ਹਨ, ਕਿਉਂਕਿ ਸੂਚਨਾ ਦੇ ਅਧਿਕਾਰ ਐਕਟ 2005 ਤਹਿਤ ਮੰਗੀ ਗਈ ਜਾਣਕਾਰੀ ਦਾ ਜਵਾਬ ਨਾ ਦੇਣ ਤੇ ਸੂਚਨਾ ਕਮਿਸ਼ਨ ਕੋਲ ਪੇਸ਼ ਨਾ ਹੋਣ ਦੇ ਮਾਮਲੇ ਨੂੰ ਲੈ ਕੇ ਅਜਿਹੀ ਕਾਰਵਾਈ ਕੀਤੀ ਗਈ ਹੈ। ਇਸ ਤੋਂ ਪਹਿਲਾਂ ਕਈ ਵਾਰ ਇਸ ਦਫਤਰ ਨੂੰ ਜੁਰਮਾਨੇ ਤੇ ਹਰਜਾਨੇ ਪੈ ਚੁੱਕੇ ਹਨ, ਪਰ ਲੋਕ ਸੂਚਨਾ ਅਧਿਕਾਰੀ ਐਕਟ ਦੀ ਪਾਲਣਾ ਕਰਨ ਦੀ ਬਜਾਏ ਅਣਗਹਿਲੀ ਹੀ ਵਰਤਦੇ ਆ ਰਹੇ ਹਨ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਆਰ.ਟੀ.ਆਈ. ਮਾਹਰ ਤੇ ਲੋਕ ਜਾਗ੍ਰਿਤੀ ਮੰਚ ਦੇ ਸੂਬਾ ਪ੍ਰਧਾਨ ਬ੍ਰਿਸ਼ ਭਾਨ ਬੁਜਰਕ ਨੇ ਦੱਸਿਆ ਕਿ ਸੂਚਨਾ ਦੇ ਅਧਿਕਾਰ ਐਕਟ 2005 ਤਹਿਤ ਬਲਾਕ ਵਿਕਾਸ ਪੰਚਾਇਤ ਅਫਸਰ ਪਾਤੜਾਂ ਕੋਲੋਂ ਸ਼ੁਤਰਾਣਾ ਪੰਚਾਇਤ ਨਾਲ ਸਬੰਧਤ ਰਿਕਾਰਡ ਮੰਗਿਆ ਗਿਆ ਸੀ, ਪਰ ਲੋਕ ਸੂਚਨਾ ਅਧਿਕਾਰੀ ਵੱਲੋਂ ਕੋਈ ਜਵਾਬ ਨਾ ਦੇਣ 'ਤੇ ਮਾਮਲਾ ਪੰਜਾਬ ਰਾਜ ਸੂਚਨਾ ਕਮਿਸ਼ਨ ਕੋਲ ਪਹੁੰਚ ਗਿਆ ਤੇ ਉਥੇ ਵਾਰ-ਵਾਰ ਬੁਲਾਏ ਜਾਣ ਤੋਂ ਬਾਅਦ ਵੀ ਕੋਈ ਹਾਜ਼ਰ ਨਹੀ ਹੋਇਆ, ਜਿਸ ਕਰਕੇ ਪੰਜਾਬ ਰਾਜ ਸੂਚਨਾ ਕਮਿਸ਼ਨਰ ਮਾਨਯੋਗ ਮਨਿੰਦਰ ਸਿੰਘ ਪੱਟੀ ਵੱਲੋਂ ਐੱਸ.ਐੱਸ.ਪੀ. ਪਟਿਆਲਾ ਸ੍ਰੀ ਦੀਪਕ ਪਾਰਿਕ ਆਈ ਪੀ ਐੱਸ ਰਾਹੀਂ ਬੀ ਡੀ ਪੀ ਓ ਪਾਤੜਾਂ ਨੂੰ ਪੇਸ਼ ਕਰਨ ਲਈ ਲਿਖਿਆ ਹੈ। ਬ੍ਰਿਸ ਭਾਨ ਬੁਜਰਕ ਨੇ ਕਿਹਾ ਕਿ ਬਲਾਕ ਪਚਾਇਤ ਤੇ ਵਿਕਾਸ ਅਫਸਰ ਪਾਤੜਾਂ ਕੋਲੋਂ ਲੋਕਾਂ ਵੱਲੋਂ ਮੰਗੀ ਜਾਂਦੀ ਆਰ.ਟੀ.ਆਈ. ਦਾ ਕੋਈ ਜਵਾਬ ਹੀ ਨਹੀਂ ਮਿਲਦਾ, ਸਗੋ ਲੋਕਾਂ ਨੂੰ ਖੱਜਲ-ਖੁਆਰ ਕਰਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਦਫਤਰ ਦੇ ਲੋਕ ਸੂਚਨਾ ਅਧਿਕਾਰੀ ਸੂਚਨਾ ਐਕਟ ਦੀ ਪਾਲਣਾ ਕਰਨ ਦੀ ਬਜਾਏ ਉਲੰਘਣਾ ਹੀ ਕਰਦੇ ਆ ਰਹੇ ਹਨ, ਜਿਸ ਕਰਕੇ ਪੰਜਾਬ ਰਾਜ ਸੂਚਨਾ ਕਮਿਸ਼ਨ ਨੂੰ ਜੁਰਮਾਨੇ ਤੇ ਹਰਜਾਨੇ ਪਾਉਣ ਦੇ ਨਾਲ ਹੀ ਵਾਰੰਟ ਵੀ ਕੱਢਣੇ ਪੈ ਰਹੇ ਹਨ। ਇਸ ਤੋਂ ਪਹਿਲਾਂ ਸੂਚਨਾ ਕਮਿਸ਼ਨ ਕੋਲ ਪੇਸ਼ ਨਾ ਹੋਣ ਤੇ 10 ਹਜ਼ਾਰ ਰੁਪਏ ਦਾ ਜੁਰਮਾਨਾ ਨਾ ਭਰਨ ਕਰਕੇ ਨਗਰ ਕੌਂਸਲ ਸੁਨਾਮ ਨਾਲ ਸਬੰਧਤ ਈ.ਉ. ਦੇ ਵਾਰੰਟ ਕੱਢੇ ਜਾ ਚੁੱਕੇ ਹਨ ਤੇ ਹੁਣ ਪਾਤੜਾਂ ਨਾਲ ਸਬੰਧਤ ਬੀ.ਡੀ.ਪੀ.ਉ. ਦੇ ਵਾਰੰਟ ਨਿਕਲ ਚੁੱਕੇ ਹਨ।



ਕੱਢੇ ਗਏ ਵਾਰੰਟ ਵਿਖਾਉਂਦੇ ਹੋਏ ਬ੍ਰਿਸ਼ ਭਾਨ ਬੁਜਰਕ।

# ਸੁਮੇਧ ਸੈਣੀ ਵੱਲੋਂ ਸਿੱਟ ਦੇ ਜੱਜ ਅੱਗੇ ਪੇਸ਼ ਨਾ ਹੋਣਾ ਸਰਕਾਰੀ ਸਰਪ੍ਰਸਤੀ ਵੱਲ ਇਸ਼ਾਰਾ : ਜਸਕਰਨ, ਸਿੱਧੂ, ਅਤਲਾ



ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)

ਬੀਤੇ ਸਮੇਂ ਪੰਜਾਬ ਦੇ ਬਾਦਲਾਂ ਦੀ ਸਰਪ੍ਰਸਤੀ ਵਾਲੀ ਸਰਕਾਰ ਵਿੱਚ ਰਹਿ ਚੁੱਕੇ ਸਿੱਖ ਕੌਮ ਤੇ ਹੋਰ ਅਨੇਕਾ ਕੇਸਾਂ ਵਿੱਚ ਕਥਿਤ ਦੋਸ਼ੀ ਕਾਤਲ ਸੁਮੇਧ ਸੈਣੀ ਵੱਲੋਂ ਬੀਤੇ ਕੱਲ੍ਹ ਏ.ਡੀ.ਜੀ.ਪੀ. ਸ੍ਰੀ ਐੱਲ ਕੇ ਯਾਦਵ ਮੁੱਖੀ ਸਿੱਟ ਦੇ ਜੱਜ ਅੱਗੇ ਪੇਸ਼ ਨਾ ਹੋਣ ਦੀ ਕਾਰਵਾਈ ਕੇਵਲ ਇਹੀ ਪ੍ਰਤੱਖ ਨਹੀਂ ਕਰਦੀ ਕਿ ਹਿੰਦੂਤਵ ਹੁਕਮਰਾਨਾਂ ਦੀ ਸਰਪ੍ਰਸਤੀ ਵਿੱਚ ਰਹਿੰਦਾ ਆ ਰਿਹਾ। ਸੁਮੇਧ ਸੈਣੀ ਇਥੋਂ ਦੇ ਕਾਨੂੰਨ ਤੇ ਅਦਾਲਤਾਂ ਨੂੰ ਟਿੱਚ ਜਾਣਦਾ ਹੈ, ਕਿਉਂਕਿ ਉਸ ਨੇ ਹੁਕਮਰਾਨਾਂ ਦੀਆਂ ਸਾਜ਼ਿਸ਼ਾਂ ਨੂੰ ਪੂਰਨ ਕਰਦੇ ਹੋਏ ਬੀਤੇ ਸਮੇਂ ਵਿੱਚ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਕਾਰਵਾਈਆਂ ਤੇ ਕਾਤਲ ਕੀਤੇ ਹਨ। ਇਹੀ ਵਜ੍ਹਾ ਹੈ ਕਿ ਹੁਕਮਰਾਨ ਭਾਵੇਂ ਉਹ ਸੈਂਟਰ ਦੇ ਹੋਣ ਜਾਂ ਪੰਜਾਬ ਦੇ ਜਾਂ ਕਾਨੂੰਨ ਤੇ ਅਦਾਲਤਾਂ ਦੇ ਜੱਜ ਹੋਣ, ਉਹ ਪੰਜਾਬ ਸੂਬੇ, ਪੰਜਾਬੀਆਂ ਤੇ ਸਿੱਖ ਕੌਮ ਨਾਲ ਜਬਰ-ਜ਼ੁਲਮ ਕਰਨ ਤੇ ਬੇਇਨਸਾਫੀ ਕਰਨ ਵਾਲੀ ਅਫਸਰਸ਼ਾਹੀ ਦੀ ਪ੍ਰਤੱਖ ਰੂਪ ਵਿੱਚ ਸਰਪ੍ਰਸਤੀ ਕਰਦੇ ਹੀ ਨਜ਼ਰ ਆ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੇ ਕਿਸਾਨ ਯੂਨੀਅਨ ਅੰਮ੍ਰਿਤਸਰ ਸਿੱਖ ਕੌਮ ਦੇ ਕਥਿਤ ਕਾਤਲ ਸੁਮੇਧ ਸੈਣੀ ਵੱਲੋਂ ਜਾਂਚ ਕਮੇਟੀ ਅੱਗੇ ਪੇਸ਼ ਨਾ ਹੋਣ ਨੂੰ ਅਤਿ ਦੁੱਖਦਾਇਕ, ਹੁਕਮਰਾਨਾਂ ਤੇ ਜੱਜਾਂ ਦੀ ਪੱਖਪਾਤੀ ਕਾਰਵਾਈ ਕਰਾਰ ਦਿੰਦਾ ਹੈ, ਜੋ ਇਹ ਵੀ ਸਾਬਿਤ ਕਰਦਾ ਹੈ ਕਿ ਇਥੇ ਕਾਨੂੰਨ ਤੇ ਹੁਕਮਰਾਨਾਂ ਦੁਆਰਾ ਦੋਹਰੇ ਮਾਪਦੰਡ ਅਪਣਾਏ ਜਾਂਦੇ ਆ ਰਹੇ ਹਨ। ਇਹ ਵਿਚਾਰ ਸ੍ਰ. ਜਸਕਰਨ ਸਿੰਘ ਕਾਹਨ ਸਿੰਘ ਵਾਲਾ ਕੌਮੀ ਜਰਨਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੌਮੀ ਪ੍ਰਧਾਨ ਕਿਸਾਨ ਯੂਨੀਅਨ ਅੰਮ੍ਰਿਤਸਰ, ਸ੍ਰ. ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਹਲਕਾ ਇੰਚਾਰਜ ਸੁਨਾਮ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੇ ਸੀਨੀਅਰ ਮੀਤ ਪ੍ਰਧਾਨ ਕਿਸਾਨ ਯੂਨੀਅਨ ਅੰਮ੍ਰਿਤਸਰ ਅਤੇ ਸੁਖਚੈਨ ਸਿੰਘ ਅਤਲਾ ਜ਼ਿਲ੍ਹਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੌਮੀ ਜਨਰਲ ਸਕੱਤਰ ਕਿਸਾਨ ਯੂਨੀਅਨ ਅੰਮ੍ਰਿਤਸਰ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਅਜਿਹੀਆਂ ਪੱਖਪਾਤੀ ਕਾਰਵਾਈਆਂ ਹੀ ਇਥੋਂ ਦੇ ਘੱਟ ਗਿਣਤੀ ਕੌਮਾਂ ਵਿੱਚ ਹੁਕਮਰਾਨਾਂ ਤੇ ਕਾਨੂੰਨ ਦੇ ਵਿਸ਼ਵਾਸ ਨੂੰ ਡੂੰਘੀ ਸੱਟ ਮਾਰਦੀਆਂ ਹਨ ਅਤੇ ਇਸ ਦੇ ਵਿੱਚੋਂ ਹੀ ਬੈਗਾਨਗੀ ਤੇ ਬੇਇਨਸਾਫੀ ਉਪਜਦੀ ਹੈ, ਜਿਸ ਦੀ ਬਦੌਲਤ ਹਕੂਮਤੀ ਦਹਿਸ਼ਤਗਰਦੀ ਹੀ ਕਿਸੇ ਕੌਮ ਜਾਂ ਨਿਵਾਸੀਆਂ ਨੂੰ ਹਕੂਮਤਾਂ ਵਿਰੁੱਧ ਨਿੱਡਰਤਾ ਨਾਲ ਆਵਾਜ਼ ਬੁਲੰਦ ਕਰਨ ਲਈ ਸ਼ਕਤੀ ਬਖਸ਼ਦੀ ਹੈ, ਪਰ ਦੁੱਖ ਤੇ ਅਫਸੋਸ ਹੈ ਕਿ ਹੁਕਮਰਾਨ ਅਜਿਹੀਆਂ ਬੇਇਨਸਾਫੀਆਂ ਤੇ ਵਿਤਕਰਿਆਂ ਵਿੱਚੋਂ ਉਪਜੇ ਜਨਤਕ ਰੋਹ ਨੂੰ ਦਹਿਸ਼ਤਗਰਦੀ ਕਰਾਰ ਦੇ ਕੇ ਪੀੜਤ ਨਿਵਾਸੀਆਂ ਉਤੇ ਹੋਰ ਜਬਰ ਜ਼ੁਲਮ ਢਾਹੁੰਦੇ ਹਨ, ਜਿਸ ਨੂੰ ਹੁਣ ਪੰਜਾਬ ਨਿਵਾਸੀ ਤੇ ਸਿੱਖ ਕੌਮ ਕਦਾਚਿੱਤ ਸਹਿਣ ਨਹੀਂ ਕਰਨਗੇ। ਇਸ ਲਈ ਹੁਕਮਰਾਨਾਂ ਲਈ ਇਹ ਬਿਹਤਰ ਹੋਵੇਗਾ ਕਿ ਉਹ ਇਥੇ ਵੱਸਣ ਵਾਲੀਆਂ ਘੱਟ ਗਿਣਤੀ ਕੌਮਾਂ ਉਤੇ ਗੈਰ-ਕਾਨੂੰਨੀ ਢੰਗ ਨਾਲ ਹਕੂਮਤੀ ਦਹਿਸ਼ਤਗਰਦੀ ਤੋਂ ਤੌਬਾ ਕਰਕੇ ਉਨ੍ਹਾਂ ਨੂੰ ਬਣਦਾ ਇਨਸਾਫ ਦੇਣ, ਦੋਸ਼ੀਆਂ ਤੇ ਕਾਤਲਾਂ ਨੂੰ ਕਾਨੂੰਨ ਅਨੁਸਾਰ ਤੁਰੰਤ ਸਜ਼ਾਵਾਂ ਦੇਣ ਦਾ ਪ੍ਰਬੰਧ ਕਰੇ।

# ਸੂਬੇ ਭਰ 'ਚ ਝੰਡਾ ਮਾਰਚ ਕਰਕੇ ਮਜ਼ਦੂਰਾਂ ਨੂੰ ਲਾਮਬੰਦ ਕੀਤਾ ਜਾ ਰਿਹੈ : ਨਾਹਰ

## ਮਹਿਲ ਕਲਾਂ 'ਚ ਜਥਾ ਮਾਰਚ ਦਾ ਭਰਵਾਂ ਸਵਾਗਤ



**ਮਹਿਲ ਕਲਾਂ (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)**-ਦਿਹਾਤੀ ਮਜ਼ਦੂਰ ਸਭਾ ਪੰਜਾਬ ਦੇ ਸੂਬਾਈ ਆਗੂਆਂ ਦੀ ਅਗਵਾਈ ਹੇਠ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਮਾਰਚ ਕਰਕੇ ਅੱਜ ਮਹਿਲ ਕਲਾਂ ਵਿਖੇ ਪੁੱਜਣ 'ਤੇ ਜਥਾ ਮਾਰਚ ਦਾ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਭੋਲਾ ਸਿੰਘ ਕਲਾਲਮਾਜਰਾ ਦੀ ਅਗਵਾਈ ਹੇਠ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸੂਬਾ ਪ੍ਰਧਾਨ ਦਰਸਨ ਸਿੰਘ ਨਾਹਰ ਤੇ ਸੂਬਾ ਸਕੱਤਰ ਗੁਰਨਾਮ ਸਿੰਘ ਦਾਊਦ ਨੇ ਕਿਹਾ ਕਿ ਦਿਹਾਤੀ ਮਜ਼ਦੂਰ ਸਭਾ ਵੱਲੋਂ 27 ਨਵੰਬਰ ਤੋਂ 6 ਦਸੰਬਰ ਤੱਕ ਪੰਜਾਬ ਭਰ ਅੰਦਰ ਜਥਾ ਮਾਰਚ ਕਰਕੇ ਮਜ਼ਦੂਰਾਂ ਨੂੰ ਆਪਣੇ ਹੱਕਾਂ ਲਈ ਲਾਮਬੰਦ ਕੀਤਾ ਜਾ ਰਿਹਾ ਹੈ, ਪੰਜਾਬ ਭਰ 'ਚ ਜਥਾ ਮਾਰਚ ਮੁਕੰਮਲ ਹੋਣ ਉਪਰੰਤ ਦਿਹਾਤੀ ਮਜ਼ਦੂਰ ਸਭਾ ਪੰਜਾਬ ਵੱਲੋਂ 27 ਦਸੰਬਰ ਨੂੰ ਜਲੰਧਰ, 28 ਦਸੰਬਰ ਨੂੰ ਰਈਆ ਅੰਮ੍ਰਿਤਸਰ ਤੇ 30 ਦਸੰਬਰ ਨੂੰ ਬਠਿੰਡਾ ਵਿਖੇ ਵਿਸ਼ਾਲ ਮਜ਼ਦੂਰ ਰੈਲੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਸਮੂਹ ਮਜ਼ਦੂਰਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਰੈਲੀਆਂ ਵਿੱਚ ਕਾਫਲੇ ਬੰਨ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਜ਼ਿਲ੍ਹਾ ਜਨਰਲ ਸਕੱਤਰ ਭੋਲਾ ਸਿੰਘ ਕਲਾਲ ਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਚੋਣਾਂ ਸਮੇਂ ਮਜ਼ਦੂਰਾਂ ਨਾਲ ਕੀਤੇ ਵਾਅਦਿਆਂ ਤੋਂ ਭੱਜ ਰਹੀ ਹੈ। ਉਨ੍ਹਾਂ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਮੂਹਰੇ ਹੱਕ ਮੰਗਦੇ ਮਜ਼ਦੂਰਾਂ ਉੱਪਰ ਪੁਲਸ ਵੱਲੋਂ ਕੀਤੇ ਲਾਠੀਚਾਰਜ ਦੀ ਸਖਤ ਸ਼ਬਦਾਂ 'ਚ ਨਿੰਦਾ ਕੀਤੀ। ਇਸ ਮੌਕੇ ਪ੍ਰਕਾਸ਼ ਸਿੰਘ ਸੱਦੋਵਾਲ, ਮਲਕੀਤ ਸਿੰਘ ਵਜੀਦਕੇ, ਅਮਰਜੀਤ ਸਿੰਘ ਕੁੱਕੂ, ਬਲਦੇਵ ਸਿੰਘ, ਹਰਬੰਸ ਸਿੰਘ, ਮਹਿੰਦਰ ਸਿੰਘ ਧਨੇਰ, ਹੈਪੀ ਸਿੰਘ ਛੀਨੀਵਾਲ, ਸਾਧੂ ਸਿੰਘ ਛੀਨੀਵਾਲ ਤੋਂ ਇਲਾਵਾ ਹੋਰ ਵਰਕਰ ਤੇ ਆਗੂ ਹਾਜ਼ਰ ਸਨ।

# ਸ਼ਹੀਦ ਜਗਤ ਸਿੰਘ ਰਣਕੋਟੀ ਦੀ 22ਵੀਂ ਬਰਸੀ ਮਨਾਈ



**ਛਾਜਲੀ (ਜਸਵੀਰ ਲਾਡੀ)**-ਸਥਾਨਕ ਰਣਬੀਰ ਕਲੱਬ ਸੰਗਰੂਰ ਵਿਖੇ ਨਿਗਰਾਨ ਇੰਜਨੀਆਰ ਵ/ਸ ਐਂਡ ਸੈਨੀਟੇਸ਼ਨ ਹਲਕਾ ਸੰਗਰੂਰ ਦੇ ਦਫਤਰ ਅੱਗੇ ਟੈਕਨੀਕਲ ਐਂਡ ਮਕੈਨੀਕਲ ਇੰਪ: ਯੂਨੀਅਨ (ਰਜਿ.) ਪੰਜਾਬ ਬ੍ਰਾਂਚ 2 ਸੰਗਰੂਰ ਵੱਲੋਂ ਜਥੇਬੰਦੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਅਮਰ ਸ਼ਹੀਦ ਸਾਥੀ ਜਗਤ ਸਿੰਘ ਰਣਕੋਟੀ ਦੀ 22ਵੀਂ ਬਰਸੀ ਮੌਕੇ ਸਮਾਰੋਹ ਕੀਤਾ ਗਿਆ। ਸਾਥੀ ਜਗਤ ਸਿੰਘ ਜੀ ਵਿਭਾਗ ਵਿੱਚ ਲੰਮੇ ਅਰਸੇ ਤੋਂ ਬਤੌਰ ਡੈਲੀਵੇਜਿਜ਼ ਕੰਮ ਕਰਦੇ ਆਪਣਾ ਆਰਥਿਕ ਤੇ ਮਾਨਸਿਕ ਸ਼ੋਸ਼ਣ ਕਰਵਾਉਣ ਵਾਲੇ ਸਮੂਹ ਵਰਕਰਾਂ ਨੂੰ ਰੈਗੂਲਰ ਕਰਵਾਉਣ ਤੇ ਹੋਰ ਵਿਭਾਗੀ ਪ੍ਰਮੁੱਖ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਕਮੇਟੀ ਪੰਜਾਬ ਵੱਲੋਂ ਵਿੱਢੇ ਸੰਘਰਸ਼ ਚੰਡੀਗੜ੍ਹ ਵਿਖੇ ਲਗਾਤਾਰ ਪੱਕੇ ਮੋਰਚੇ ਵਿੱਚ 2 ਦਸੰਬਰ ਸੰਨ 2000 ਤੋਂ 5 ਦਸੰਬਰ ਸੰਨ 2000 ਤੱਕ ਆਪਣੇ ਜਥੇ ਦੀ ਅਗਵਾਈ ਕਰਦੇ ਹੋਏ ਆਪਣੀ ਵਾਰੀ (ਟਰਨ) ਨਿਭਾਉਂਦੇ ਹੋਏ ਘਰ ਵਾਪਸੀ ਸਮੇਂ 5 ਦਸੰਬਰ 2000 ਨੂੰ ਸ਼ਾਸਕੀ ਮਾੜੇ ਪ੍ਰਬੰਧਾਂ ਕਾਰਨ ਸੰਗਰੂਰ ਵਿਖੇ ਇੱਕ ਸੜਕ ਹਾਦਸੇ ਵਿੱਚ ਸ਼ਹਾਦਤ ਦੇ ਗਏ। ਜਥੇਬੰਦੀ ਵੱਲੋਂ ਇਸ ਮਹਾਨ, ਨਿਧੱੜਕ, ਇਮਾਨਦਾਰ, ਸੂਝਵਾਨ ਜਰਨੈਲ ਸਾਥੀ ਨੂੰ ਸਮਰਪਤ ਸਮਾਰੋਹ ਮੌਕੇ ਹਰਜੀਤ ਬਾਲੀਆਂ, ਗੁਰਚਰਨ ਸਿੰਘ ਅਕੋਈ ਸਾਹਿਬ ਦੀ ਅਗਵਾਈ ਵਿੱਚ ਵਰਕਿੰਗ ਕਮੇਟੀ ਸੰਗਰੂਰ ਦੇ ਆਗੂ ਸਾਹਿਬਾਨ ਤੇ ਵਰਕਿੰਗ ਕਮੇਟੀ ਸੁਨਾਮ ਦੇ ਆਗੂ ਸਹਿਬਾਨਾਂ ਵੱਲੋਂ ਸਮੂਹ ਸਾਥੀਆਂ ਦੇ ਸਹਿਯੋਗ ਨਾਲ ਨਾਅਰਿਆਂ ਦੀ ਗੂੰਜ ਵਿੱਚ ਝੰਡਾ ਲਹਿਰਾਇਆ ਗਿਆ।

ਬਰਸੀ ਸਮਾਰੋਹ ਵਿੱਚ ਰਾਜਿੰਦਰਪਾਲ ਚੰਗਾਲੀਵਾਲਾ, ਰਾਮ ਸਿੰਘ ਰਣਕੋਟੀ, ਉਜਾਗਰ ਜੱਗਾ, ਦਰਸ਼ਨ ਝਨੇੜੀ, ਭੂਰਾ ਸਿੰਘ ਭੰਗੂ, ਨਛੱਤਰ ਚੱਠਾ, ਬੱਬਨਪਾਲ ਸੰਗਰੂਰ, ਸਮਸ਼ੇਰ ਬਡਰੁੱਖਾਂ, ਬੂਟਾ ਸਿੰਘ ਖੇੜੀ, ਓਮ ਪ੍ਰਕਾਸ਼ ਕਾਂਝਲਾ, ਰਜਿੰਦਰ ਸੁਨਾਮ, ਸੁਰਿੰਦਰ ਕਾਕੜਾ ਤੇ ਬਲਵਿੰਦਰ ਬੱਬੂ ਆਦਿ ਵੱਲੋਂ ਸਾਥੀ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਚਾਨਣਾ ਪਾਇਆ ਕਿ ਜਿੱਥੇ ਸਾਥੀ ਜੀ ਨੇ ਵਿਭਾਗ ਵਿੱਚ ਅਹਿਮ ਮੋਹਰੀ ਭੂਮਿਕਾ ਨਿਭਾਈ, ਉਥੇ ਨਾਲੋ ਨਾਲ ਸਾਥੀ ਜੀ ਵੱਲੋਂ ਦੱਬੇ ਕੁਚਲੇ ਲੋਕਾਂ ਵਿੱਚ, ਸ਼ਹਿਰ ਸੁਧਾਰ ਕਮੇਟੀਆਂ ਵਿੱਚ, ਇਨਸਾਫ ਪਸੰਦ ਸਫਾਵਾਂ ਵਿੱਚ, ਜਮਹੂਰੀਅਤ ਤੇ ਇਨਕਲਾਬੀ ਧਿਰਾਂ ਵਿੱਚ ਮੋਹਰੀ ਸਫਾਵਾਂ ਵਿੱਚ ਪੂਰੀ ਦ੍ਰਿੜ੍ਹਤਾ ਨਾਲ ਕੰਮ ਕੀਤਾ। ਇਸ ਲਈ ਸਾਥੀ ਜੀ ਨੂੰ ਸਰਵ ਸਾਂਝੇ ਸ਼ਹੀਦ ਗਰਦਨਾਇਆ ਗਿਆ।

ਸਮਾਰੋਹ ਵਿੱਚ ਪਾਲ ਸਿੰਘ, ਹੀਰਾ ਸਿੰਘ, ਰਵਿੰਦਰ ਸਿੰਘ, ਗੁਰਜੰਟ ਸਿੰਘ, ਮਹੇਸ਼ਇੰਦਰਪਾਲ, ਜਗਰੂਪ ਸਿੰਘ, ਮੇਜਰ ਸਿੰਘ, ਰਣਬੀਰ ਸਿੰਘ, ਕਰਮਜੀਤ ਸਿੰਘ, ਲਾਲੀ ਸਿੰਘ ਆਦਿ ਸਾਥੀਆਂ ਨੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ। ਸਮਾਰੋਹ ਦੇ ਅੰਤ ਵਿੱਚ ਬੁਲਾਰਿਆਂ ਨੇ ਸਮੂਹ ਸਾਥੀਆਂ ਨੂੰ ਸਾਥੀ ਜੀ ਦੇ ਪਦ-ਚਿੰਨ੍ਹਾਂ 'ਤੇ ਚੱਲਦੇ ਹੋਏ ਹੱਕ, ਸੱਚ, ਇਨਸਾਫ ਤੇ ਜਮਹੂਰੀਅਤ ਲਈ ਤੱਤਪਰ ਰਹਿਣ ਦਾ ਸੰਦੇਸ਼ ਦਿੱਤਾ।

6-DEC-PAGE-7.qxd 12/5/2022 10:21 PM Page 1



# ਕਣਕ ਦੀ ਸਿੰਚਾਈ ਲਈ ਬਿਜਲੀ ਸਪਲਾਈ ਨਿਰਵਿਘਨ ਦਿੱਤੀ ਜਾਵੇ : ਭਾਕਿਯੂ ਬਹਿਰਾਮਕੇ


ਮਹੀਨਾਵਾਰ ਮੀਟਿੰਗ ਦੌਰਾਨ ਬੀ.ਕੇ.ਯੂ. ਬਹਿਰਾਮਕੇ ਦੇ ਆਗੂ ਸਾਹਿਬਾਨ।

**ਕੋਟ ਈਸੇ ਖਾਂ (ਅਰੋੜਾ)**-ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ ਦੀ ਮਹੀਨਾਵਾਰ ਮੀਟਿੰਗ ਜਥੇਦਾਰ ਤੋਤਾ ਸਿੰਘ ਦੇ ਗ੍ਰਹਿ ਵਿਖੇ ਰਛਪਾਲ ਸਿੰਘ ਭਿੰਡਰ ਬਲਾਕ ਪ੍ਰਧਾਨ ਧਰਮਕੋਟ ਦੀ ਰਹਿਨੁਮਾਈ ਹੇਠ ਕੀਤੀ ਗਈ, ਜਿਸ ਵਿੱਚ ਸੂਬਾ ਪ੍ਰਧਾਨ ਬਲਵੰਤ ਸਿੰਘ ਬਹਿਰਾਮਕੇ, ਗੁਰਨਾਮ ਸਿੰਘ ਸਾਹਵਾਲਾ ਸੂਬਾ ਸਕੱਤਰ, ਮਲਕੀਤ ਸਿੰਘ ਅਮੀਵਾਲਾ ਸੂਬਾ ਸਕੱਤਰ, ਸ਼ੇਰ ਸਿੰਘ ਖੰਭੇ ਸੂਬਾ ਸਕੱਤਰ, ਮਲੂਕ ਸਿੰਘ ਨੰਬਰਦਾਰ ਐਗਜ਼ੈਕਟਿਵ ਮੈਂਬਰ ਪੰਜਾਬ, ਰਿਟਾ: ਤਰਸੇਮ ਸਿੰਘ ਐਗਜ਼ੈਕਟਿਵ ਮੈਂਬਰ ਪੰਜਾਬ, ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਬੁਲਾਰਿਆਂ ਨੇ ਬੋਲਦਿਆਂ ਕਿਹਾ ਕਿ ਕਣਕ ਦੀ ਫ਼ਸਲ ਨੂੰ ਸਿੰਚਾਈ ਕਰਨ ਦਾ ਸਹੀ ਢੁੱਕਵਾਂ ਸਮਾਂ ਆ ਗਿਆ ਹੈ। ਅਸੀਂ ਪੁਰਜ਼ੋਰ ਮੰਗ ਕਰਦੇ ਹਾਂ ਕਿ ਦਿਹਾਤੀ ਸਪਲਾਈ ਨਿਰਵਿਘਨ ਚਾਲੂ ਕੀਤੀ ਜਾਵੇ ਤਾਂ ਜੋ ਕਣਕ ਦੀ ਸਿੰਚਾਈ ਸਹੀ ਹੋ ਸਕੇ। ਦੂਜੇ ਪਾਸੇ ਲਾਇਸੈਂਸੀ ਅਸਲਾ ਧਾਰਕਾਂ ਦੀ ਹੋ ਰਹੀ ਨਜਾਇਜ਼ ਖੱਜਲ ਖ਼ੁਆਰੀ ਨੂੰ ਬੰਦ ਕੀਤਾ ਜਾਵੇ। ਮਾਨ ਸਰਕਾਰ ਨੇ ਪਿਛਲੇ ਸਾਲ ਕਣਕ ਦੇ ਝਾੜ ਘਟਣ 'ਤੇ ਬੋਨਸ ਦੇਣ ਦਾ ਵਾਅਦਾ ਕੀਤਾ ਸੀ, ਉਹ ਕਿਸਾਨਾਂ ਨਾਲ ਪੂਰਾ ਕੀਤਾ ਜਾਵੇ। ਪਿਛਲੇ ਲੰਮੇ ਸਮੇਂ ਤੋਂ ਚੇਅਰਮੈਨ ਕੋਟੇ 'ਚੋਂ ਜਨਰਲ ਟਿਊਬਵੈੱਲ ਕੁਨੈਕਸ਼ਨਾਂ ਦੀਆਂ ਸਕਿਉਰਟੀਆਂ ਵੀ ਜਮ੍ਹਾਂ ਹੋਈਆਂ ਨੂੰ ਸਮਾਂ ਬੀਤ ਗਿਆ ਹੈ, ਪੈਂਡਿੰਗ ਪਏ ਕੁਨੈਕਸ਼ਨ ਵੀ ਜਾਰੀ ਕਰਕੇ ਬਹਾਲ ਕੀਤੇ ਜਾਣ।

ਇਸ ਮੌਕੇ ਸਵਰਨ ਸਿੰਘ ਬਲਾਕ ਪ੍ਰਧਾਨ, ਨਾਇਬ ਸਿੰਘ ਬੋਤੀਆਂ ਵਾਲਾ, ਗੁਰਬਾਜ ਸਿੰਘ ਗਿੱਲ ਪ੍ਰਧਾਨ, ਮੁਖਤਿਆਰ ਸਿੰਘ ਚੱਕ ਸਿੰਘ ਪੁਰਾ, ਬਾਜ ਸਿੰਘ ਸੰਗਲਾਂ, ਗੁਰਚਰਨ ਸਿੰਘ ਇਕਾਈ ਪ੍ਰਧਾਨ, ਸਾਰਜ ਸਿੰਘ ਰਿੰਕਾ, ਜਸਵੰਤ ਸਿੰਘ ਗੜ੍ਹਾ, ਬਲਵੀਰ ਸਿੰਘ, ਅੰਗਰੇਜ਼ ਸਿੰਘ, ਮੇਜਰ ਸਿੰਘ, ਮੁਕੰਦ ਸਿੰਘ ਜਾਨੀਆਂ, ਨਿਰਮਲ ਸਿੰਘ, ਬਲਦੇਵ ਸਿੰਘ, ਚਰਨਜੀਤ ਸਿੰਘ, ਕਸ਼ਮੀਰ ਸਿੰਘ, ਕੁਲਵਿੰਦਰ ਸਿੰਘ, ਮਨਜੀਤ ਸਿੰਘ, ਸੰਸਾਰ ਸਿੰਘ, ਗੋਪਾਲ ਸਿੰਘ, ਜਾਗੀਰ ਸਿੰਘ ਸਾਦੀਵਾਲਾ, ਮੇਜਰ ਸਿੰਘ ਸੇਦ ਮਹੰਮਦ, ਬੰਤ ਸਿੰਘ ਭਿੰਡਰ, ਸੁਰਜੀਤ ਸਿੰਘ ਭਿੰਡਰ, ਤਰਲੋਕ ਸਿੰਘ, ਨਿਰਭੈ ਸਿੰਘ, ਅਜੀਤ ਸਿੰਘ, ਸ਼ਮਿੰਦਰ ਸਿੰਘ, ਡਾ: ਪੂਰਨ ਸਿੰਘ, ਹਰਜਿੰਦਰ ਸਿੰਘ ਵਿਰਕ, ਜਗਰੂਪ ਸਿੰਘ ਰੰਡਿਆਲਾ ਤਹਿਸੀਲ ਪ੍ਰਧਾਨ, ਸੁਖਦੇਵ ਸਿੰਘ ਭਿੰਡਰ, ਅਮਰੀਕ ਸਿੰਘ ਸਰਪੰਚ ਆਦਿ ਕਿਸਾਨ ਆਗੂ ਹਾਜ਼ਰ ਸਨ।

# ਕੇਵਲ ਢਿੱਲੋਂ ਨੂੰ ਸੂਬਾ ਮੀਤ ਪ੍ਰਧਾਨ ਨਿਯੁਕਤ ਕਰਨ 'ਤੇ ਭਾਜਪਾ ਵਰਕਰਾਂ ਤੇ ਸਮਰਥਕਾਂ 'ਚ ਖ਼ੁਸ਼ੀ ਦਾ ਮਾਹੌਲ

■ 2024 ਚੋਣਾਂ 'ਚ ਵੱਡੀ ਲੀਡ ਨਾਲ ਜਿਤਾ ਕੇ ਪਾਰਲੀਮੈਂਟ ਭੇਜਣ ਦਾ ਕੀਤਾ ਦਾਅਵਾ



**ਬਰਨਾਲਾ (ਰਜਿੰਦਰ ਬਰਾੜ/ਗੁਰਪ੍ਰੀਤ ਸਿੰਘ)**

ਬਰਨਾਲਾ ਤੋਂ ਸਾਬਕਾ ਵਿਧਾਇਕ ਤੇ ਸੀਨੀਅਰ ਨੇਤਾ ਕੇਵਲ ਸਿੰਘ ਢਿੱਲੋਂ ਨੂੰ ਭਾਜਪਾ ਵੱਲੋਂ ਪਾਰਟੀ ਦੇ ਨਵੇਂ ਜਥੇਬੰਦਕ ਢਾਂਚੇ ਵਿੱਚ ਅਹਿਮ ਸਥਾਨ ਦਿੰਦੇ ਹੋਏ ਸੂਬੇ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਕੇਵਲ ਢਿੱਲੋਂ ਦੀ ਇਸ ਵੱਡੀ ਨਿਯੁਕਤੀ ਨਾਲ ਉਨ੍ਹਾਂ ਦੇ ਸਮਰਥਕਾਂ ਤੇ ਬਰਨਾਲਾ ਦੇ ਭਾਜਪਾ ਆਗੂਆਂ ਵਿੱਚ ਖ਼ੁਸ਼ੀ ਦਾ ਮਾਹੌਲ ਹੈ, ਜਿਸ ਤਹਿਤ ਬਰਨਾਲਾ ਸ਼ਹਿਰ ਵਿੱਚ ਭਾਜਪਾ ਆਗੂਆਂ ਤੇ ਕੇਵਲ ਢਿੱਲੋਂ ਦੇ ਸਮਰਥਕਾਂ ਨੇ ਲੱਡੂ ਵੰਡ ਕੇ ਤੇ ਢੋਲ ਵਜਾ ਕੇ ਭੰਗੜੇ ਪਾ ਕੇ ਖ਼ੁਸ਼ੀ ਸਾਂਝੀ ਕੀਤੀ। ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਧੀਰਜ ਕੁਮਾਰ ਦੱਦਾਹੂਰ, ਯਾਦਵਿੰਦਰ ਸ਼ੰਟੀ ਜ਼ਿਲ੍ਹਾ ਪ੍ਰਧਾਨ, ਲਲਿਤ ਕੁਮਾਰ ਗਰਗ, ਨਰਿੰਦਰ ਗਰਗ ਨੀਟਾ ਵਾਈਸ ਪ੍ਰਧਾਨ ਨਗਰ ਕੌਂਸਲ, ਗੁਰਮੀਤ ਸਿੰਘ ਬਾਵਾ ਹੰਡਿਆਇਆ, ਅਸ਼ੋਕ ਕੁਮਾਰ ਸਾਬਕਾ ਚੇਅਰਮੈਨ, ਜੱਗਾ ਸਿੰਘ ਮਾਨ, ਗੁਰਜਿੰਦਰ ਸਿੰਘ ਪੱਪੀ ਸਾਬਕਾ ਪ੍ਰਧਾਨ ਟਰੱਕ ਯੂਨੀਅਨ, ਗੁਰਦਰਸ਼ਨ ਬਰਾੜ ਤੇ ਗੁਰਜੰਟ ਸਿੰਘ ਕਰਮਗੜ੍ਹ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਦੀ ਨਵੀਂ ਚੁਣੀ ਟੀਮ ਵਿੱਚ ਵਿਕਾਸ ਪੁਰਸ਼ ਵਜੋਂ ਜਾਣੇ ਜਾਂਦੇ ਕੇਵਲ ਢਿੱਲੋਂ ਨੂੰ ਸੂਬੇ ਦਾ ਮੀਤ ਪ੍ਰਧਾਨ ਬਣਾ ਕੇ ਬਰਨਾਲਾ ਜ਼ਿਲ੍ਹੇ ਨੂੰ ਵੱਡਾ ਮਾਣ ਬਖ਼ਸ਼ਿਆ ਗਿਆ ਹੈ, ਜਿਸ ਲਈ ਉਹ ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਕੇਵਲ ਸਿੰਘ ਢਿੱਲੋਂ ਇੱਕ ਅਜਿਹੀ ਸ਼ਖ਼ਸੀਅਤ ਹਨ, ਜਿਨ੍ਹਾਂ ਲਗਾਤਾਰ 15 ਸਾਲ ਬਰਨਾਲੇ ਦਾ ਵਿਕਾਸ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਕੇਵਲ ਸਿੰਘ ਢਿੱਲੋਂ ਨੂੰ 2024 ਦੀ ਲੋਕ ਸਭਾ ਸੰਗਰੂਰ ਦੀ ਸੀਟ ਜਿਤਾ ਕੇ ਪਾਰਲੀਮੈਂਟ ਭੇਜਿਆ ਜਾਵੇਗਾ, ਉਥੇ ਹੀ ਉਨ੍ਹਾਂ ਦੀ ਅਗਵਾਈ ਵਿੱਚ ਬਰਨਾਲਾ ਤੇ ਸੰਗਰੂਰ ਜ਼ਿਲ੍ਹੇ ਵਿੱਚ ਪਾਰਟੀ ਨੂੰ ਪਿੰਡ ਪੱਧਰ ਤੱਕ ਮਜ਼ਬੂਤ ਕੀਤਾ ਜਾਵੇਗਾ। ਇਸ ਤੋਂ ਇਲਾਵਾ 2027 ਵਿੱਚ ਭਾਜਪਾ ਆਪਣੇ ਦਮ 'ਤੇ ਸਰਕਾਰ ਬਣਾਏਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਰਘਵੀਰ ਪ੍ਰਕਾਸ਼ ਸਾਬਕਾ ਪ੍ਰਧਾਨ ਨਗਰ ਕੌਂਸਲ, ਰਾਣੀ ਕੌਰ ਮਹਿਲਾ ਪ੍ਰਧਾਨ, ਸੋਮ ਨਾਥ ਸੋਹਰੀਆ ਸਾਬਕਾ ਚੇਅਰਮੈਨ, ਕੁਲਦੀਪ ਸੋਹਰੀਆ ਸਾਬਕਾ, ਰਾਕੇਸ਼ ਪ੍ਰਾਪਰਟੀ ਡੀਲਰ, ਰਾਜੇਸ਼ ਕੁਮਾਰ, ਪ੍ਰਵੀਨ ਬਾਂਸਲ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਕੁਲਦੀਪ ਸਿੰਘ ਧਾਲੀਵਾਲ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਅਸ਼ੋਕ ਮਿੱਤਲ ਚੇਅਰਮੈਨ, ਹਰਬਖ਼ਸ਼ੀਸ਼ ਸਿੰਘ ਗੋਨੀ, ਧਰਮ ਸਿੰਘ ਫੌਜੀ, ਖ਼ੁਸ਼ੀ ਮੁਹੰਮਦ, ਸੋਹਣ ਮਿੱਤਲ, ਦੀਪਕ ਮਿੱਤਲ, ਅਸ਼ੀਸ਼ ਗੋਇਲ, ਸਤੀਸ਼ ਮੋਚਾ, ਪੁਨੀਤ ਮੋਨੂ, ਭੋਲਾ ਮੋਨਟੀਕਾਰਲੋ ਸ਼ੋਅ ਰੂਮ ਵਾਲੇ ਸ਼ਿਵ ਚੰਦ ਸਿੰਗਲਾ, ਲੱਕੀ ਕਰਿਆਨਾ, ਤਕਵਿੰਦਰ ਸਿੰਘ ਸਰਪੰਚ, ਦਰਸ਼ਨ ਸਿੰਘ ਸਰਪੰਚ, ਹਰਮੇਲ ਸਿੰਘ ਸਰਪੰਚ, ਗੁਰਮੇਲ ਸਿੰਘ ਸਰਪੰਚ, ਬਲਵੀਰ ਸਿੰਘ ਸਰਪੰਚ, ਬੂਟਾ ਸਿੰਘ ਮਾਨ, ਰੌਣਕ ਸਿੰਘ, ਨਰਿੰਦਰ ਕੁਮਾਰ ਐਕਟਿੰਗ ਸਰਪੰਚ, ਰਜਿੰਦਰ ਰਜੀਆ, ਪਰਮਜੀਤ ਸਿੰਘ ਪੰਮਾ ਸਰਪੰਚ, ਬਿੱਟੂ ਸਿੰਘ ਸਰਪੰਚ, ਜਗਤਾਰ ਸਿੰਘ ਸਰਪੰਚ, ਬਲਕਰਨ ਸਿੰਘ ਠੇਕੇਦਾਰ, ਗੁਰਮੇਲ ਸਿੰਘ ਸਾਬਕਾ ਸਰਪੰਚ, ਹਰਪ੍ਰੀਤ ਸਿੰਘ ਬੌਬੀ, ਅਮਨਦੀਪ ਸਿੰਘ ਬਲਾਕ ਸੰਮਤੀ ਮੈਂਬਰ, ਗੁਰਪ੍ਰੀਤ ਸਿੰਘ ਚੀਮਾ, ਸੰਸਾਰ ਸਿੰਘ, ਰੂਪ ਸਿੰਘ, ਰਾਮ ਸਿੰਘ ਔਲਖ, ਮੁਲਖ ਰਾਜ, ਮਨੋਜ ਕੁਮਾਰ, ਬਲਵੰਤ ਸਿੰਘ, ਧਰਮ ਸਿੰਘ ਧਰਮਾ, ਪਲਵਿੰਦਰ ਸਿੰਘ ਗੋਗਾ, ਹੈਪੀ ਢਿੱਲੋਂ, ਦੀਪ ਸੰਘੇੜਾ ਪੀ ਏ, ਗੁਰਸ਼ਰਨ ਸਿੰਘ ਢੀਂਡਸਾ ਹਾਜ਼ਰ ਸਨ।

## ਕਾਤਰਾਂ

### ਬੱਸ ਤੇ ਕਾਰ ਦੀ ਟੱਕਰ 'ਚ 2 ਜ਼ਖਮੀ

**ਮਲੋਟ (ਗੁਰਮੀਤ ਸਿੰਘ ਮੱਕੜ)**-ਸਵੇਰ ਦੇ ਸਮੇਂ ਜ਼ਿਆਦਾ ਧੁੰਦ ਦੇ ਚੱਲਦਿਆਂ ਲੰਬੀ ਦੇ ਨਜ਼ਦੀਕ ਨਿਰਮਾਣ ਅਧੀਨ ਮਲੋਟ-ਡੱਬਵਾਲੀ ਰੋਡ 'ਤੇ ਬੱਸ ਤੇ ਕਾਰ ਦੀ ਟੱਕਰ ਵਿੱਚ ਪੁਲਸ ਮੁਲਾਜ਼ਮ ਤੇ ਉਸ ਦਾ ਬੇਟਾ ਜ਼ਖਮੀ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਮਲੋਟ-ਡੱਬਵਾਲੀ ਰੋਡ 'ਤੇ ਪਿੰਡ ਖੁੱਡੀਆਂ ਦੇ ਰਹਿਣ ਵਾਲੇ ਏ.ਐੱਸ.ਆਈ. ਗੁਰਮੀਤ ਸਿੰਘ, ਜੋ ਆਪਣੇ ਬੇਟੇ ਦੇ ਨਾਲ ਕਾਰ 'ਤੇ ਸਵਾਰ ਹੋ ਕੇ ਮਲੋਟ ਡਿਊਟੀ 'ਤੇ ਆ ਰਹੇ ਸਨ ਕਿ ਸਵੇਰ ਦੇ ਸਮੇਂ ਧੁੰਦ ਜ਼ਿਆਦਾ ਹੋਣ ਕਾਰਨ ਨਹਿਰਾਂ ਦੇ ਕੋਲ ਸਾਹਮਣੇ ਤੋਂ ਆ ਰਹੀ ਪੰਜਾਬ ਰੋਡਵੇਜ਼ ਦੀ ਬੱਸ ਨਾਲ ਟੱਕਰ ਹੋ ਗਈ ਤੇ ਦੋਵੇਂ ਪਿਓ ਤੇ ਪੁੱਤਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਬਠਿੰਡਾ ਰੈਫ਼ਰ ਕਰ ਦਿੱਤਾ ਗਿਆ ਹੈ। ਇਸ ਸਬੰਧੀ ਬੱਸ ਡਰਾਇਵਰ ਨੇ ਕਿਹਾ ਕਿ ਸੜਕ 'ਤੇ ਕੰਮ ਚੱਲ ਰਿਹਾ ਹੈ ਤੇ ਧੁੰਦ ਜ਼ਿਆਦਾ ਹੋਣ ਕਾਰਨ ਸਾਹਮਣੇ ਤੋਂ ਆ ਰਹੀ ਗਲਤ ਸਾਈਡ ਕਾਰ ਨਜ਼ਰ ਨਹੀਂ ਆਈ ਤੇ ਐਕਸੀਡੈਂਟ ਹੋ ਗਿਆ।

### ਭਾਰਤ ਵਿਕਾਸ ਪ੍ਰੀਸ਼ਦ ਵੱਲੋਂ 13 ਪਰਵਾਰਾਂ ਨੂੰ ਰਾਸ਼ਨ ਵੰਡਿਆ



ਜਲਾਲਾਬਾਦ (ਦਹੂਜਾ)-ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ ਵੱਲੋਂ ਸਮਾਜ ਸੇਵਾ ਦਾ ਸਰਵੋਤਮ ਕਾਰਜ ਕਰਦੇ ਹੋਏ ਸ੍ਰੀ ਅਨੰਦਪੁਰ ਸਤਿਸੰਗ ਆਸ਼ਰਮ ਵਿਖੇ ਮੁਫ਼ਤ ਸੇਵਾ ਜਾਂਚ ਸੇਵਾ ਦੇ ਤਹਿਤ ਦੰਦਾਂ ਦੇ ਮਾਹਰ ਡਾਕਟਰ ਮਾਰਵੀ ਅਰੋੜਾ (ਬੀ.ਡੀ.ਐੱਸ.) ਵੱਲੋਂ 45 ਮਰੀਜ਼ਾਂ ਦੀ ਜਾਂਚ ਕੀਤੀ ਗਈ, ਨਾਲ ਹੀ ਡਾ: ਰੋਪੀ ਡੁਮਰਾ ਨੇ 48 ਮਰੀਜ਼ਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ। ਹਰ ਮਹੀਨੇ ਦੀ ਤਰ੍ਹਾਂ 13 ਲੋੜਵੰਦ ਪਰਵਾਰਾਂ ਨੂੰ ਇੱਕ ਮਹੀਨੇ ਦਾ ਰਾਸ਼ਨ ਦਿੱਤਾ ਗਿਆ। ਰਾਸ਼ਨ ਦੇਣ ਲਈ ਅਮਿਤ ਕੁਮਾਰ (ਤੋਲ ਵਾਲੇ) ਨੇ ਸਹਿਯੋਗ ਦਿੱਤਾ। ਇਸ ਮੌਕੇ ਕੌਂਸਲ ਵੱਲੋਂ ਅਮਿਤ ਕੁਮਾਰ, ਡਾ. ਮਾਰਵੀ ਅਰੋੜਾ ਤੇ ਡਾ. ਰੋਪੀ ਡੁਮਰਾ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਕੌਂਸਲ ਵੱਲੋਂ ਜ਼ਿਲ੍ਹਾ ਪ੍ਰਧਾਨ ਦਵਿੰਦਰ ਕੁੱਕੜ, ਬਰਾਂਚ ਪ੍ਰਧਾਨ ਮਦਨ ਡੂਮਰਾ, ਸਕੱਤਰ ਨੀਰਜ ਛਾਬੜਾ, ਖ਼ਜ਼ਾਨਚੀ ਰਮੇਸ਼ ਸਿਡਾਨਾ, ਵਿਜੇ ਖੰਨਾ, ਅਸ਼ੋਕ ਡੂਮਰਾ, ਰਾਜੇਸ਼ ਪਰੂਥੀ, ਤਰਸੇਮ ਵਿਖੋਨਾ, ਡਾ: ਸ਼ਾਮ ਜੁਨੇਜਾ, ਵਿਕਾਸ ਸਹਿਗਲ, ਪਲਕ ਬਜਾਜ ਆਦਿ ਸ਼ਾਮਲ ਹੋਏ।

### ਹੈਰੋਇਨ ਸਮੇਤ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਕਬਰਵਾਲਾ ਪੁਲਸ ਨੇ ਹੈਰੋਇਨ ਸਮੇਤ ਇੱਕ ਨੌਜਵਾਨ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਬੱਸ ਅੱਡਾ ਰੱਤਾ ਖੇੜਾ ਤੋਂ ਥੋੜ੍ਹਾ ਪਿੱਛੇ ਸੀ ਤਾਂ ਪਿੰਡ ਆਲਮਵਾਲਾ ਵੱਲੋਂ ਇੱਕ ਮੋਨਾ ਨੌਜਵਾਨ ਸਹਿਜਪ੍ਰੀਤ ਸਿੰਘ ਵਾਸੀ ਆਲਮਵਾਲਾ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਦੀ ਗੱਡੀ ਨੂੰ ਦੇਖ ਕੇ ਆਪਣਾ ਮੋਟਰਸਾਈਕਲ ਇੱਕ ਦਮ ਸੱਜੇ ਹੱਥ ਪਿੰਡ ਛੋਟਾ ਰੱਤਾ ਟਿੱਬਾ ਨੂੰ ਮੋੜ ਦਿੱਤਾ, ਜੋ ਮੋਟਰਸਾਈਕਲ ਸੜਕ 'ਤੇ ਡਿੱਗ ਪਿਆ ਤਾਂ ਪੁਲਸ ਨੇ ਉਕਤ ਵਿਅਕਤੀ ਨੂੰ ਕਾਬੂ ਕਰਕੇ ਉਸ ਦੀ ਤਲਾਸ਼ੀ ਲੈਣ ਉਪਰੰਤ 75 ਗ੍ਰਾਮ ਹੈਰੋਇਨ ਬਰਾਮਦ ਕਰ ਲਈ। ਪੁਲਸ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਦਿੱਤੀ ਹੈ।

### 5 ਕਿੱਲੋ ਭੁੱਕੀ ਸਮੇਤ ਕਾਬੂ

**ਜਲਾਲਾਬਾਦ (ਦਹੂਜਾ)**-ਥਾਣਾ ਅਰਨੀਵਾਲਾ ਦੀ ਪੁਲਸ ਨੇ 5 ਕਿੱਲੋ ਭੁੱਕੀ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਜਾਂਚ ਅਧਿਕਾਰੀ ਬਿਸ਼ਨ ਰਾਮ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖਾਸ ਨੇ ਦੱਸਿਆ ਕਿ ਹਰਮੇਸ਼ ਸਿੰਘ ਉਰਫ ਮੇਸ਼ੀ ਵਾਸੀ ਡੱਬਵਾਲੀ ਕਲਾਂ ਭੁੱਕੀ ਵੇਚਣ ਦਾ ਆਦੀ ਹੈ। ਅੱਜ ਵੀ ਉਹ ਆਪਣੇ ਪਿੰਡ ਡੱਬਵਾਲਾ ਕਲਾਂ ਤੋਂ ਪਿੰਡ ਟਾਹਲੀਵਾਲਾ ਜੱਟਾਂ ਵਿੱਚ ਭੁੱਕੀ ਵੇਚਣ ਲਈ ਜਾਂਦਾ ਸੀ। ਜੇਕਰ ਲੋੜੀਂਦੀ ਜਗ੍ਹਾ 'ਤੇ ਨਾਕਾਬੰਦੀ ਕੀਤੀ ਜਾਵੇ ਤਾਂ ਉਥੋਂ ਭਾਰੀ ਮਾਤਰਾ 'ਚ ਭੁੱਕੀ ਬਰਾਮਦ ਕੀਤੀ ਜਾ ਸਕਦੀ ਹੈ। ਇਤਲਾਹ ਭਰੋਸੇਮੰਦ ਹੋਣ 'ਤੇ ਬਿਸ਼ਨ ਰਾਮ ਨੂੰ ਅਗਲੇਰੀ ਜਾਂਚ ਲਈ ਲਿਆਂਦਾ ਗਿਆ ਤਾਂ ਹਰਮੇਸ਼ ਸਿੰਘ ਉਰਫ ਮੇਸ਼ੀ ਨੂੰ ਕਾਬੂ ਕਰਕੇ ਉਸ ਕੋਲੋਂ 5 ਕਿੱਲੋ ਚੂਰਾ ਪੋਸਤ ਬਰਾਮਦ ਕੀਤਾ ਗਿਆ, ਜਿਸ 'ਤੇ ਧਾਰਾ ਪਰਚਾ ਦਰਜ ਕੀਤਾ ਗਿਆ।

# ਨਰੇਗਾ ਮਜ਼ਦੂਰਾਂ ਲਈ ਕੰਮ ਮੁਤਾਬਕ ਸੁਰੱਖਿਆ ਸਾਮਾਨ ਦੇਵੇ ਸਰਕਾਰ : ਸੀ ਪੀ ਆਈ



**ਕੋਟਕਪੂਰਾ (ਰਛਪਾਲ ਭੁੱਲਰ)**-ਸ੍ਰ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ ਪੀ ਏ ਦੀ ਪਹਿਲੀ ਸਰਕਾਰ ਸਮੇਂ ਖੱਬੀਆਂ ਪਾਰਟੀਆਂ ਦੇ ਦਬਾਅ ਹੇਠ ਪਿੰਡਾਂ ਦੇ ਮਜ਼ਦੂਰਾਂ ਨੂੰ ਸਾਲ ਵਿੱਚ ਘੱਟ ਤੋਂ ਘੱਟ 100 ਦਿਨ ਕੰਮ ਦੀ ਗਰੰਟੀ ਦੇਣ ਵਾਲਾ ਕਾਨੂੰਨ ਪਾਸ ਕੀਤਾ ਗਿਆ ਸੀ, ਜੋ ਕਰੋਨਾ ਮਹਾਮਾਰੀ ਦੇ ਦੌਰ ਵਿੱਚ ਪੇਂਡੂ ਗਰੀਬਾਂ ਲਈ ਵਰਦਾਨ ਸਾਬਿਤ ਹੋਇਆ। ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਆਗੂ ਕਾਮਰੇਡ ਵੀਰ ਸਿੰਘ ਕੰਮੇਆਣਾ ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਪਿੰਡ ਕਿਲ੍ਹਾ ਨੌਂ ਨੇੜੇ ਨਹਿਰ ਦੀ ਸਫਾਈ ਕਰਦੇ ਨਰੇਗਾ ਮਜ਼ਦੂਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਡੀ ਮੰਗ ਹੈ ਕਿ ਨਰੇਗਾ ਮਜ਼ਦੂਰਾਂ ਨੂੰ ਸਾਲ ਵਿੱਚ 200 ਦਿਨ ਕੰਮ ਦਿੱਤਾ ਜਾਵੇ ਅਤੇ ਵਧੀ ਹੋਈ ਮਹਿੰਗਾਈ ਨੂੰ ਵੇਖਦੇ ਹੋਏ ਦਿਹਾੜੀ 700 ਰੁਪਏ ਕੀਤੀ ਜਾਵੇ। ਕੰਮ ਵਾਲੀ ਥਾਂ 'ਤੇ ਪਹੁੰਚੇ ਆਗੂਆਂ ਨੇ ਵੇਖਿਆ ਕਿ ਨੰਗੇ ਪੈਰੀਂ ਪਾਣੀ ਵਿੱਚ ਖੜ ਕੇ ਨਹਿਰ ਤੋਂ ਸਰਕੰਡੇ ਦੀ ਸਫਾਈ ਕਰ ਰਹੇ ਮਜ਼ਦੂਰਾਂ ਨੂੰ ਦਸਤਾਨੇ ਤੇ ਲੰਬੇ ਬੂਟਾਂ ਦੀ ਲੋੜ ਹੈ, ਕਿਉਂਕਿ ਪਾਣੀ ਵਿੱਚ ਸੱਪ ਵੇਖੇ ਗਏ ਹਨ, ਜੋ ਨੁਕਸਾਨ ਪਹੁੰਚਾ ਸਕਦੇ ਹਨ। ਇਸ ਮੌਕੇ ਪੂਰਨ ਸਿੰਘ ਬਜ਼ੁਰਗ ਫੌਜੀ ਤੇ ਮੇਟ ਮੰਦਰ ਸਿੰਘ ਨੇ ਵੀ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਜਾਣਕਾਰੀ ਦਿੱਤੀ। ਆਗੂਆਂ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਬਾਰੇ ਮਾਣਯੋਗ ਏ ਡੀ ਸੀ ਸ੍ਰ. ਰਾਜਪਾਲ ਸਿੰਘ ਨੂੰ ਜਾਣੂੰ ਕਰਵਾ ਦਿੱਤਾ ਹੈ। ਉਨ੍ਹਾਂ ਨੇ ਨਰੇਗਾ ਮਜ਼ਦੂਰਾਂ ਨੂੰ ਜਥੇਬੰਦ ਤੇ ਸੁਚੇਤ ਹੋ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦੀ ਅਪੀਲ ਕੀਤੀ ਤੇ ਸਹਿਯੋਗ ਦਾ ਭਰੋਸਾ ਦਿੱਤਾ।

# ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਹੋਈ ਫੁਸ

■ ਬੇਈਮਾਨਾਂ ਤੇ ਘੁਟਾਲੇਬਾਜ਼ਾਂ ਦੇ ਹੌਸਲੇ ਬੁਲੰਦ

**ਜੈਤੋ (ਸਤੀਸ਼ ਕੁਮਾਰ ਭੀਰੀ)**

ਪੰਜਾਬ ਵਿੱਚ ਸਰਕਾਰ ਦੇ ਬਦਲਾਅ ਆਉਣ ਦੇ ਨਾਲ ਹੀ ਭ੍ਰਿਸ਼ਟਾਚਾਰੀਆਂ, ਘੁਟਾਲੇਬਾਜ਼ਾਂ ਤੇ ਨਸ਼ੇ ਦੇ ਸੌਦਾਗਰਾਂ ਨੂੰ ਫੜ ਲਓ, ਫੜ ਲਓ ਦੀਆਂ ਜ਼ੋਰਦਾਰ ਆਵਾਜ਼ਾਂ ਨਾਲ ਲੋਕਾਂ ਦੇ ਬੋਲੇ ਹੋਏ ਕੰਨਾਂ ਵਿੱਚ ਫੜ ਲਓ, ਫੜ ਲਓ ਦੀ ਥਾਂ ਸ਼ਾਇਦ ਇਹ ਆਵਾਜ਼ ਕਿ ਕਰ ਲਓ, ਕਰ ਲਓ, ਜੋ ਹੁੰਦਾ, ਜਿਵੇਂ ਹੁੰਦਾ, ਕਰ ਲਓ ਕਰ ਲਓ ਸੁਣਨ ਨੂੰ ਮਿਲ ਰਹੀ ਹੈ। ਇਸ ਮਾਮਲੇ ਦਾ ਹੈਰਾਨੀਜਨਕ ਤੇ ਦਿਲਚਸਪ ਪਹਿਲੂ ਇਹ ਹੈ ਕਿ ਅੱਜ ਤੋਂ ਚਾਰ ਮਹੀਨੇ ਪਹਿਲਾਂ ਮਾਰਕਫੈੱਡ ਵਿੱਚ ਸਾਬਕਾ ਮੈਨੇਜਰ ਸੁਰਜੀਤ ਸਿੰਘ ਵੱਲੋਂ ਕੀਤੇ ਗਏ ਕਰੋੜਾਂ ਰੁਪਏ ਦੇ ਗਬਨ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਦੀ ਈ ਮੇਲ ਉੱਪਰ ਸ਼ਿਕਾਇਤ ਦਰਜ ਕਰਵਾਈ ਗਈ ਸੀ, ਜੋ ਕਿ ਭ੍ਰਿਸ਼ਟਾਚਾਰ ਰੂਪੀ ਹਨੇਰੇ ਕਮਰੇ ਵਿੱਚ ਈਮਾਨਦਾਰੀ ਦਾ ਦੀਵਾ ਨਾ ਜਗਾਉਣ ਕਰਕੇ ਔਖੇ ਸਾਹ ਲੈਣ ਲਈ ਮਜਬੂਰ ਕਰ ਦਿੱਤੀ ਗਈ ਹੈ। ਭ੍ਰਿਸ਼ਟਾਚਾਰੀਆਂ ਨੂੰ ਦੇਸੀ ਘੀਓ ਵਾਂਗੂੰ ਮਾਫਿਕ ਆਈ ਭਗਵੰਤ ਸਿੰਘ ਮਾਨ ਦੀ ਸਰਕਾਰ ਘੁਟਾਲੇਬਾਜ਼ਾਂ ਨੂੰ ਈਮਾਨਦਾਰੀ ਦਾ ਗਲ ਘੁਟਦੇ ਹੋਏ ਬੇਈਮਾਨੀ ਦੀ ਰਜ਼ਾਈ ਵਿੱਚ ਨਿੰਘ ਮਾਨਣ ਲਈ ਸ਼ਹਿ ਦਿੰਦਿਆਂ ਜਾਪ ਰਹੀ ਹੈ। ਇੱਥੇ ਇਹ ਗੱਲ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ ਕਿ ਮਾਰਕਫੈੱਡ ਦੇ ਵਧੀਕ ਪ੍ਰਬੰਧਕ ਨਿਰਦੇਸ਼ਕ ਪੰਜਾਬ ਵੱਲੋਂ ਸੁਰਜੀਤ ਸਿੰਘ ਨੂੰ ਆਪਣੀ ਡਿਊਟੀ ਪ੍ਰਤੀ ਗੰਭੀਰ ਲਾਪ੍ਰਵਾਹੀ ਵਰਤਦੇ ਹੋਏ ਵਿਭਾਗ ਨੂੰ ਕਰੋੜਾਂ ਰੁਪਏ ਦੇ ਰਗੜੇ ਲਾਉਣ ਦਾ ਦੋਸ਼ੀ ਗਰਦਾਨਿਆ ਗਿਆ, ਜਿਸ ਵਿੱਚ ਸੁਰਜੀਤ ਸਿੰਘ ਦੀ ਰਹਿਨੁਮਾਈ ਹੇਠ ਕੰਮ ਕਰਦੇ ਹਰਭਗਵਾਨ, ਜਸਵਿੰਦਰ ਸਿੰਘ, ਲਖਵੀਰ ਸਿੰਘ ਸਾਰੇ ਸੇਲਜ਼ਮੈਨ ਸਮੇਤ ਹੋਰ ਕਰਮਚਾਰੀਆਂ ਵੱਲੋਂ ਵੀ ਇਸ ਭ੍ਰਿਸ਼ਟਾਚਾਰ ਦੀ ਨਦੀ ਵਿੱਚ ਗੋਤੇ ਲਾਉਣ ਦਾ ਅਨੰਦ ਮਾਣਿਆ ਗਿਆ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮਾਰਕਫੈੱਡ ਪੰਜਾਬ ਦੇ ਵਧੀਕ ਪ੍ਰਬੰਧਕ ਨਿਰਦੇਸ਼ਕ ਵੱਲੋਂ ਲਗਾਤਾਰ ਕਈ ਸਾਲਾਂ ਤੱਕ ਬ੍ਰਾਂਚ ਇੰਚਾਰਜ ਸੁਰਜੀਤ ਸਿੰਘ ਤੇ ਹੋਰਨਾਂ ਨੂੰ ਮਾਰਕਫੈੱਡ ਨੂੰ ਰਗੜੇ ਲਾਉਣ ਦਾ ਦੋਸ਼ੀ ਦੱਸਣ ਦੇ ਬਾਵਜੂਦ ਸੁਰਜੀਤ ਸਿੰਘ ਦੀ ਰਾਜਨੀਤਕ ਪਹੁੰਚ ਅੱਗੇ ਗੋਡੇ ਟੇਕਣ ਵਾਲੇ ਉੱਚ ਅਧਿਕਾਰੀਆਂ ਨੇ ਸੁਰਜੀਤ ਸਿੰਘ ਨੂੰ ਵਿਭਾਗ ਲੁੱਟਣ ਦੀ ਖੁੱਲ੍ਹੀ ਛੂਟ ਦਿੱਤੀ ਹੋਈ ਸੀ। ਇੱਥੇ ਦੱਸਿਆ ਜਾਵੇ ਕਿ ਜੇਕਰ ਵਿਜੀਲੈਂਸ ਬਿਊਰੋ ਵੱਲੋਂ ਆਪਣੀ ਜਾਂਚ ਵਿੱਚ ਤੇਜ਼ੀ ਲਿਆਉਣ ਦੇ ਨਾਲ ਹੀ ਈਮਾਨਦਾਰੀ ਵਰਤਦੇ ਹੋਏ ਉੱਚ ਅਧਿਕਾਰੀਆਂ ਨੂੰ ਵੀ ਆਪਣੀ ਜਾਂਚ ਦੇ ਘੇਰੇ ਵਿੱਚ ਲਿਆਂਦਾ ਜਾਵੇ ਤਾਂ ਭ੍ਰਿਸ਼ਟਾਚਾਰ ਦੀ ਨਦੀ ਵਿੱਚ ਗੋਤੇ ਲਾਉਣ ਵਾਲੇ ਬੇਈਮਾਨਾਂ ਨੂੰ ਨੰਗੇ ਕੀਤਾ ਜਾ ਸਕਦਾ ਹੈ।

# ਮਨਰੇਗਾ ਦੇ ਪੈਸੇ ਹੜੱਪਣ ਵਾਲਿਆਂ ਖਿਲਾਫ ਪਰਚਾ ਦਰਜ

**ਜਲਾਲਾਬਾਦ (ਦਹੂਜਾ)**-ਥਾਣਾ ਅਮੀਰ ਖਾਸ ਦੀ ਪੁਲਸ ਨੇ ਮਨਰੇਗਾ ਦੇ 68,117 ਰੁਪਏ ਦੀ ਗਬਨ ਕਰਨ ਵਾਲੇ 16 ਆਰੋਪੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ।

ਜਾਂਚ ਅਧਿਕਾਰੀ ਸਵਰਨ ਸਿੰਘ ਨੇ ਦੱਸਿਆ ਕਿ ਰਾਜ ਰਾਣੀ ਪਤਨੀ ਦੌਲਤ ਰਾਮ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਸੋਹਣ ਲਾਲ, ਆਤਮਾ ਦੇਵੀ, ਬਲਵਿੰਦਰ ਕੁਮਾਰ, ਗੁਰਦਾਸ ਰਾਮ, ਸੁਨੀਤਾ ਰਾਣੀ, ਸ਼ਮਿੰਦਰ ਸਿੰਘ, ਰਜਿੰਦਰ ਕੁਮਾਰ, ਸਰਬਜੀਤ ਕੌਰ, ਗੁਰਮੀਤ ਕੌਰ, ਸੁਖਦੇਵ ਸਿੰਘ, ਭਗਵਾਨ ਕੌਰ, ਕੁਲਵੰਤ ਸਿੰਘ, ਰੋਹਿਤ ਕੁਮਾਰ, ਗੁਰਦੀਪ ਸਿੰਘ, ਬਲਵੀਰ ਚੰਦ, ਕਸ਼ਮੀਰੀ ਬਾਈ ਵਾਸੀ ਚੱਕ ਜਮਾਲਗੜ੍ਹ ਨੇ ਉਸ ਦੀ ਸਰਪੰਚ ਦੀ ਮੋਹਰ ਤਿਆਰ ਕੀਤੀ ਤੇ ਜਾਲ੍ਹੀ ਦਸਤਖ਼ਤ ਕੀਤੇ ਅਤੇ 4 ਨਵੰਬਰ 2020 ਤੋਂ 19 ਨਵੰਬਰ 2020 ਤੱਕ ਪਸ਼ੂਆਂ ਦੇ ਸ਼ੈੱਡਾਂ ਦੇ ਮਨਰੇਗਾ ਮਾਸਟਰੋਲ 'ਤੇ ਕੈਟਲ ਸ਼ੈੱਡਾਂ ਦੇ ਫਾਰਮ ਤਸਦੀਕ ਕਰਕੇ ਵੱਖ-ਵੱਖ ਬੈਂਕਾਂ 'ਚ ਜਾਅਲੀ ਹਾਜ਼ਰੀਆਂ ਲਗਾ ਕੇ ਮਗਨਰੇਗਾ ਦੇ 68117 ਰੁਪਏ ਹੜੱਪ ਲਏ ਸੀਨੀਅਰ ਪੁਲਸ ਕਪਤਾਨ ਦੀ ਪ੍ਰਵਾਨਗੀ ਮਗਰੋਂ ਪੁਲਸ ਨੇ ਆਰੋਪੀਆਂ ਖ਼ਿਲਾਫ਼ ਪਰਚਾ ਦਰਜ ਕਰ ਲਿਆ ਹੈ।

# ਨਗਰ ਕੌਂਸਲ ਵੱਲੋਂ 'ਮੇਰਾ ਸ਼ਹਿਰ ਮੇਰਾ ਮਾਣ' ਮੁਹਿੰਮ ਦੀ ਸ਼ੁਰੂਆਤ

■ ਈ ਓ ਵੱਲੋਂ ਸ਼ਹਿਰ ਵਾਸੀਆਂ ਨੂੰ ਮੁਹਿੰਮ ਨਾਲ ਜੁੜਨ ਦਾ ਸੱਦਾ




**ਸਮਾਣਾ (ਗੁਰਪਿਆਰ ਸਿੰਘ ਬੱਲ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ 'ਮੇਰਾ ਸ਼ਹਿਰ ਮੇਰਾ ਮਾਣ' ਜਾਗਰੂਕਤਾ ਮੁਹਿੰਮ ਤਹਿਤ ਨਗਰ ਕੌਂਸਲ ਸਮਾਣਾ ਤੇ ਸਥਾਨਕ ਸਰਕਾਰ ਵਿਭਾਗ ਵੱਲੋਂ ਵਾਰਡ ਨੰਬਰ 10 ਵਿਖੇ ਸਫਾਈ ਅਭਿਆਨ ਚਲਾਇਆ ਗਿਆ। ਇਸ ਮੌਕੇ ਵਾਰਡ ਨੰਬਰ 10 ਦੇ ਕੌਂਸਲਰ ਟਿੰਕਾ ਗਾਜੇਵਾਸ ਨੇ ਕਿਹਾ ਕਿ ਇਸ ਜਾਗਰੂਕਤਾ ਮੁਹਿੰਮ ਨਾਲ ਸ਼ਹਿਰ ਅੰਦਰ ਸਫਾਈ ਤੇ ਹਰਿਆਲੀ ਦੇ ਖੇਤਰ 'ਚ ਨਵੇਂ ਮੀਲ ਪੱਥਰ ਸਥਾਪਤ ਹੋਣਗੇ। ਇਸ ਮੌਕੇ ਨਗਰ ਕੌਂਸਲ ਦੇ ਕਾਰਜਕਾਰੀ ਅਫਸਰ ਬਰਜਿੰਦਰ ਸਿੰਘ ਨੇ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਸਵੱਛਤਾ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਵਾਰਡਾਂ ਦੇ ਵਸਨੀਕਾਂ ਦੇ ਜੀਵਨ ਪੱਧਰ ਨੂੰ ਹੋਰ ਬਿਹਤਰ ਬਣਾਉਣਾ ਹੈ। ਇਸ ਜਾਗਰੂਕਤਾ ਮੁਹਿੰਮ ਤਹਿਤ ਉਨ੍ਹਾਂ ਵੱਲੋਂ ਵਾਰਡ ਵਾਸੀਆਂ ਨੂੰ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ, ਗਿੱਲਾ-ਸੁੱਕਾ ਕੂੜਾ ਅਲੱਗ-ਅਲੱਗ ਰੱਖਣ ਤੇ ਘਰ ਵਿੱਚ ਗਿੱਲੇ ਕੂੜੇ ਤੋਂ ਖਾਦ ਤਿਆਰ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਵਿੱਚ ਨਗਰ ਕੌਂਸਲ ਦੇ ਨਾਲ-ਨਾਲ ਹਰ ਸ਼ਹਿਰ ਵਾਸੀ ਦੀ ਵੀ ਜ਼ਿੰਮੇਵਾਰੀ ਹੈ ਤੇ ਸਾਨੂੰ ਸਾਰਿਆਂ ਨੂੰ ਮਿਲ ਕੇ ਆਪਣੇ ਸ਼ਹਿਰ ਨੂੰ ਖ਼ੂਬਸੂਰਤ ਬਣਾਉਣ ਦੇ ਯਤਨ ਕਰਨੇ ਚਾਹੀਦੇ ਹਨ। ਇਸ ਮੌਕੇ ਹਰਵਿੰਦਰ ਸਿੰਘ ਐੱਸ ਆਈ, ਸੈਨੇਟਰੀ ਇੰਸਪੈਕਟਰ ਬੌਬੀ ਕੁਮਾਰ, ਬਲਦੇਵ ਕ੍ਰਿਸ਼ਨ, ਜੱਸ ਬੱਬੂ, ਸੁਰੇਸ਼ ਕੁਮਾਰ, ਜਸਵੀਰ, ਕਰਮਜੀਤ ਸਿੰਘ ਤੇ ਹੋਰ ਕੌਂਸਲ ਮੁਲਾਜ਼ਮ ਤੇ ਸਫਾਈ ਕਰਮਚਾਰੀ ਮੌਜੂਦ ਸਨ।

# ਦੜੇ-ਸੱਟੇ ਦੀ ਨਕਦੀ ਸਮੇਤ ਕਾਬੂ

**ਜਲਾਲਾਬਾਦ (ਦਹੂਜਾ)**

ਥਾਣਾ ਸਦਰ ਦੀ ਪੁਲਸ ਨੇ 3110 ਰੁਪਏ ਤੇ ਇੱਕ ਮੋਬਾਇਲ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ।

ਜਾਂਚ ਅਧਿਕਾਰੀ ਲਖਮੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਕੁਲਵਿੰਦਰ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਸੁਖੇਰਾ ਬੋਦਲਾ ਦੜਾ ਸੱਟਾ ਲਗਾਉਣ ਦਾ ਆਦੀ ਹੈ, ਜੋ ਅਜੇ ਵੀ ਦੜਾ ਸੱਤਾ ਲਿਖ ਰਿਹਾ ਹੈ, ਜਿਸ 'ਤੇ ਪੁਲਸ ਨੇ ਉਸ ਨੂੰ 3110 ਰੁਪਏ ਦੀ ਨਕਦੀ ਤੇ ਇੱਕ ਟੱਚ ਮੋਬਾਇਲ ਵੀਵੋ ਸਮੇਤ ਕਾਬੂ ਕਰ ਲਿਆ। ਉਸ ਖਿਲਾਫ ਧਾਰਾ 13ਏ/3/67 ਅਧੀਨ ਪਰਚਾ ਦਰਜ ਕੀਤਾ ਗਿਆ ਹੈ।

# ਸ਼ਹੀਦਾਂ ਨੂੰ ਸ਼ਰਧਾਂਜਲੀ ਸੰਬੰਧੀ 11 ਦੇ ਇਕੱਠ ਲਈ ਪਿੰਡਾਂ 'ਚ ਤਿਆਰੀ ਮੀਟਿੰਗਾਂ ਸ਼ੁਰੂ : ਅਕਲੀਆ



**ਮਾਨਸਾ (ਆਤਮਾ ਸਿੰਘ ਪਮਾਰ)**-ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਦੇ ਸੱਦੇ 'ਤੇ ਜੋ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਸਿੰਘੂ ਬਾਰਡਰ 'ਤੇ ਇਕੱਠ ਕੀਤਾ ਜਾ ਰਿਹਾ ਹੈ, ਉਸ ਨੂੰ ਲੈ ਕੇ ਮਾਨਸਾ ਜ਼ਿਲ੍ਹੇ ਵਿੱਚ ਤਿਆਰੀਆਂ ਆਰੰਭ ਦਿੱਤੀਆਂ ਹਨ। ਇਸ ਨੂੰ ਲੈ ਕੇ ਮਾਨਸਾ ਬਲਾਕ ਦੇ ਪਿੰਡ ਖੜਕ ਸਿੰਘ ਵਾਲਾ ਵਿੱਚ ਰੈਲੀ ਕੀਤੀ ਗਈ, ਜਿਸ ਵਿੱਚ ਕਿਸਾਨਾਂ, ਮਜ਼ਦੂਰਾਂ ਤੇ ਔਰਤਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਇਸ ਸਮੇਂ ਬੋਲਦਿਆਂ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਨੇ ਕਿਹਾ ਕਿ ਕਾਲੇ ਕਾਨੂੰਨ ਨੂੰ ਰੱਦ ਕਰਵਾਉਣ ਨੂੰ ਲੈ ਕੇ ਚੱਲੇ ਇਤਿਹਾਸਕ ਮੋਰਚੇ ਵਿੱਚ ਲਗਭਗ ਸਾਢੇ ਸੱਤ ਸੌ ਕਿਸਾਨ ਤੇ ਮਜ਼ਦੂਰ ਸ਼ਹੀਦ ਹੋਏ ਸਨ, ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਸਿੰਘੂ ਬਾਰਡਰ 'ਤੇ ਸੰਯੁਕਤ ਕਿਸਾਨ ਮੋਰਚਾ (ਗੈਰ- ਰਾਜਨੀਤਕ) ਵੱਲੋਂ ਵੱਡਾ ਇਕੱਠ ਕੀਤਾ ਜਾ ਰਿਹਾ ਹੈ ਅਤੇ ਜੋ ਮੋਰਚੇ ਨਾਲ ਸੰਬੰਧਤ ਮੰਗਾਂ ਅਜੇ ਕੇਂਦਰ ਸਰਕਾਰ ਨੇ ਪੂਰੀਆਂ ਨਹੀਂ ਕੀਤੀਆਂ, ਜਿਵੇਂ ਕਿ ਲਖੀਮਪੁਰ ਦੇ ਸ਼ਹੀਦਾਂ ਨੂੰ ਇਨਸਾਫ ਦਿਵਾਉਣਾ, ਐੱਮ ਐੱਸ ਪੀ 'ਤੇ ਪਾਰਦਰਸ਼ੀ ਕਮੇਟੀ ਬਣਾਉਣੀ ਆਦਿ ਮੰਗਾਂ ਅਜੇ ਲਟਕੀਆਂ ਹੋਈਆਂ ਹਨ। ਇਸ ਸਮੇਂ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸ਼ਰਧਾਂਜਲੀ ਦੇਣ ਲਈ 10 ਦਸੰਬਰ ਨੂੰ ਸਵੇਰੇ 9 ਵਜੇ ਵੱਧ ਤੋਂ ਵੱਧ ਸਾਥੀਆਂ ਵੱਲੋਂ ਰੇਲਵੇ ਸਟੇਸ਼ਨ ਮਾਨਸਾ 'ਤੇ ਪੁੱਜਿਆ ਜਾਵੇ, ਜਿੱਥੋਂ ਸਵੇਰੇ 9:15 ਵਾਲੀ ਗੱਡੀ 'ਤੇ ਕਾਫਲੇ ਦੇ ਰੂਪ ਵਿੱਚ ਜਾਇਆ ਜਾਵੇਗਾ। ਇਸ ਸਮੇਂ ਮੱਖਣ ਸਿੰਘ, ਜਗਦੇਵ ਸਿੰਘ ਭੈਣੀ ਬਾਘਾ, ਜਸਵਿੰਦਰ ਸਿੰਘ ਖੜਕ ਸਿੰਘ ਵਾਲਾ, ਬਲਜੀਤ ਸਿੰਘ ਭੈਣੀ ਬਾਘਾ, ਬਿੰਦਰ ਕੌਰ, ਕਰਮਜੀਤ ਕੌਰ ਆਦਿ ਨੇ ਵੀ ਸੰਬੋਧਨ ਕੀਤਾ।

# ਕਾਰਗਿਲ ਸ਼ਹੀਦ ਜਿਉਣ ਸਿੰਘ ਮਾਛੀਵਾਲਾ ਦੇ ਬੁੱਤ ਤੋਂ ਪਰਦਾ ਹਟਾਇਆ



**ਫਤਿਹਗੜ੍ਹ ਪੰਜਤੂਰ (ਭੁੱਲਰ)**-ਕਾਰਗਿਲ ਸ਼ਹੀਦ ਜਿਉਣ ਸਿੰਘ ਮਾਛੀਵਾਲਾ 8 ਸਿੱਖ ਰੈਜੀਮੈਂਟ ਦੀ ਯਾਦ ਵਿੱਚ ਸਥਾਪਤ ਬੁੱਤ ਤੋਂ ਅੱਜ ਪਰਦਾ ਹਟਾਇਆ ਗਿਆ। ਇਸ ਬੁੱਤ ਨੂੰ ਲਗਾਉਣ ਵਿੱਚ ਸਾਬਕਾ ਸੈਨਿਕ ਵੈੱਲਫੇਅਰ ਸੁਸਾਇਟੀ ਦੇ ਅਹੁਦੇਦਾਰ ਸਰਿੰਦਰਪਾਲ ਸਿੰਘ ਗਿੱਲ, ਨਰੰਗ ਸਿੰਘ ਜਰਨਲ ਸਕੱਤਰ ਸਾਬਕਾ ਸੈਨਿਕ ਐਸੋਸੀਏਸ਼ਨ, ਹਰਜਿੰਦਰ ਸਿੰਘ ਤੂਰ ਸਰਪ੍ਰਸਤ, ਸੰਪੂਰਨ ਸਿੰਘ ਚੂੰਘਾਂ, ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਅਵਤਾਰ ਸਿੰਘ, ਲਖਵਿੰਦਰ ਸਿੰਘ ਲੱਖਾ ਆਦਿ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਬੁੱਤ ਦੀ ਸਥਾਪਨਾ ਤੱਕ ਪਿੰਡ ਰਾਊਵਾਲ, ਮੇਲਕ ਕੰਗਾਂ, ਅਕਾਲੀਆਂ ਵਾਲਾ, ਤਖਤੂਵਾਲਾ, ਸੈਦੇ ਸਾਹ, ਮਾਛੀਵਾਲਾ, ਮੰਦਰ ਕਲਾਂ, ਭੈਣੀ ਆਦਿ ਪਿੰਡਾਂ ਦੇ ਲੋਕਾਂ ਨੇ ਸਹਿਯੋਗ ਦਿੱਤਾ। ਬੁੱਤ ਤੋਂ ਪਰਦਾ ਹਟਾਉਣ ਦੀ ਰਸਮ ਮੌਕੇ ਫੌਜ ਦੀ ਟੁੱਕੜੀ ਨੇ ਹਥਿਆਰਾਂ ਦੇ ਨਾਲ ਕਾਰਗਿਲ ਸ਼ਹੀਦ ਨੂੰ ਸਲਾਮੀ ਦਿੱਤੀ ਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਇਸ ਦੌਰਾਨ ਮੁੱਖ ਮਹਿਮਾਨ ਸੀ.ਓ. ਰਮੇਸ਼ ਘਈ, ਕੈਪਟਨ ਭੁਪਿੰਦਰ ਸਿੰਘ, ਰਜਿੰਦਰ ਸਿੰਘ ਤੂਰ, ਕੈਪਟਨ ਬਿੱਕਰ ਸਿੰਘ, ਸੂਬੇਦਾਰ ਸਵਰਨ ਸਿੰਘ, ਸਕੂਲ ਦੇ ਮੁੱਖ ਅਧਿਆਪਕ ਸੁਖਦੇਵ ਸਿੰਘ, ਮਾਸਟਰ ਮੇਵਾ ਸਿੰਘ, ਮੇਲਾ ਸਿੰਘ, ਨੰਬਰਦਾਰ ਮੁਖਤਿਆਰ ਸਿੰਘ, ਨੰਬਰਦਾਰ ਬਲਵਿੰਦਰ ਸਿੰਘ ਸੰਘੇੜਾ, ਰਵਿੰਦਰ ਸਿੰਘ ਗਿੱਲ ਸਾਬਕਾ ਸਰਪੰਚ ਨੇ ਸੰਬੋਧਨ ਕਰਦਿਆਂ ਕਾਰਗਿਲ ਜੰਗ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਤੇ ਪਰਿਵਾਰ ਬਾਰੇ ਚਾਨਣਾ ਪਾਇਆ। ਬੁਲਾਰਿਆਂ ਦੇ ਵਿਚਾਰ ਸੁਣ ਕੇ ਕਾਰਗਿਲ ਸ਼ਹੀਦ ਦੀ ਪਤਨੀ ਭਾਵੁਕ ਹੋਈ। ਸ਼ਹੀਦ ਦੇ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕਰਦਿਆਂ ਕਾਰਗਿਲ ਸ਼ਹੀਦ ਦੀ ਪਤਨੀ ਚਰਨਜੀਤ ਕੌਰ ਭਿੰਡਰ, ਸਪੁੱਤਰ ਸੁਰਿੰਦਰ ਸਿੰਘ ਭਿੰਡਰ, ਹਰਜਿੰਦਰ ਸਿੰਘ ਭਿੰਡਰ ਤੇ ਜਸਵੰਤ ਸਿੰਘ ਭਿੰਡਰ ਭਰਾ ਨੇ ਆਖਿਆ ਕਿ ਸਾਨੂੰ ਜਿਉਣ ਸਿੰਘ ਦੀ ਸ਼ਹਾਦਤ 'ਤੇ ਮਾਣ ਹੈ। ਸ਼ਹੀਦ ਦੀ ਪਤਨੀ ਚਰਨਜੀਤ ਕੌਰ ਨੇ ਆਖਿਆ ਕਿ ਮੈਨੂੰ ਅੱਜ ਮਾਣ ਮਹਿਸੂਸ ਹੁੰਦਾ ਹੈ ਕਿ ਮੇਰੇ ਪਤੀ ਨੇ ਦੇਸ਼ ਲਈ ਸ਼ਹਾਦਤ ਪ੍ਰਾਪਤ ਕੀਤੀ ਹੈ। ਉਨ੍ਹਾ ਕਿਹਾ ਕਿ ਅੱਜ 23 ਸਾਲਾਂ ਬਾਅਦ ਉਨ੍ਹਾਂ ਦੀ ਯਾਦਗਰ ਬਣੀ ਹੈ। ਇਹ ਬਹੁਤ ਸ਼ਹਾਦਤ ਦੇ ਥੋੜ੍ਹੇ ਅਰਸੇ ਦੌਰਾਨ ਸਥਾਪਤ ਹੋ ਜਾਣਾ ਚਾਹੀਦਾ ਸੀ। ਉਨ੍ਹਾਂ ਇਸ ਦੇ ਲਈ ਸਰਕਾਰ ਦੇ ਨਾਲ ਗਿਲਾ ਵੀ ਕੀਤਾ।

ਜ਼ਿਕਰਯੋਗ ਹੈ ਕਿ ਇਹ ਬੁੱਤ ਸ਼ਹੀਦ ਜਿਉਣ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਊਵਾਲ ਮੇਲਕ ਕੰਗਾਂ ਸਕੂਲ ਦੇ ਗੇਟ ਅੱਗੇ ਸਥਾਪਤ ਕੀਤਾ ਗਿਆ ਹੈ, ਕਿਉਂਕਿ ਉਨ੍ਹਾਂ ਨੇ ਦਸਵੀਂ ਤੱਕ ਦੀ ਪੜ੍ਹਾਈ ਇਸ ਸਕੂਲ ਤੋਂ ਕੀਤੀ ਸੀ। ਇਸ ਮੌਕੇ ਸੁਖਵਿੰਦਰ ਸਿੰਘ ਸੰਧੂ ਮਾਹੀ ਮਾਛੀਵਾਲਾ, ਹਰਜਿੰਦਰ ਸਿੰਘ ਫੌਜੀ ਅਕਾਲੀਆਂ ਵਾਲਾ, ਅਮਰੀਕ ਸਿੰਘ ਭਿੰਡਰ ਸੈਕਟਰੀ, ਵੀਰ ਸਿੰਘ ਹੇਅਰ ਸਾਬਕਾ ਸਰਪੰਚ ਲਲਿਹਾਂਦੀ, ਸਰਪੰਚ ਜੁਗਰਾਜ ਸਿੰਘ ਮੇਲਕ ਕੰਗਾਂ, ਸਰਪੰਚ ਸੁਖਵਿੰਦਰ ਸਿੰਘ ਭੈਣੀ, ਗੁਰਜੰਟ ਸਿੰਘ ਰਾਊਵਾਲ, ਟੋਨੀ ਮੇਲਕ ਕੰਗਾਂ, ਛਿੰਦਰਪਾਲ ਸਿੰਘ ਰਾਊਵਾਲ, ਮੁਖਤਿਆਰ ਸਿੰਘ ਮੰਦਰ, ਸਾਹਿਬ ਸਿੰਘ ਸੈਕਟਰੀ, ਬਲਕਾਰ ਸਿੰਘ ਫੌਜੀ, ਪਵਿੱਤਰ ਸਿੰਘ ਅਕਾਲੀਆਂ ਵਾਲਾ, ਚੰਦ ਸਿੰਘ ਰਾਊਵਾਲ, ਨਸੀਬ ਸਿੰਘ ਸਰਪੰਚ, ਸੁਖਵਿੰਦਰ ਸਿੰਘ ਭੈਣੀ, ਸਰਪੰਚ ਦਲਜੀਤ ਸਿੰਘ ਮਾਛੀਵਾਲ, ਹਰਜਿੰਦਰ ਸਿੰਘ ਸੋਨਾ ਮੇਲਕ ਕੰਗਾਂ, ਗੁਰਦੇਵ ਸਿੰਘ ਬੋਗੇਵਾਲਾ, ਜਰਨੈਲ ਸਿੰਘ ਅਕਾਲੀਆਂ ਵਾਲਾ, ਹਰਦਿਆਲ ਸਿੰਘ ਸਾਹਵਾਲਾ, ਸੁਖਜਿੰਦਰ ਸਿੰਘ ਰਾਜੂ ਮੇਲਕ ਕੰਗਾਂ, ਰਣਜੀਤ ਸਿੰਘ ਜੀਤਾ, ਗੁਰਚਰਨ ਸਿੰਘ ਮੇਲਕ ਕੰਗਾਂ ਆਦਿ ਹਾਜ਼ਰ ਸਨ।

# ਨਗਰ ਕੌਂਸਲ ਪ੍ਰਧਾਨ ਵੱਲੋਂ ਅਸਤੀਫਾ, ਬੇਭਰੋਸਗੀ ਮਤੇ ਸੰਬੰਧੀ ਮੀਟਿੰਗ ਰੱਦ

**ਲੌਂਗੋਵਾਲ (ਪ੍ਰਦੀਪ ਸੱਪਲ)**-ਨਗਰ ਕੌਂਸਲ ਲੌਂਗੋਵਾਲ ਦੇ ਪ੍ਰਧਾਨ ਵਿਰੁੱਧ ਬੇਭਰੋਸਗੀ ਮਤੇ ਦੇ ਮਾਮਲੇ ਨੂੰ ਲੈ ਕੇ ਕਾਰਜ ਸਾਧਕ ਅਫਸਰ ਵੱਲੋਂ ਰੱਖੀ ਗਈ ਮੀਟਿੰਗ ਅੱਜ ਨਿਰਧਾਰਤ ਸਮੇਂ ਤੋਂ ਕੁਝ ਸਮਾਂ ਪਹਿਲਾਂ ਹੀ ਰੱਦ ਕਰ ਦਿੱਤੀ ਗਈ, ਪਰ 11 ਕੌਂਸਲਰਾਂ ਨੇ ਮੀਟਿੰਗ ਸਮੇਂ ਦਫਤਰ ਵਿੱਚ ਪੁੱਜ ਕੇ ਅਪਣੀ ਇੱਕਜੁਟਤਾ ਨੂੰ ਦੁਹਰਾਇਆ, ਜਿਸ ਵਿੱਚ ਮੀਤ ਪ੍ਰਧਾਨ ਨਸੀਬ ਕੌਰ ਚੋਟੀਆਂ, ਕੌਂਸਲਰ ਮੇਲਾ ਸਿੰਘ ਸੂਬੇਦਾਰ, ਸ਼ੁਕਰਪਾਲ ਬਟੂਹਾ, ਪਰਮਿੰਦਰ ਕੌਰ ਬਰਾੜ, ਰਣਜੀਤ ਸਿੰਘ ਕੂਕਾ, ਗੁਰਮੀਤ ਸਿੰਘ, ਰੀਨਾ ਰਾਣੀ, ਸੁਸ਼ਮਾ ਰਾਣੀ, ਜਗਜੀਤ ਸਿੰਘ, ਬਲਵਿੰਦਰ ਸਿੰਘ ਤੇ ਗੁਰਮੀਤ ਸਿੰਘ ਫੌਜੀ ਹਾਜ਼ਰ ਸਨ। ਇਸ ਸਬੰਧੀ ਕਾਰਜ ਸਾਧਕ ਅਫਸਰ ਅੰਮ੍ਰਿਤ ਲਾਲ ਨੇ ਦੱਸਿਆ ਕਿ ਮੀਟਿੰਗ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ ਪ੍ਰਾਪਤ ਹੋਏ ਵਿਭਾਗੀ ਪੱਤਰ ਨੂੰ ਮੱਦੇਨਜ਼ਰ ਰੱਖਦਿਆਂ ਹੀ ਇਹ ਮੀਟਿੰਗ ਰੱਦ ਕੀਤੀ ਗਈ ਹੈ। ਉਨ੍ਹਾ ਦੱਸਿਆ ਕਿ 4 ਨਵੰਬਰ ਨੂੰ 12 ਕੌਂਸਲਰਾਂ ਵੱਲੋਂ ਪ੍ਰਧਾਨ ਵਿਰੁੱਧ ਬੇਭਰੋਸਗੀ ਜਿਤਾਉਂਦਿਆਂ ਮੀਟਿੰਗ ਰੱਖਣ ਦੀ ਮੰਗ ਕੀਤੀ ਗਈ ਸੀ, ਜੋ ਕਿ 14 ਦਿਨਾਂ ਦੇ ਅੰਦਰ ਅੰਦਰ ਰੱਖਣੀ ਹੁੰਦੀ ਹੈ। ਉਨ੍ਹਾ ਕਿਹਾ ਕਿ ਇਸੇ ਦੌਰਾਨ ਹੀ 10 ਦਸੰਬਰ ਨੂੰ ਪ੍ਰਧਾਨ ਰੀਤੂ ਗੋਇਲ ਵੱਲੋਂ ਘਰੇਲੂ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਅਸਤੀਫਾ ਦੇ ਦਿੱਤਾ ਗਿਆ, ਜਿਸ ਦੇ ਚਲਦਿਆਂ ਹੀ 11 ਕੌਂਸਲਰਾਂ ਦੀ ਲਿਖਤੀ ਮੰਗ 'ਤੇ ਬੇਭਰੋਸਗੀ ਮਤੇ ਸਬੰਧੀ ਅੱਜ 3 ਵਜੇ ਮੀਟਿੰਗ ਰੱਖੀ ਗਈ ਸੀ।

ਉਨ੍ਹਾ ਕਿਹਾ ਕਿ ਅੱਜ ਡੇਢ ਵਜੇ ਦੇ ਕਰੀਬ ਪ੍ਰਧਾਨ ਰੀਤੂ ਗੋਇਲ ਦਾ ਅਸਤੀਫਾ ਮਨਜ਼ੂਰ ਕੀਤੇ ਜਾਣ ਸਬੰਧੀ ਵਿਭਾਗ ਵੱਲੋਂ ਮਿਲੇ ਪੱਤਰ ਤੋਂ ਬਾਅਦ ਇਹ ਮੀਟਿੰਗ ਰੱਦ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਅਸਤੀਫਾ ਮਨਜ਼ੂਰ ਹੋਣ ਤੋਂ ਬਾਅਦ ਬੇਭਰੋਸਗੀ ਮੀਟਿੰਗ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਸ ਤੋਂ ਇਲਾਵਾ ਹਾਜ਼ਰ ਕੌਂਸਲਰਾਂ ਨੇ ਪ੍ਰਧਾਨ ਦੇ ਅਸਤੀਫੇ ਤੋਂ ਬਾਅਦ ਮੀਤ ਪ੍ਰਧਾਨ ਨੂੰ ਪਾਵਰਾਂ ਦੇਣ ਦੀ ਮੰਗ ਕੀਤੀ।

# ਲਗਾਤਾਰ ਤਾਪਮਾਨ ਡਿੱਗਣ ਕਾਰਨ ਦਿਲ ਦੇ ਮਰੀਜ਼ਾਂ ਨੂੰ ਵਿਸ਼ੇਸ਼ ਧਿਆਨ ਰੱਖਣ ਦੀ ਲੋੜ : ਮਾਹਰ ਡਾਕਟਰ


ਡਾ. ਸੁਨੀਲ ਗਰਗ ਐੱਮ.ਡੀ., ਮਾਹਰ ਡਾ. ਸ਼ਾਲਿਕਾ ਗੋਇਲ, ਡਾ. ਮਨਪ੍ਰੀਤ ਕੌਰ ਬੀ.ਏ.ਐੱਮ.ਐੱਸ., ਡਾ. ਨੀਤਿਨ ਮੰਗਲਾ ਮੈਡੀਕਲ ਅਫਸਰ

**ਬੁਢਲਾਡਾ (ਅਸ਼ੋਕ ਲਾਕੜਾ)**

ਤਾਪਮਾਨ 'ਚ ਆਈ ਗਿਰਾਵਟ ਦੇ ਬਾਅਦ ਠੰਢ ਨੇ ਦਸਤਕ ਦੇ ਦਿੱਤੀ ਹੈ, ਦੂਜੇ ਪਾਸੇ ਬਰਸਾਤ ਨਾ ਹੋਣ ਕਾਰਨ ਖ਼ੁਸ਼ਕ ਠੰਢ ਦੇ ਚੱਲਦੇ ਲੋਕ ਅੱਜਕੱਲ੍ਹ ਖੰਘ, ਜ਼ੁਕਾਮ, ਬੁਖ਼ਾਰ, ਅਸਥਮਾ, ਗਲੇ 'ਚ ਖਰਾਬੀ ਆਦਿ ਬੀਮਾਰੀਆਂ ਤੋਂ ਪ੍ਰਭਾਵਿਤ ਹੋ ਰਹੇ ਹਨ। ਜਾਣਕਾਰੀ ਅਨੁਸਾਰ ਅੱਜਕੱਲ੍ਹ ਘੱਟ ਤਾਪਮਾਨ 10 ਡਿਗਰੀ ਤੱਕ ਡਿੱਗ ਗਿਆ ਹੈ, ਪਰ ਇਸ ਦੇ ਨਾਲ ਹੀ ਬਰਸਾਤ ਨਾ ਹੋਣ ਕਾਰਨ ਵਧੇਰੇ ਲੋਕ ਐਲਰਜਿਕ ਬੀਮਾਰੀਆਂ ਨਾਲ ਪੀੜਤ ਹੋ ਰਹੇ ਹਨ। ਪ੍ਰਾਈਵੇਟ ਤੇ ਸਰਕਾਰੀ ਹਸਪਤਾਲਾਂ 'ਚ ਭੀੜ ਵੇਖਣ ਨੂੰ ਮਿਲ ਰਹੀ ਹੈ। ਠੰਢ, ਜ਼ੁਕਾਮ ਵੀ ਇਕ ਐਲਰਜਿਕ ਬੀਮਾਰੀ ਹੈ, ਜੋ ਕਿ ਇਕ ਦੂਜੇ ਤੋਂ ਫੈਲ ਸਕਦਾ ਹੈ। ਜਦੋਂ ਠੰਢ, ਜ਼ੁਕਾਮ ਦੀ ਬੀਮਾਰੀ ਬੇਕਾਬੂ ਹੋ ਜਾਵੇ ਤਾਂ ਇਸ ਨੂੰ ਫਲੂ ਕਿਹਾ ਜਾਂਦਾ ਹੈ, ਜੋ ਕਿ ਵਧੇਰੇ ਉਮਰ ਦੇ ਲੋਕਾਂ, ਗਰਭਵਤੀ ਔਰਤਾਂ, ਸੂਗਰ, ਕਿਡਨੀ ਦੀ ਬੀਮਾਰੀ ਤੇ ਫੇਫੜਿਆਂ ਦੀ ਬੀਮਾਰੀ ਤੋਂ ਪੀੜਤ ਲੋਕ ਆਸਾਨੀ ਨਾਲ ਇਸ ਦਾ ਸ਼ਿਕਾਰ ਹੋ ਸਕਦੇ ਹਨ ਅਤੇ ਇਹ ਉਨ੍ਹਾਂ ਲਈ ਖ਼ਤਰਾ ਬਣ ਸਕਦਾ ਹੈ। ਕੀ ਹਨ ਬੀਮਾਰੀ ਦੇ ਲੱਛਣ, ਇਸ ਸਬੰਧ 'ਚ ਜਦੋਂ ਸਰਕਾਰੀ ਹਸਪਤਾਲ ਦੇ ਮਾਹਰ ਡਾ. ਸੁਮਿਤ ਸ਼ਰਮਾ ਐੱਮ. ਡੀ. ਮੈਡੀਸਨ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾ ਦੱਸਿਆ ਕਿ ਖ਼ੁਸ਼ਕ ਠੰਢ ਦੇ ਉਲਟ ਪ੍ਰਭਾਵ ਵਿਅਕਤੀ ਦੀ ਸਿਹਤ 'ਤੇ ਪੈ ਸਕਦਾ ਹੈ, ਜਿਸ ਨਾਲ ਵਿਅਕਤੀ ਨੂੰ ਅਸਥਮਾ ਵਰਗੀ ਬੀਮਾਰੀ ਪ੍ਰੇਸ਼ਾਨ ਕਰ ਸਕਦੀ ਹੈ। ਠੰਢ ਕਾਰਨ ਵਿਅਕਤੀ ਨੂੰ ਉਲਟੀ ਤੇ ਦਸਤ ਰੋਗ ਵੀ ਹੋ ਸਕਦਾ ਹੈ। ਬਹੁਤ ਜ਼ਿਆਦਾ ਠੰਢ ਵਿੱਚ ਗਠੀਆ ਕੁਝ ਲੋਕਾਂ ਨੂੰ ਪ੍ਰੇਸ਼ਾਨ ਕਰ ਸਕਦਾ ਹੈ, ਜਿਸ ਕਾਰਨ ਜੋੜਾਂ ਦਾ ਦਰਦ ਵਿਅਕਤੀ ਲਈ ਨਾ ਸਹਿਣ ਕਰਨ ਵਾਲਾ ਹੋ ਜਾਂਦਾ ਹੈ।

ਸਿਵਲ ਹਸਪਤਾਲ ਦੇ ਡਾ. ਸੁਨੀਲ ਗਰਗ ਐੱਮ. ਡੀ. ਦਾ ਕਹਿਣਾ ਹੈ ਕਿ ਠੰਢ ਦੇ ਮੌਸਮ ਵਿੱਚ ਵਿਅਕਤੀ ਨੂੰ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਵਧ ਜਾਂਦੀ ਹੈ, ਕਿਉਂਕਿ ਠੰਢ ਕਾਰਨ ਵਿਅਕਤੀ ਦਾ ਬਲੱਡ ਪ੍ਰੈਸ਼ਰ ਵੱਧ ਸਕਦਾ ਹੈ, ਜਿਸ ਨਾਲ ਵਿਅਕਤੀ ਦੇ ਦਿਲ 'ਤੇ ਜ਼ਿਆਦਾ ਦਬਾਅ ਪੈ ਸਕਦਾ ਹੈ ਠੰਢ ਕਾਰਨ ਹੱਥਾਂ ਤੇ ਪੈਰਾਂ ਦੀਆਂ ਉਂਗਲਾਂ ਵੀ ਨੀਲੀਆਂ ਪੈ ਸਕਦੀਆਂ ਹਨ ਅਤੇ ਸੋਜ਼ ਵੀ ਆ ਸਕਦੀ ਹੈ, ਜਿਸ ਕਾਰਨ ਵਿਅਕਤੀ ਨੂੰ ਬਹੁਤ ਦਰਦ ਮਹਿਸੂਸ ਹੁੰਦਾ ਹੈ। ਇਸ ਤੋਂ ਇਲਾਵਾ ਸੁੱਕੀ ਖੰਘ ਵੀ ਮਰੀਜ਼ ਨੂੰ ਪ੍ਰੇਸ਼ਾਨ ਕਰ ਸਕਦੀ ਹੈ। ਜੇਕਰ ਇਨ੍ਹਾਂ ਸਮੱਸਿਆਵਾਂ ਵੱਲ ਤੁਰੰਤ ਧਿਆਨ ਨਾ ਦਿੱਤਾ ਗਿਆ ਤਾਂ ਇਹ ਬੀਮਾਰੀਆਂ ਗੰਭੀਰ ਰੂਪ ਧਾਰਨ ਕਰ ਸਕਦੀਆਂ ਹਨ, ਜਿਸ ਕਾਰਨ ਮਰੀਜ਼ ਦੀ ਜਾਨ ਨੂੰ ਵੀ ਖਤਰਾ ਹੋ ਸਕਦਾ ਹੈ।

ਇਸ ਸਬੰਧੀ ਸਿਵਲ ਹਸਪਤਾਲ ਦੇ ਮਾਹਰ ਡਾ. ਸ਼ਾਲਿਕਾ ਗੋਇਲ ਨੇ ਕਿਹਾ ਕਿ ਠੰਢ ਦੀਆਂ ਬੀਮਾਰੀਆਂ ਤੋਂ ਬਚਣ ਲਈ ਵਿਅਕਤੀ ਦੀ ਰੋਗ ਪ੍ਰਤੀਰੋਧਕ ਸ਼ਕਤੀ ਦਾ ਹੋਣਾ ਜ਼ਰੂਰੀ ਹੈ। ਵਿਅਕਤੀ ਨੂੰ ਆਪਣੇ ਹੱਥਾਂ ਨੂੰ ਸਾਬਣ ਨਾਲ ਧੋਣਾ ਚਾਹੀਦਾ ਹੈ, ਤਾਂ ਕਿ ਹੱਥਾਂ 'ਤੇ ਲੱਗੇ ਕੀਟਾਣੂ ਨਸ਼ਟ ਹੋ ਜਾਣ, ਰਾਜੀਵ ਅਤਰ ਵੱਲੋਂ ਜਾਰੀ ਇਸ ਤੋਂ ਇਲਾਵਾ ਲਾਈਟ ਦੇ ਵਿੱਚ, ਦਰਵਾਜ਼ੇ ਦੇ ਹੈਂਡਲ, ਇੱਕ ਦੂਜੇ ਦੇ ਕੱਪੜਿਆਂ ਵਰਗੀਆਂ ਚੀਜ਼ਾਂ ਨੂੰ ਛੂਹਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਜੇਕਰ ਵਿਅਕਤੀ ਨੂੰ ਜ਼ੁਕਾਮ ਹੈ ਤਾਂ ਕੱਪੜੇ ਦੇ ਰੁਮਾਲ ਦੀ ਬਜਾਏ ਟਿਸ਼ੂ ਪੇਪਰ ਦੀ ਵਰਤੋਂ ਕਰੋ। ਫਲੂ ਨੂੰ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਹੈ, ਹਰ ਸਰਦੀਆਂ ਵਿੱਚ ਫਲੂ ਦਾ ਟੀਕਾ ਲਗਵਾ ਲੈਣਾ ਚਾਹੀਦਾ ਹੈ, ਇਸ ਦਾ ਪ੍ਰਭਾਵ 1 ਸਾਲ ਤੱਕ ਰਹਿੰਦਾ ਹੈ ਤੇ ਬੱਚਿਆਂ ਲਈ ਇੱਕ ਨੱਕ ਦੀ ਸਪਰੇਅ ਵਰਤੀ ਜਾ ਸਕਦੀ ਹੈ। ਕਿਸੇ ਵਿਅਕਤੀ ਨੂੰ ਬਰਫੀਲੀ ਜਗ੍ਹਾ 'ਤੇ ਨਹੀਂ ਜਾਣਾ ਚਾਹੀਦਾ, ਜੇਕਰ ਕਿਸੇ ਵਿਅਕਤੀ ਨੂੰ ਸਰਦ ਤੇਜ਼ ਹਵਾ ਵਾਲੇ ਮੌਸਮ ਵਿੱਚ ਬਾਹਰ ਜਾਣਾ ਪਵੇ ਤਾਂ ਆਪਣਾ ਮੂੰਹ ਤੇ ਨੱਕ ਢੱਕ ਕੇ ਰੱਖੋ।

ਸਿਵਲ ਹਸਪਤਾਲ ਦੀ ਡਾ. ਮਨਪ੍ਰੀਤ ਕੌਰ ਬੀ.ਏ.ਐੱਮ.ਐੱਸ. ਨੇ ਦੱਸਿਆ ਕਿ ਉਲਟੀਆਂ ਤੇ ਦਸਤ ਹੋਣ 'ਤੇ ਵਿਅਕਤੀ ਨੂੰ ਸਰਦੀਆਂ ਦੇ ਮੌਸਮ ਵਿੱਚ ਵਧੇਰੇ ਹਲਕੇ ਗਰਮ ਤਰਲ ਪਦਾਰਥਾਂ ਦਾ ਸੇਵਨ ਕਰਨਾ ਚਾਹੀਦਾ ਹੈ। ਘਰ ਵਿੱਚ ਹਲਕੀ ਕਸਰਤ ਕਰਨ ਨਾਲ ਜੋੜਾਂ ਦੇ ਦਰਦ ਤੋਂ ਰਾਹਤ ਮਿਲਦੀ ਹੈ ਅਤੇ ਵਿਅਕਤੀ ਦੀ ਮਾਨਸਿਕ ਤੇ ਸਰੀਰਕ ਸਥਿਤੀ ਵਿੱਚ ਸੁਧਾਰ ਹੁੰਦਾ ਹੈ। ਸਰਦੀ ਦੇ ਮੌਸਮ 'ਚ ਗਰਮ ਪਾਣੀ ਨਾਲ ਨਹਾਉਣ ਨਾਲ ਸਰੀਰ ਫਿੱਟ ਰਹਿੰਦਾ ਹੈ। ਮੈਡੀਕਲ ਅਫਸਰ ਡਾ. ਨੀਤਿਨ ਮੰਗਲਾ ਦਾ ਕਹਿਣਾ ਹੈ ਕਿ ਬਹੁਤ ਜ਼ਿਆਦਾ ਠੰਢ ਦੀ ਸਥਿਤੀ ਵਿੱਚ ਵਿਅਕਤੀ ਨੂੰ ਸੈਰ ਆਦਿ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਪਾਣੀ ਦੀਆਂ ਬੀਮਾਰੀਆਂ ਤੋਂ ਬਚਣ ਲਈ ਕਮਰੇ ਦਾ ਤਾਪਮਾਨ 18 ਡਿਗਰੀ ਤੱਕ ਰੱਖਣਾ ਚਾਹੀਦਾ ਹੈ। ਹੱਥਾਂ, ਪੈਰਾਂ ਦੀਆਂ ਉਂਗਲੀਆਂ ਨੂੰ ਠੰਢ ਦੀ ਬੀਮਾਰੀ ਤੋਂ ਬਚਾਉਣ ਲਈ ਵਿਅਕਤੀ ਨੂੰ ਦਸਤਾਨੇ, ਜੁਰਾਬਾਂ ਤੇ ਜੁੱਤੇ ਪਾ ਕੇ ਰੱਖਣੇ ਚਾਹੀਦੇ ਹਨ।

# ਸਰਕਾਰ ਪੁਰਾਣੀ ਪੈਨਸ਼ਨ ਦਾ ਪੂਰਾ ਨੋਟੀਫਿਕੇਸ਼ਨ ਜਾਰੀ ਕਰੇ : ਸੰਘਰਸ਼ ਕਮੇਟੀ

■ ਮੰਤਰੀਆਂ ਨੂੰ ਮੰਗ ਪੱਤਰ, ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜਨ ਤੇ ਸੂਬਾ ਪੱਧਰੀ ਰੈਲੀ ਦਾ ਐਲਾਨ



**ਲੁਧਿਆਣਾ (ਭਾਟੀਆ, ਕਥੂਰੀਆ)**-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੀ ਮੀਟਿੰਗ ਵਿੱਚ ਸੂਬਾ ਕਨਵੀਨਰ ਜਸਵੀਰ ਤਲਵਾੜਾ ਤੇ ਜਨਰਲ ਸਕੱਤਰ ਜਰਨੈਲ ਸਿੰਘ ਪੱਟੀ ਨੇ ਸੂਬਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੁਰਾਣੀ ਪੈਨਸ਼ਨ ਬਹਾਲੀ ਸਬੰਧੀ ਨੋਟੀਫਿਕੇਸ਼ਨ ਪ੍ਰਕਿਰਿਆ ਪੂਰੀ ਕਰਕੇ ਜਲਦੀ ਤੋਂ ਜਲਦੀ ਪੂਰਾ ਤੇ ਸਪੱਸ਼ਟ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ। ਸੂਬਾਈ ਪ੍ਰੈੱਸ ਸਕੱਤਰ ਪ੍ਰਭਜੀਤ ਸਿੰਘ ਰਸੂਲਪੁਰ, ਨਿਰਮਲ ਮੋਗਾ, ਪ੍ਰੇਮ ਠਾਕਰ ਤੇ ਸੰਤ ਸੇਵਕ ਸਿੰਘ ਸਰਕਾਰੀਆ ਨੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਮੀਟਿੰਗ ਵਿੱਚ ਸੀ ਪੀ ਐੱਫ ਖਾਤਿਆਂ ਦੀ ਥਾਂ ਜੀ ਪੀ ਐੱਫ ਖਾਤੇ ਸ਼ੁਰੂ ਕਰਨ, ਠੇਕੇ 'ਤੇ ਕੀਤੀ ਸੇਵਾ ਨੂੰ ਸਰਵਿਸ 'ਚ ਜੋੜਨ ਤੇ ਪੈਨਸ਼ਨ ਲਾਭ ਵੀਹ ਸਾਲ ਦੀ ਸੇਵਾ 'ਤੇ ਲਾਗੂ ਕਰਨ ਦੀ ਮੰਗ ਵੀ ਉਠਾਈ ਗਈ। ਮੀਟਿੰਗ 'ਚ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਦਸੰਬਰ ਮਹੀਨੇ 'ਚ ਮੰਤਰੀਆਂ ਨੂੰ ਮੰਗ ਪੱਤਰ ਦੇਣ, ਜਨਵਰੀ ਮਹੀਨੇ 'ਚ ਪੁਰਾਣੀ ਪੈਨਸ਼ਨ ਦੇ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜਨ ਤੇ 26 ਫਰਵਰੀ ਨੂੰ ਸੂਬਾ ਪੱਧਰੀ ਰੈਲੀ ਦਾ ਐਲਾਨ ਵੀ ਕੀਤਾ।

ਸੂਬਾਈ ਆਗੂਆਂ ਅਜੀਤਪਾਲ ਸਿੰਘ ਜੱਸੋਵਾਲ, ਜਸਵਿੰਦਰ ਸਿੰਘ ਜੱਸਾ, ਲਖਵਿੰਦਰ ਸਿੰਘ ਭੌਰ, ਵਰਿੰਦਰ ਵਿੱਕੀ, ਵਿਕਰਮ ਸਿੰਘ ਕੱਦੋਂ, ਸੱਤ ਪ੍ਰਕਾਸ਼, ਗੁਰਿੰਦਰ ਸਿੰਘ, ਹਰਪ੍ਰੀਤ ਸਿੰਘ ਉੱਪਲ, ਸ਼ਿਵ ਪ੍ਰੀਤ ਪਟਿਆਲਾ, ਗੁਰਤੇਜ ਸਿੰਘ ਖਹਿਰਾ, ਗੁਰਦੀਪ ਚੀਮਾ, ਕੁਲਦੀਪ ਵਾਲੀਆ, ਸੰਜੀਵ ਧੂਤ, ਹਿੰਮਤ ਸਿੰਘ, ਗੁਰਦਿਆਲ ਮਾਨ, ਬਲਵਿੰਦਰ ਸਿੰਘ, ਪਰਮਿੰਦਰ ਪਾਲ ਸਿੰਘ ਫਗਵਾੜਾ, ਤਜਿੰਦਰ ਸਿੰਘ, ਗੁਰਸ਼ਰਨ ਸਿੰਘ ਰਾਊਵਾਲ, ਦਰਸ਼ਨ ਸਿੰਘ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੁਰਾਣੀ ਪੈਨਸ਼ਨ ਬਹਾਲ ਕਰਨ ਸਬੰਧੀ ਨੋਟੀਫਿਕੇਸ਼ਨ ਜਲਦੀ ਜਾਰੀ ਕੀਤਾ ਜਾਵੇ।

6-DEC-PAGE- 8.qxd 12/5/2022 10:18 PM Page 1



# ਪ ਸ ਸ ਫ ਵੱਲੋਂ ਬਲਾਕ/ ਤਹਿਸੀਲ ਪੱਧਰੀ ਰੈਲੀਆਂ ਸ਼ੁਰੂ : ਰਾਣਾ, ਬਾਸੀ

**ਜਲੰਧਰ (ਸੈਲੀ ਐਲਬਰਟ, ਰਾਜੇਸ਼ ਥਾਪਾ)-** ਸੂਬੇ ਦੇ ਸਮੁੱਚੇ ਮੁਲਾਜ਼ਮਾਂ ਦੀ ਸੰਘਰਸ਼ਸ਼ੀਲ ਜੱਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ ਅਤੇ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਜੱਥੇਬੰਦੀ ਵਲੋਂ ਜਲੰਧਰ ਵਿਖੇ ਕੀਤੇ ਸੂਬਾ ਇਜਲਾਸ ਉਪਰੰਤ ਕੀਤੀ ਗਈ ਪਹਿਲੀ ਸੂਬਾਈ ਮੀਟਿੰਗ ਵਿੱਚ ਮੁਲਾਜ਼ਮ ਮੰਗਾਂ ਨੂੰ ਹੱਲ ਕਰਵਾਉਣ ਅਤੇ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਦੇ ਕੀਤੇ ਜਾ ਵਿਰੋਧ ਨੂੰ ਹੋਰ ਵੀ ਪ੍ਰਚੰਡ ਕਰਨ ਹਿੱਤ ਸੰਘਰਸ਼ ਦਾ ਐਲਾਨ ਕੀਤਾ ਗਿਆ ਹੈ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜੱਥੇਬੰਦੀ ਦੇ ਸੂਬਾ ਪ੍ਰੈਸ ਸਕੱਤਰ ਇੰਦਰਜੀਤ ਵਿਰਦੀ ਨੇ ਦੱਸਿਆ ਕਿ ਮੀਟਿੰਗ ਵਿੱਚ ਹਾਜਰ ਸਾਥੀਆਂ ਕੀਤੀ ਗਈ ਵਿਚਾਰ ਚਰਚਾ ਤੋਂ ਬਾਅਦ 11 ਫਰਵਰੀ 2023 ਨੂੰ ਸੰਗਰੂਰ ਵਿਖੇ ਵਿਸ਼ਾਲ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ ।। ਉਹਨਾਂ ਦੱਸਿਆ ਕਿ ਇਸ ਰੈਲੀ ਤੋਂ ਪਹਿਲਾਂ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦਾ ਸੁਨੇਹਾ ਹਰ ਇੱਕ ਮੁਲਾਜ਼ਮ ਤੱਕ ਪਹੁੰਚਾਉਣ ਅਤੇ ਸੰਘਰਸ਼ਾਂ ਵਿੱਚ ਵੱਧ ਤੋਂ ਵੱਧ ਮੁਲਾਜ਼ਮਾਂ ਦੀ ਸ਼ਮੂਲੀਅਤ ਕਰਵਾਉਣ ਲਈ 5 ਤੋਂ 25 ਦਸੰਬਰ ਤੱਕ ਬਲਾਕ/ ਤਹਿਸੀਲ ਪੱਧਰੀ ਰੋਸ ਰੈਲੀਆਂ ਕੀਤੀਆਂ ਜਾਣਗੀਆਂ। ਇਸ ਉਪਰੰਤ 15 ਤੋਂ 25 ਜਨਵਰੀ ਤੱਕ ਸਦਰ ਮੁਕਾਮਾਂ ਤੇ ਜ਼ਿਲ੍ਹਾ ਪੱਧਰੀ ਰੈਲੀਆਂ ਕਰਕੇ ਸਰਕਾਰ ਨੂੰ ਮੰਗ ਪੱਤਰ ਭੇਜੇ ਜਾਣਗੇ ਤਾਂ ਜੋ ਮੁਲਾਜ਼ਮ ਮੰਗਾਂ ਪ੍ਰਤੀ ਸੁੱਤੀ ਪਏ ਸਰਕਾਰੀ ਤੰਤਰ ਨੂੰ ਹਲੂਣਾ ਦਿੱਤਾ ਜਾ ਸਕੇ । ਸੂਬਾਈ ਆਗੂ ਕਰਮਜੀਤ ਸਿੰਘ ਬੀਹਲਾ, ਸੁਖਵਿੰਦਰ ਸਿੰਘ ਚਾਹਲ, ਮੱਖਣ ਸਿੰਘ ਵਾਹਿਦਪੁਰੀ, ਹਰਮਨਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਮੌਜੂਦਾ ਸਰਕਾਰ ਵੀ ਪਿਛਲੀਆਂ ਰਿਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਵਾਂਗ ਨੀਤੀਆਂ ਲਾਗੂ ਕਰ ਰਹੀ ਹੈ ਅਤੇ ਆਪਣੇ ਆਪ ਨੂੰ ਸ਼ਹੀਦ ਭਗਤ ਸਿੰਘ ਦੇ ਵਾਰਿਸ ਕਹਿਣ ਵਾਲੇ ਨੇਤਾ ਲੋਕਾਂ ਮੰਗਾਂ ਨੂੰ ਭੁੱਲ ਕੇ ਰਾਜ



ਗੱਦੀ ਦਾ ਆਨੰਦ ਮਾਨਣ ਵਿੱਚ ਰੁੱਝ ਗਏ ਹਨ । ਮੁੱਖ ਮੰਤਰੀ ਪੰਜਾਬ ਵੀ ਕੇਵਲ ਗੱਲਾਂ ਨਾਲ ਹੀ ਪੰਜਾਬ ਦੇ ਮਸਲੇ ਹੱਲ ਕਰਨਾ ਚੁਹੁੰਦੇ ਹਨ, ਜਿਸਨੂੰ ਸੂਬੇ ਦਾ ਮੁਲਾਜ਼ਮ ਵਰਗ ਕਿਸੇ ਕੀਮਤ ਤੇ ਵੀ ਸਹਿਣ ਨਹੀਂ ਕਰੇਗਾ ਅਤੇ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਫੈਡਰੇਸ਼ਨ ਦੇ ਸੂਬਾਈ ਆਗੂਆਂ ਗੁਰਵਿੰਦਰ ਸਿੰਘ, ਕਿਸ਼ੋਰ ਚੰਦ ਗਾਜ, ਪ੍ਰਿੰਸੀਪਲ ਅਮਨਦੀਪ ਸ਼ਰਮਾ, ਮਨੋਹਰ ਲਾਲ ਸ਼ਰਮਾ, ਸੁਭਾਸ਼ ਚੰਦਰ, ਜਤਿੰਦਰ ਕੁਮਾਰ, ਗੁਰਦੇਵ ਸਿੰਘ ਸਿੱਧੂ, ਰਜਿੰਦਰ ਸਿੰਘ ਰਿਆੜ, ਅਮਰੀਕ ਸਿੰਘ, ਮਾਲਵਿੰਦਰ ਸਿੰਘ, ਮੋਹਣ ਸਿੰਘ ਪੂਨੀਆ, ਰਜੇਸ਼ ਕੁਮਾਰ ਅਮਲੋਹ, ਕੁਲਦੀਪ ਪੂਰੋਵਾਲ, ਬੋਬਿੰਦਰ ਸਿੰਘ, ਬਲਵਿੰਦਰ ਭੁੱਟੋ, ਪੁਸ਼ਪਿੰਦਰ ਸਿੰਘ, ਜਸਵਿੰਦਰ ਸੋਜਾ, ਰਮੇਸ਼ ਗੈਚੰਡ, ਗੁਰਪ੍ਰੀਤ ਅੰਮੀਵਾਲ, ਰਾਣੋ ਖੇੜੀ ਗਿੱਲਾਂ, ਬਿਮਲਾ ਰਾਣੀ, ਗੁਰਪ੍ਰੀਤ ਕੌਰ, ਸ਼ਰਮੀਲਾ ਦੇਵੀ, ਤਜਿੰਦਰ ਸਿੰਘ ਨੇ ਸਰਕਾਰ ਤੋਂ ਮੰਗ ਕੀਤੀ ਕਿ ਹਰ ਪ੍ਰਕਾਰ ਦੇ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਬਿਨਾਂ ਸ਼ਰਤ ਪੂਰੇ ਗ੍ਰੇਡਾਂ ਅਤੇ ਭੱਤਿਆਂ ਸਹਿਤ ਪੱਕਾ ਕੀਤਾ ਜਾਵੇ, ਪੁਰਾਣੀ ਪੈਨਸ਼ਨ ਨੂੰ ਬਹਾਲ ਕੀਤੇ ਗਏ ਨੋਟੀਫਿਕੇਸ਼ਨ ਨੂੰ ਪੂਰਨ ਰੂਪ ਵਿੱਤ ਤੁਰੰਤ ਜਾਰੀ ਕੀਤਾ ਜਾਵੇ, ਵਿਭਾਗਾਂ ਦੀ ਆਕਾਰ ਘਟਾਈ ਬੰਦ ਜਕਰਕੇ ਖਾਲੀ ਅਸਾਮੀਆਂ ਨੂੰ ਪੱਕੇ ਤੌਰ ਤੇ ਭਰਤੀ ਕਰਕੇ ਭਰਿਆ ਜਾਵੇ, ਮੰਹਿਗਾਈ ਭੱਤੇ ਦੀ ਬਕਾਇਆ ਕਿਸ਼ਤ ਅਤੇ ਬਕਾਇਆ ਦੀ ਅਦਾਇਗੀ ਕੀਤੀ ਜਾਵੇ, ਕੱਟੇ ਗਏ ਜਰੂਰੀ ਭਤਿਆਂ ਨੂੰ ਤੁਰੰਤ ਬਹਾਲ ਕੀਤਾ ਜਾਵੇ, ਮਿਡ ਡੇ ਮੀਲ, ਆਂਗਣਵਾੜੀ, ਆਸ਼ਾ ਵਰਕਰਾਂ ਦੀਆਂ ਸੇਵਾਵਾਂ ਦਾ ਸਰਕਾਰੀਕਰਣ ਕੀਤਾ ਜਾਵੇ, ਬੱਝਵਾਂ ਮੈਡੀਕਲ ਭੱਤਾ 2000 ਰੁਪਏ ਕੀਤਾ ਜਾਵੇ, ਵਿਕਾਸ ਟੈਕਸ ਦੇ ਨਾ ਹੈਠ 2400 ਰੁਪਏ ਸਲਾਨਾ ਮੁਲਾਜ਼ਮਾਂ ਤੇ ਲਗਾਇਆ ਜਜ਼ੀਆ ਟੈਕਸ ਬੰਦ ਕੀਤਾ ਜਾਵੇ, ਸੰਘਰਸ਼ਾਂ ਦੌਰਾਨ ਲੁਧਿਆਣਾ, ਪਟਿਆਲਾ, ਬਠਿੰਡਾ, ਨਵਾਂਸ਼ਹਿਰ ਆਦਿ ਥਾਵਾਂ ਤੇ ਦਰਜ ਕੀਤੇ ਝੂਠੇ ਪੁਲਿਸ ਕੇਂਦ ਰੱਦ ਕੀਤੇ ਜਾਣ, ਕੈਸ਼ਲੈਸ ਹੈਲਥ ਸਕੀਮ ਦੀਆਂ ਤਰੁਟੀਆਂ ਦੂਰ ਕਰਕੇ ਸਮੁਚੇ ਮੁਲਾਜ਼ਮਾਂ ਤੇ ਮੁੜ ਚਾਲੂ ਕੀਤਾ ਜਾਵੇ। ਦਰਜਾ-ਚਾਰ ਅਤੇ ਵਰਦੀ ਪ੍ਰਾਪਤ ਸਮੁੱਚੇ ਮੁਲਾਜ਼ਮਾਂ ਨੂੰ ਦਿੱਤੀਆਂ ਜਾਂਦੀਆਂ ਵਰਦੀਆਂ ਦੇ ਰੇਟਾਂ ਵਿੱਚ ਵਧ ਰਹੀ ਮੰਹਿਗਾਈ ਅਨੁਸਾਰ ਵਾਧਾ ਕੀਤਾ ਜਾਵੇ ਅਤੇ ਨਕਦ ਵਰਦੀ ਭੱਤਾ ਚਾਲੀ ਕੀਤਾ ਜਾਵੇ। ਜੱਥੇਬੰਦੀ ਦੇ ਜ਼ਿਲ੍ਹਾ ਪ੍ਰਧਾਨਾਂ ਅਨਿਲ ਕੁਮਾਰ ਲਹੌਰੀਆ, ਰਵੀ ਦੱਤ, ਬਲਜਿੰਦਰ ਸਿੰਘ, ਪੁਸ਼ਪਿੰਦਰ ਪਿੰਕੀ, ਸੁਰਿੰਦਰ ਪਾਲ, ਕਰਮਾਪੁਰੀ, ਨਿਰਭੈ ਸਿੰਘ ਸ਼ੰਕਰ, ਲਖਵਿੰਦਰ ਸਿੰਘ, ਜਗਤਾਰ ਸਿੰਘ ਫਰਜ਼ੁਲਾਪੁਰ, ਸੁਖਦੇਵ ਚੰਗਾਲੀਵਾਲਾ, ਦਰਸ਼ਣ ਚੀਮਾ, ਜੱਗਾ ਸਿੰਘ ਅਲੀਸ਼ੇਰ, ਮੱਖਣ ਸਿੰਘ ਖਗਨਵਾਲ, ਪੂਰਣ ਸਿੰਘ ਸੰਧੂ, ਮੁਕੇਸ਼ ਕੁਮਾਰ, ਅਮਰੀਕ ਸਿੰਘ, ਜਸਵਿੰਦਰ ਪਾਲ ਕਾਂਗੜ, ਗੁਰਤੇਜ ਸਿੰਘ ਖਹਿਰਾ ਨੇ ਕਿਹਾ ਕਿ ਇਹਨਾਂ ਸੰਘਰਸ਼ਾਂ ਦੀ ਕਾਮਯਾਬੀ ਲਈ ਜ਼ਿਲ੍ਹਾ ਪੱਧਰੀ ਮੀਟਿੰਗਾਂ ਕਰਕੇ ਪ੍ਰੋਗਰਾਮ ਬਣਾਇਆ ਜਾਵੇਗਾ ਅਤੇ ਬਲਾਕ ਅਤੇ ਜ਼ਿਲ੍ਹਾ ਰੈਲੀਆਂ ਨੂੰ ਸਫਲ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ।

# ਮਨਜੀਤ ਦਸੂਹਾ ਨੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੂੰ ਦਿੱਤਾ ਮੰਗ ਪੱਤਰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ,ਉਂਕਾਰ ਸਿੰਘ)-** ਟਾਂਡਾ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਇੰਚਾਰਜ ਤੇ ਉੱਘੇ ਸਮਾਜ ਸੇਵੀ ਮਨਜੀਤ ਸਿੰਘ ਦਸੂਹਾ ਨੇ ਹਲਕਾ ਉੜਮੁੜ ਟਾਂਡਾ ਦੀਆਂ ਅਹਿਮ ਸਮੱਸਿਆਵਾ ਸਬੰਧੀ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨਾਲ ਵਿਸੇਸ਼ ਮੀਟਿੰਗ ਕਰਦਿਆ ਮੰਗ ਪੱਤਰ ਸੌਂਪਿਆ ਤੇ ਕਿਹਾ ਹਲਕੇ ਵਿੱਚ ਪੰਚਾਇਤਾ ਗ੍ਰਾਂਟਾਂ ਨੂੰ ਤਰਸ ਰਹੀਆਂ ਹਨ। ਪਿੰਡਾਂ ਤੇ ਸ਼ਹਿਰਾਂ ਦੇ ਵਿਕਾਸ ਕਾਰਜ ਬਿਲਕੁਲ ਠੱਪ ਪਏ ਹਨ। ਪੰਜਾਬ ਸਰਕਾਰ ਦੀ ਇਸ ਵੱਲ ਕੋਈ ਵੀ ਤਵੱਜੋ ਨਹੀਂ ਹੈ। ਦਸੂਹਾ ਨੇ ਸੋਮ ਪ੍ਰਕਾਸ਼ ਨੂੰ ਐਮ ਪੀ ਫੰਡ ਵਿੱਚੋ ਗ੍ਰਾਂਟਾਂ ਦੇਣ ਦੀ ਅਪੀਲ ਕੀਤੀ ਤੇ ਬੇਟ ਖੇਤਰ ਦੀ ਡੱਡੀਆ ਤੋਂ ਜਹੂਰਾ ਤੇ ਹੋਰ ਪਿੰਡਾਂ ਵਿੱਚ ਪ੍ਰਧਾਨ ਮੰਤਰੀ ਯੋਜਨਾ ਵਿੱਚ ਬਣ ਰਹੀ ਸੜਕ ਦੇ ਰੁੱਕੇ ਕੰਮ ਨੂੰ ਮੁੜ ਤੇਜੀ ਨਾਲ ਸ਼ੁਰੂ ਕਰਾਉਣ ਲਈ ਕਿਹਾ। ਟਾਂਡਾ ਸ਼ਹਿਰ ਵਾਸੀਆਂ ਦੀ ਮੁੱਖ ਮੰਗ ਡਾਕਘਰ ਨੂੰ ਬਦਲ ਕੇ ਪੁਰਾਣੀ ਜਗ੍ਹਾ ਤਬਦੀਲ ਕਰਨ ਲਈ ਕੀਤੀ ਮੰਗ ਸਬੰਧੀ ਕੇਂਦਰੀ ਮੰਤਰੀ ਨੇ ਕਿਹਾ ਇਸ ਸਬੰਧੀ ਸਾਰੀ ਪ੍ਰਕਿਰਿਆ ਪੂਰੀ ਹੋ ਗਈ ਹੈ। ਮਹਿਕਮੇ ਵੱਲੋ ਇਸ ਸਬੰਧੀ ਕੈਂਸਲ ਕਰਨ ਦਾ ਆਰਡਰ ਜਾਰੀ ਦਿੱਤਾ ਗਿਆ ਹੈ। ਜਲਦੀ ਹੀ ਇਸ ਸਮੱਸਿਆ ਦਾ ਹੱਲ ਹੋ ਜਾਵੇਗਾ। ਮਨਜੀਤ ਦਸੂਹਾ ਨੇ ਕੰਢੀ ਖੇਤਰ ਦੀ ਮੁੱਖ ਮੰਗ ਮੋਬਾਈਲ ਫੋਨ ਦੀ ਰੇਂਜ ਨਾ ਆਉਣ ਤੇ ਨਵਾ ਟਾਵਰ ਲਗਾਉਣ ਸਬੰਧੀ ਗੱਲ ਕੀਤੀ। ਜਿਸਦਾ ਕੇਂਦਰੀ ਮੰਤਰੀ ਨੇ ਜਲਦੀ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਦਸੂਹਾ ਨੇ ਨੌਜਵਾਨਾਂ ਦੇ ਰੁਜ਼ਗਾਰ ਦੀ ਗੱਲ ਕਰਦਿਆ ਕੇਂਦਰੀ ਮੰਤਰੀ ਤੋਂ ਵੱਡੀ ਇੰਡਸਟਰੀ ਲਗਾਉਣ ਦੀ ਮੰਗ ਕੀਤੀ ਤੇ ਹੋਰ ਹਲਕੇ ਦੀ ਬਿਹਤਰੀ ਲਈ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਪੂਰੇ ਜੋਰ ਸ਼ੋਰ ਨਾਲ ਦੇਸ਼ ਦੀ ਤਰੱਕੀ ਲਈ ਪੂਰੀ ਮਿਹਨਤ ਤੇ ਇਮਾਨਦਾਰੀ ਨਾਲ ਲੱਗੀ ਹੋਈ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਬਾਈ ਮੋਦੀ ਨੇ ਦੇਸ਼ ਦਾ ਪੂਰੇ ਵਿਸ਼ਵ ਵਿੱਚ ਨਾਮ ਉੱਚਾ ਕੀਤਾ। ਉਹਨਾਂ ਮਨਜੀਤ ਸਿੰਘ ਦਸੂਹਾ ਦੀ ਸ਼ਲਾਘਾ ਕਰਦਿਆ ਕਿਹਾ ਕਿ ਜਿਸ ਹਿੰਮਤ ਤੇ ਇਮਾਨਦਾਰੀ ਨਾਲ ਮਨਜੀਤ ਸਿੰਘ ਦਸੂਹਾ ਹਲਕੇ ਦੇ ਲੋੜਵੰਦ ਗਰੀਬ ਲੋਕਾ ਦੀ ਸੇਵਾ ਕਰ ਰਹੇ ਹਨ, ਉਸ ਨਾਲ ਗਰੀਬ ਪਰਿਵਾਰਾਂ ਨੂੰ ਬਹੁਤ ਲਾਭ ਪ੍ਰਾਪਤ ਹੋ ਰਿਹਾ ਹੈ। ਉਹਨਾਂ ਮਨਜੀਤ ਸਿੰਘ ਦਸੂਹਾ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਹਲਕੇ ਦੀਆ ਜਿੰਨੀਆਂ ਵੀ ਸਮੱਸਿਆਵਾਂ ਲਿਆਉਣਗ ਉਸਦਾ ਪੂਰੀ ਜ਼ੁੰਮੇਵਾਰੀ ਨਾਲ ਹੱਲ ਕਰਨਗੇ। ਇਸ ਮੌਕੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹੁਸ਼ਿਆਰਪੁਰ ਸੁਖਵਿੰਦਰ ਸਿੰਘ ਮੂਨਕ, ਮੁਖਤਿਆਰ ਸਿੰਘ ਸੱਲਾ, ਗੁਰਦੇਵ ਸਿੰਘ ਸੱਲਾ, ਚੌਹਾਨ ਢਡਿਆਲਾ ਵੀ ਹਾਜ਼ਰ ਸਨ।

# ਕਿਸਾਨੀ ਮੰਗਾਂ ਨੂੰ ਲੈ ਕੇ ਸੰਯੁਕਤ ਮੋਰਚਾ 11 ਨੂੰ ਹਲਕੇ ਦੇ ਐੱਮ ਪੀ ਨੂੰ ਦੇਵੇਗਾ ਮੰਗ ਪੱਤਰ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)** ਹਲਕਾ ਸੁਲਤਾਨਪੁਰ ਲੋਧੀ ਦੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ ਵਿਖੇ ਕੀਤੀ ਗਈ। ਇਸ ਮੌਕੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਸੱਦੇ ਤੇ ਹਲਕੇ ਦੇ ਮੈਂਬਰ ਪਾਰਲੀਮੈਂਟ ਨੂੰ ਕਿਸਾਨਾਂ ਦੀ ਹੋ ਰਹੀ ਖੱਜਲ-ਖੁਆਰੀ ਦਾ ਤੁਰੰਤ ਹੱਲ ਕਰਨ ਲਈ 11 ਦਸੰਬਰ ਨੂੰ ਮੰਗ ਪੱਤਰ ਦਿੱਤੇ ਜਾਣ ਦਾ ਫੈਸਲਾ ਕੀਤਾ ਗਿਆ।ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਕਪੂਰਥਲਾ ਦੇ ਸਕੱਤਰ ਮਾਸਟਰ ਚਰਨ ਸਿੰਘ ਹੈਬਤਪੁਰ, ਰਛਪਾਲ ਸਿੰਘ ਸੂਬਾ ਸਕੱਤਰ ਕਿਰਤੀ ਕਿਸਾਨ ਯੂਨੀਅਨ, ਅਮਰਜੀਤ ਸਿੰਘ ਟਿੱਬਾ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਮੂੰਗੀ ਦੀ ਖਰੀਦ ਕਰਨ ਦੇ ਐਲਾਨ ਨੂੰ ਮੰਡੀਆਂ ਵਿੱਚ ਕੇਂਦਰ ਵਲੋਂ ਨਿਰਧਾਰਤ ਐਮ ਐਸ ਪੀ ਅਨੁਸਾਰ ਖਰੀਦ ਕਰਕੇ ਅਮਲੀ ਜਾਮਾ ਪਹਿਨਾਇਆ ਜਾਵੇ। ਉਹਨਾਂ ਕਿਹਾ ਕਿ ਉੱਤਰ ਪ੍ਰਦੇਸ ਦੇ ਲਖੀਮਪੁਰ ਖੀਰੀ ਜਿਲ੍ਹੇ ਦੇ ਤਿਕੋਨੀਆ ਕਸਬੇ ਵਿੱਚ ਸਾਂਤਮਈ ਕਿਸਾਨ ਅੰਦੋਲਨ ਕਰਕੇ ਵਾਪਸ ਪਰਤ ਰਹੇ ਕਿਸਾਨਾਂ ਨੂੰ ਥਾਰ ਜੀਪ ਨਾਲ ਕੁਚਲ ਕੇ ਕਿਸਾਨਾਂ ਨੂੰ ਸ਼ਹੀਦ ਅਤੇ ਜ਼ਖ਼ਮੀ ਕਰ ਦਿੱਤਾ ਗਿਆ ਸੀ। ਇਸ ਘਟਨਾ ਵਿੱਚ ਚਾਰ ਕਿਸਾਨ ਅਤੇ ਇੱਕ ਪੱਤਰਕਾਰ ਸਹੀਦ ਹੋ ਗਏ ਸਨ, 13 ਤੋਂ ਵੱਧ ਕਿਸਾਨ ਬੁਰੀ ਤਰ੍ਹਾਂ ਜਖਮੀ ਹੋ ਗਏ ਸਨ। ਇਸ ਘਟਨਾ ਪਿੱਛੇ ਇੱਕ ਸੋਚੀ ਸਮਝੀ ਸਾਜ਼ਿਸ਼ ਸੀ, ਜਿਸ ਨੂੰ ਬਾਹੂਬਲੀ ਅਜੈ ਮਿਸ਼ਰਾ ਟੈਨੀ ਨੇ ਆਪਣੇ ਬੇਟੇ ਅਸ਼ੀਸ਼ ਮਿਸ਼ਰਾ ਟੈਨੀ ਨਾਲ ਮਿਲ ਕੇ ਰਚਿਆ ਸੀ। ਉਹਨਾਂ ਵਿਰੁੱਧ ਕਾਰਵਾਈ ਕਰਕੇ ਜੇਲ੍ਹ ਵਿਚ ਬੰਦ ਕੀਤਾ ਜਾਵੇ ਅਤੇ ਮੰਤਰੀ ਪਦ ਤੋਂ ਅਸਤੀਫਾ ਲਿਐ ਜਾਵੇ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੱਕੀ ਕਾਸ਼ਤਕਾਰਾਂ ਦੀ ਫਸਲ ਨੂੰ ਐਮ ਐਸ ਪੀ ਤੇ ਖਰੀਦ ਦੀ ਗਾਰੰਟੀ ਕੀਤੀ ਜਾਵੇ। ਕਈ ਹੋਰ ਮੰਗਾਂ ਨੂੰ ਲੈ ਕੇ ਮੈਂਬਰ ਪਾਰਲੀਮੈਂਟ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ।




ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਜਿੰਦਰ ਸਿੰਘ ਸਰਪ੍ਰਸਤ ਸੰਯੁਕਤ ਕਿਸਾਨ ਮੋਰਚਾ, ਨਰਿੰਦਰ ਸਿੰਘ ਸੋਨੀਆ ਸਰਪ੍ਰਸਤ ਸੰਯੁਕਤ ਕਿਸਾਨ ਮੋਰਚਾ, ਰਾਘੂਬੀਰ ਸਿੰਘ ਮਹਿਰਵਾਲਾ, ਬਲਵਿੰਦਰ ਸਿੰਘ ਬਾਜਵਾ, ਬਲਵਿੰਦਰ ਸਿੰਘ ਭੁੱਲਰ ਜ਼ਿਲ੍ਹਾ ਕਿਰਤੀ ਕਿਸਾਨ ਯੂਨੀਅਨ, ਨਿਰਮਲ ਸਿੰਘ ਸੇਰਪੁਰ ਸੱਧਾ ਪੀ ਐੱਮ ਯੂ, ਸਵਰਨ ਸਿੰਘ, ਮਦਨ ਲਾਲ ਕੰਡਾ, ਦਿਆਲ ਸਿੰਘ ਦੀਪੇਵਾਲ, ਸੰਤਾਂ ਸਿੰਘ, ਕਸਮੀਰ ਸਿੰਘ ਪੈਂਡੂ ਮਜਦੂਰ ਯੂਨੀਅਨ ਪੰਜਾਬ, ਮਲਕੀਤ ਸਿੰਘ, ਡਾਕਟਰ ਕੇਹਰ ਸਿੰਘ, ਗਿਆਨ ਚੰਦ, ਭਗਵੰਤ ਸਿੰਘ ਲੱਖਣ ਕਲਾਂ, ਮੁਖਤਿਆਰ ਸਿੰਘ ਚੰਦੀ,ਸੁਰਜੀਤ ਸਿੰਘ ਠੱਟਾ, ਕੁਲਵੰਤ ਸਿੰਘ ਔਜਲਾ, ਪਰਸਨ ਲਾਲ ਭੋਲਾ, ਫੌਜਾਂ ਸਿੰਘ, ਸੰਮਾਰ ਸਿੰਘ, ਦਿਆਲ ਸਿੰਘ, ਹਰਵੰਤ ਸਿੰਘ ਵੜੈਚ ਮੋਠਾਂਵਾਲਾ, ਸਰਵਨ ਸਿੰਘ ਕਰਮਜੀਤਪੁਰ, ਗੁਰਦੇਵ ਸਿੰਘ, ਬਲਦੇਵ ਸਿੰਘ, ਸਤਨਾਮ ਸਿੰਘ ਸਾਬੀ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਬਲਬੀਰ ਸਿੰਘ, ਧਿਆਨ ਸਿੰਘ, ਮਨਜੀਤ ਸਿੰਘ ਆਦਿ ਵੱਡੀ ਗਿਣਤੀ ਵਿਚ ਕਿਸਾਨ ਆਗੂ ਹਾਜਰ ਸਨ।

# ਕਰੀਮਪੁਰੀ ਦੀ ਪੰਜਾਬ ਵਾਪਸੀ ਨਾਲ ਬਸਪਾ ਨੂੰ ਮਿਲਿਆ ਭਰਵਾਂ ਹੁੰਗਾਰਾ : ਲਾਡੀ

**ਹੁਸ਼ਿਆਰਪੁਰ (ਉ.ਪੀ.ਰਾਣਾ)-**ਬਹੁਜਨ ਸਮਾਜ ਪਾਰਟੀ ਹਲਕਾ ਹੁਸ਼ਿਆਰਪੁਰ ਦੇ ਸ਼ਹਿਰੀ ਪ੍ਰਧਾਨ ਹਰਜੀਤ ਸਿੰਘ ਲਾਡੀ ਨੇ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ, ਸਾਬਕਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਨੂੰ ਪੰਜਾਬ ਮਾਮਲਿਆਂ ਦੇ ਇੰਚਾਰਜ ਨਿਯੁੱਕਤ ਕਰਨ ਤੇ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਰੀਮਪੁਰੀ ਦੀ ਪੰਜਾਬ ਵਾਪਸੀ ਨਾਲ ਬਸਪਾ ਪੰਜਾਬ ਦੀ ਮਹਿੰਮ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਉਨਾਂ ਕਿਹਾ ਬਸਪਾ ਪੰਜਾਬ ਦੇ ਵਰਕਰਾਂ ਅੰਦਰ ਖੁਸ਼ੀ ਦੀ ਭਾਰੀ ਲਹਿਰ ਫੈਲ ਗਈ ਹੈ ਅਤੇ ਵਰਕਰਾਂ ਦੇ ਹੌਂਸਲੇ ਬੁਲੰਦ ਹੋਏ ਹਨ। ਉਨਾਂ ਬਸਪਾ ਹਲਕਾ ਹੁਸ਼ਿਆਰਪੁਰ ਦੀ ਸਮੁੱਚੀ ਟੀਮ ਵਲੋਂ ਕਰੀਮਪੁਰੀ ਦੀ ਨਿਯੁੱਕਤੀ ਦਾ ਸਵਾਗਤ ਕਰਦਿਆਂ ਕਿਹਾ ਕਿ ਕਰੀਮਪੁਰੀ ਦੀ ਪੰਜਾਬ ਵਾਪਸੀ ਨਾਲ 2024 ਲੋਕ ਸਭਾ ਚੋਣਾਂ ਵਿੱਚ ਬਸਪਾ ਲਈ ਚੰਗੇ ਨਤੀਜੇ ਆਉਣਗੇ। ਉਨਾਂ ਕਿਹਾ ਕਰੀਮਪੁਰੀ ਦੀ ਅਗਵਾਈ ਵਿੱਚ ਬਸਪਾ ਵਰਕਰ ਇੱਕਜੁੱਟ ਹੋ ਕੇ ਸਾਹਿਬ ਕਾਂਸ਼ੀ ਰਾਮ ਦੇ ਅੰਦੋਲਨ ਨੂੰ ਪੂਰੀ ਇਮਾਨਦਾਰੀ ਤੇ ਮਿਹਨਤ ਨਾਲ ਚਲਾਉਣਗੇ। ਉਨਾਂ ਬਸਪਾ ਵਰਕਰਾਂ ਨੂੰ ਅਪੀਲ ਕੀਤੀ ਕਿ 2024 ਲਈ ਪੂਰੀ ਤਨਦੇਹੀ ਨਾਲ ਬਸਪਾ ਦਾ ਸਾਥ ਦਿਉ ਤਾਂ ਕਿ ਕੇਂਦਰ ਅਤੇ ਪੰਜਾਬ ਵਿੱਚ ਕਿਸਾਨਾਂ, ਮਜਦੂਰਾਂ ਤੇ ਮਿਹਨਤਕਸ਼ ਲੋਕਾਂ ਦੀ ਸਰਕਾਰ ਬਣ ਸਕੇ।

# ਕਾਕਾ ਸ਼ੁਭਕਰਮਨ ਸਿੰਘ ਚੰਦੀ ਦਾ ਧਾਰਮਕ ਗੀਤ 'ਧੰਨ ਰਾਜਾ ਜੀ' ਲੋਕ ਅਰਪਣ



**ਧੰਨ ਰਾਜਾ ਜੀ ਟਰੈਕ ਦਾ ਪੋਸਟਰ ਰਿਲੀਜ਼ ਕਰਦੇ ਹੋਏ ਬਲਜਿੰਦਰ ਸਿੰਘ ਖਿੰਡਾ,ਸੁਖਪਾਲ ਸਿੰਘ ਦੇਵਗੁਣ ਅਤੇ ਹੋਰ।**

**ਸ਼ਾਹਕੋਟ, (ਗਿਆਨ ਸੈਦਪੁਰੀ)-** ਸੁਰਤਾਲ ਸੰਗੀਤ ਵਿਦਿਆਲਾ ਦੇ ਵਿਹੜੇ ਵਿੱਚ ਕਾਕਾ ਸ਼ੁਭਕਰਮਨ ਸਿੰਘ ਚੰਦੀ ਦਾ ਧਾਰਮਿਕ ਗੀਤ ਧੰਨ ਰਾਜਾ ਜੀ ਲੋਕ ਅਰਪਣ ਕੀਤਾ ਗਿਆ ਸਮਾਗਮ ਸ਼ਬਦ ਗਾਇਨ,ਗੀਤਾਂ,ਕਵਿਤਾਵਾਂ ਤੇ ਗਜਲਾਂ ਦੀ ਪੇਸ਼ਕਾਰੀ ਨਾਲ ਯਾਦਗਾਰੀ ਹੋ ਨਿੱਬੜਿਆ। ਇਸ ਸਾਹਿਤਕ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਆਮ ਆਦਮੀ ਪਾਰਟੀ ਦੇ ਸਥਾਨਕ ਸੀਨੀਅਰ ਆਗੂ ਬਲਜਿੰਦਰ ਸਿੰਘ ਖਿੰਡਾ ਸ਼ਾਮਲ ਹੋਏ। ਉਨ੍ਹਾਂ ਦੇ ਨਾਲ ਰਮੇਸ਼ ਹੰਸ ਅਤੇ ਕੁਲਦੀਪ ਦੀਦ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਸੰਗੀਤਕਾਰ ਜੋੜੀ ਸੁਖਪਾਲ ਸਿੰਘ ਦੇਵਗੁਣ ਅਤੇ ਸੁਰਿੰਦਰ ਕੌਰ ਦੇਵਗੁਣ ਦੀ ਰਹਿਨੁਮਾਈ ਵਿੱਚ ਅਯੋਜਿਤ ਸਮਾਗਮ ਦਾ ਆਗਾਜ ਸ਼ੁਭਕਰਮਨ ਚੰਦੀ ਵਲੋਂ ਗਾਇਨ ਕੀਤੇ ਸ਼ਬਦ ਦੇਹਿ ਸ਼ਿਵਾ ਬਰ ਮੋਹਿ.. ਨਾਲ ਹੋਇਆ। ਇਸੇ ਤਰ੍ਹਾਂ ਕਾਕਾ ਅਸ਼ੀਸ਼ ਬਹਿਲ ਅਤੇ ਮਹਿਤਾਬ ਸਿੰਘ ਨੇ ਵੀ ਸ਼ਬਦ ਗਾਇਨ ਕੀਤਾ। ਮਨਪ੍ਰੀਤ ਕੌਰ ਤੂਰ ਨੇ ਦਿਲਦਾਰੀਆਂ ਗਾ ਕੇ ਖੂਬ ਦਾਦ ਪ੍ਰਾਪਤ ਕੀਤੀ। ਸੁਮਨ ਨੇ ਵੀ ਇੱਕ ਵਧੀਆ ਗੀਤ ਨਾਲ ਆਪਣੀ ਹਾਜਰੀ ਲਗਵਾਈ। ਇਸੇ ਦੌਰਾਨ ਮੁੱਖ ਮਹਿਮਾਨ ਬਲਜਿੰਦਰ ਸਿੰਘ ਖਿੰਡਾ ਅਤੇ ਹੋਰਨਾਂ ਵਲੋਂ ਧੰਨ ਰਾਜਾ ਜੀ ਟਰੈਕ ਦਾ ਪੋਸਟਰ ਰੀਲੀਜ ਕੀਤਾ ਗਿਆ। ਸਮਾਗਮ ਦਾ ਅਗਲਾ ਸ਼ੈਸ਼ਨ ਕਵੀ ਦਰਬਾਰ ਸੀ। ਇਸ ਵਿੱਚ ਮੋਹਣ ਮਤਿਆਲਵੀ,ਭਜਨ ਆਦੀ,ਪਰਮਜੀਤ ਰਤਨਪਾਲ,ਹੈਪੀ ਸ਼ਾਹਕੋਟੀ,ਸੁਰਿੰਦਰ ਸਿੰਘ ਭੁਪਾਲ,ਸ਼ਿੰਦਰਪਾਲ ਬੁੱਢਣਵਾਲ ਅਤੇ ਸੁਖਪਾਲ ਸੁੱਖ ਨੇ ਕਵਿਤਾਵਾਂ,ਗਜਲਾਂ ਤੇ ਗੀਤਾਂ ਰਾਹੀਂ ਸਮਾਗਮ ਨੂੰ ਸਿਖਰ 'ਤੇ ਪਹੁੰਚਾਇਆ। ਬਲਜਿੰਦਰ ਸਿੰਘ ਖਿੰਡਾ ਅਤੇ ਵਪਾਰ ਸੈੱਲ ਜ਼ਿਲ੍ਹਾ ਜਲੰਧਰ ਦੇ ਸਕੱਤਰ ਜਸਪਾਲ ਸਿੰਘ ਮਿਗਲਾਨੀ ਨੇ ਪ੍ਰਬੰਧਕਾਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਸ਼ੁਭਕਰਮਨ ਸਿੰਘ ਚੰਦੀ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਸੁਖਪਾਲ ਸਿੰਘ ਦੇਵਗੁਣ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੁਰਤਾਲ ਸੰਗੀਤ ਵਿਦਿਆਲਾ ਲੋਕ ਮਨਾਂ ਵਿੱਚ ਅਥਾਹ ਮੁਹੱਬਤ ਪੈਦਾ ਕਰਨ ਦਾ ਗਵਾਹ ਬਣਿਆ ਹੈ। ਉਭਰ ਰਹੀ ਕਵਿਤਰੀ ਸਰਬਜੀਤ ਕੌਰ ਹਾਜੀਪੁਰ ਸਟੇਜ ਸੰਚਾਲਨ ਦੇ ਨਾਲ ਨਾਲ ਸਾਰਾ ਸਮਾਂ ਕਵਿਤਾ ਦੇ ਵੱਖ ਵੱਖ ਰੰਗ ਉਭਾਰਦੇ ਰਹੇ। ਸਮਾਗਮ ਵਿੱਚ ਬਾਲ ਸਾਹਿਤ ਲੇਖਕ ਡਾ. ਨਗਿੰਦਰ ਸਿੰਘ ਬਾਂਸਲ ਅਤੇ ਤਬਲਾ ਵਾਦਕ ਹਰਦੀਪ ਸਿੰਘ ਉਚੇਚੇ ਤੌਰ 'ਤੇ ਹਿੱਸਾ ਬਣੇ।

# ਦੋ ਭੈਣਾਂ ਦੇ ਇਕਲੌਤੇ ਭਰਾ ਦੀ ਮਲੇਸ਼ੀਆ 'ਚ ਭੇਦਭਰੀ ਹਾਲਤ 'ਚ ਮੌਤ

**ਮਾਹਿਲਪੁਰ (ਸਫਰੀ)** ਗੜ੍ਹਸ਼ੰਕਰ ਦੇ ਪਿੰਡ ਰਾਮਪੁਰ (ਬਿਲੜੋਂ) ਵਿਚ ਇਕ 20 ਸਾਲਾਂ ਦੇ ਨੌਜਵਾਨ ਭਾਰਤ ਸਿੰਘ ਜੋ ਕਿ ਅਪਣੀ ਮਾਂ ਅਤੇ ਭੈਣਾਂ ਦਾ ਇਕਲੌਤਾ ਸਹਾਰਾ ਸੀ, ਘਰ ਦਾ ਗੁਜਾਰਾ ਚਲਾਉਣ ਲਈ ਕਰੀਬ 2 ਮਹੀਨੇ ਪਹਿਲਾਂ ਮਲੇਸ਼ੀਆ ਗਿਆ ਸੀ। ਕੁੱਝ ਦਿਨ ਪਹਿਲਾਂ ਸਵੇਰ ਸਮੇਂ ਪਰਿਵਾਰ ਨੂੰ ਉਸ ਦੀ ਮੌਤ ਦੀ ਖਬਰ ਮਿਲਦੀ ਹੈ ਕਿ ਉਨ੍ਹਾਂ ਦੇ ਲੜਕੇ ਨੇ ਆਤਮ ਹੱਤਿਆ ਕਰ ਲਈ ਹੈ। ਪਰ ਪਰਿਵਾਰ ਦਾ ਕਹਿਣਾ ਹੈ ਕਿ ਉਸੇ ਦਿਨ ਹੀ ਇਕ ਘੰਟਾ ਪਹਿਲਾਂ ਉਨ੍ਹਾਂ ਦੀ ਲੜਕੇ ਨਾਲ ਗੱਲ ਹੋਈ ਸੀ ਤੇ ਉਹ ਹੱਸ ਹੱਸ ਕੇ ਗੱਲਾਂ ਕਰ ਰਿਹਾ ਸੀ ਅਤੇ ਕਹਿ ਰਿਹਾ ਸੀ ਕਿ ਮੇਰਾ ਕੰਮ ਕਾਰ ਬਹੁਤ ਵਧੀਆ ਚੱਲ ਰਿਹਾ ਹੈ ਅਤੇ ਮੇਰਾ ਮਾਲਕ ਜਲਦ ਹੀ ਮੈਨੂੰ ਮਲੇਸ਼ੀਆ ਦੇ ਵਿੱਚ ਪੱਕਾ ਕਰਵਾ ਦੇਵੇਗਾ , ਪਰ ਸਵੇਰੇ ਦਿਨ ਚੜ੍ਹਦੇ ਇਹ ਬੁਰੀ ਖਬਰ ਮਿਲਦੀ ਹੈ ਕਿ ਤੁਹਾਡੇ ਬੇਟੇ ਨੇ ਆਤਮ ਹੱਤਿਆ ਕਰ ਲਈ ਹੈ। ਪਰਿਵਾਰਕ ਮੈਬਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਲੜਕਾ ਅਜਿਹਾ ਨਹੀ ਕਰ ਸਕਦਾ ਤੇ ਕਿਸੇ ਸਾਜ਼ਿਸ਼ ਦੇ ਤਹਿਤ ਉਸ ਦਾ ਕਤਲ ਕੀਤਾ ਗਿਆ ਹੈ। ਹੁਣ ਸਾਨੂੰ ਮਲੇਸ਼ੀਆ ਦੀ ਕੋਈ ਸੰਸਥਾ ਫੋਨ ਕਰਕੇ ਕਹਿ ਰਹੀ ਹੈ ਕਿ ਮ੍ਰਿਤਕ ਦੇਹ ਨੂੰ ਪੂਰੀ ਤਰ੍ਹਾਂ ਨਾਲ ਕਰੋਨਾ ਹੋ ਚੁੱਕਾ ਹੈ ਤੇ ਲਾਸ਼ ਨੂੰ ਭਾਰਤ ਨਹੀ ਭੇਜਿਆ ਜਾ ਸਕਦਾ । ਪਰਿਵਾਰ ਨੇ ਅਵਿਨਾਸ਼ ਰਾਏ ਖੰਨਾ ਅਤੇ ਮੀਡੀਆ ਦੇ ਜਰੀਏ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਉਨ੍ਹਾਂ ਦੇ ਮ੍ਰਿਤਕ ਲੜਕੇ ਦੀ ਲਾਸ਼ ਨੂੰ ਮਲੇਸ਼ੀਆ ਤੋਂ ਭਾਰਤ ਲਿਆਂਦਾ ਜਾਵੇ ਅਤੇ ਉਸ ਦੀ ਮੌਤ ਦੀ ਜਾਂਚ ਕਰਵਾਈ ਜਾਵੇ।

# ਪੰਜਾਬ 'ਚ 2023 ਦੇ ਅੰਤ ਤੱਕ 38 ਜੱਚਾ-ਬੱਚਾ ਹਸਪਤਾਲ ਹੋਣਗੇ : ਸਿਹਤ ਮੰਤਰੀ

## ਮਾਵਾਂ ਦੀ ਮੌਤ ਦਰ 129 ਤੋਂ ਘਟ ਕੇ 105 ਹੋਈ

**ਚੰਡੀਗੜ੍ਹ: (ਗੁਰਜੀਤ ਬਿੱਲਾ)**—ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਵਚਨਬੱਧਤਾ ਦੇ ਅਨੁਸਾਰ, ਪੰਜਾਬ ਨੇ ਜਣੇਪੇ ਦੌਰਾਨ ਮਾਵਾਂ ਦੀ ਮੌਤ ਦਰ ਘੱਟ ਕਰਨ ਵਿੱਚ ਬਹੁਤ ਤਰੱਕੀ ਕੀਤੀ ਹੈ। ਇਸ ਮਹੱਤਵਪੂਰਨ ਪ੍ਰਾਪਤੀ ਬਾਰੇ ਹੋਰ ਜਾਣਕਾਰੀ ਦਿੰਦਿਆਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਉਕਤ ਜਾਣਕਾਰੀ ਭਾਰਤ ਦੇ ਰਜਿਸਟਰਾਰ ਜਨਰਲ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਦੇ ਅਨੁਸਾਰ ਹੈ। ਪੰਜਾਬ ਵਿੱਚ ਗਰਭ ਅਵਸਥਾ ਦੌਰਾਨ ਮਾਵਾਂ ਦੀ ਮੌਤ ਦਰ 129 ਤੋਂ ਘੱਟ ਕੇ 105 ਤੱਕ ਆ ਗਈ ਹੈ ਜੋ ਕਿ 13.93 ਫੀਸਦੀ ਦੀ ਕਮੀ ਦਰਸਾਉਂਦੀ ਹੈ। ਜ਼ਿਕਰਯੋਗ ਹੈ ਕਿ ਕਿਸੇ ਔਰਤ ਦੀ ਗਰਭ ਅਵਸਥਾ ਦੌਰਾਨ ਜਾਂ ਗਰਭ ਅਵਸਥਾ ਦੇ 42 ਦਿਨਾਂ ਦੇ ਅੰਦਰ ਮੌਤ ਹੋ ਜਾਣ ਨੂੰ ਮੈਟਰਨਲ ਮੋਰਟੈਲਿਟੀ ( ਜੱਚਾ ਦੀ ਮੌਤ ) ਰੇਟ ਨੂੰ ਜੱਚਾ ਮੌਤ ਦਰ ਮੰਨਿਆ ਜਾਂਦਾ ਹੈ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਐਮ.ਐਮ.ਆਰ. ਸੂਬੇ ਦੇ ਸਿਹਤ ਅਤੇ ਸਮਾਜਿਕ ਆਰਥਿਕ ਵਿਕਾਸ ਦਾ ਮੁੱਖ ਸੂਚਕ ਹੈ ਅਤੇ ਪੰਜਾਬ ਅਜਿਹੀਆਂ ਪ੍ਰਾਪਤੀਆਂ ਕਰਕੇ ਨਵੀਆਂ ਲੀਹਾਂ ਪਾ ਰਿਹਾ ਹੈ। ਐਮ.ਐਮ.ਆਰ. ਵਿੱਚ ਇਸ ਨਿਰੰਤਰ ਕਮੀ ਦੇ ਨਾਲ, ਅਸੀਂ 2030 ਤੱਕ 70 ਪ੍ਰਤੀ ਲੱਖ ਜੀਵੰਤ ਜਨਮ ਦੇ ਸਥਾਈ ਵਿਕਾਸ ਟੀਚੇ (ਐਸ.ਡੀ.ਜੀ.) ਦੇ ਟੀਚੇ ਨੂੰ ਪ੍ਰਾਪਤ ਕਰਨ ਦੇ ਰਾਹ 'ਤੇ ਹਾਂ। ਇਹ ਸਭ, ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਵਿੱਚ ਸੂਬੇ ਦੇ ਸਿਹਤ ਢਾਂਚੇ ਵਿੱਚ ਸੁਧਾਰ ਲਈ ਕੀਤੇ ਜਾ ਰਹੇ ਜ਼ਬਰਦਸਤ ਯਤਨਾਂ ਸਦਕਾ , ਸੰਭਵ ਹੋ ਸਕਿਆ ਹੈ। ਜੌੜਾਮਾਜਰਾ ਨੇ ਮਾਵਾਂ ਦੀਆਂ ਮੌਤਾਂ ਦੇ ਕਾਰਨਾਂ ਬਾਰੇ ਗੱਲ ਕਰਦੇ ਹੋਏ ਦੱਸਿਆ ਕਿ ਔਰਤਾਂ ਦੀ ਜਣਨ ਉਮਰ (18 ਤੋਂ 39 ਸਾਲ) ਦੌਰਾਨ ਮੌਤ ਦੇ ਕਈ ਕਾਰਨ ਹੁੰਦੇ ਹਨ, ਜਿਵੇਂ ਕਿ ਅਨੀਮੀਆ, ਜਣੇਪੇ ਤੋਂ ਬਾਅਦ ਖੂਨ ਵਗਣਾ, ਮਲਟੀਪਲ ਪ੍ਰੈਗਨੈਂਸੀਜ਼, ਬੱਚਿਆਂ ਦੇ ਜਨਮ ਵਿੱਚ ਸਮੇਂ ਦਾ ਘੱਟ ਫਾਸਲਾ ਅਤੇ ਮਾੜੇ ਪਰਿਵਾਰ ਨਿਯੋਜਨ ਢੰਗ ਆਦਿ। ਉਨ੍ਹਾਂ ਨੇ ਨਾਲ ਹੀ ਜੱਚਾ-ਬੱਚਾ ਦੀ ਦੇਖਭਾਲ ਦੇ ਖੇਤਰ ਵਿੱਚ ਸਿਹਤ ਸੁਧਾਰ ਦੇ ਵੱਖ-ਵੱਖ ਉਪਾਵਾਂ ਜਿਵੇਂ ਕਿ 34 ਸਮਰਪਿਤ ਜੱਚਾ ਅਤੇ ਬੱਚਾ ਹਸਪਤਾਲਾਂ ਦਾ ਸੰਚਾਲਨ, ਪੰਜਾਬ ਵਿੱਚ ਸੰਸਥਾਗਤ ਜਣੇਪੇ ਦੀ ਉੱਚ ਪ੍ਰਤੀਸ਼ਤਤਾ, ਅਨੀਮੀਆ ਮੁਕਤ ਭਾਰਤ (ਅਨੀਮੀਆ ਮੁਕਤ ਭਾਰਤ) , ਸੁਰੱਕਸ਼ਿਤ ਮਾਤ੍ਰਿਤਵਾ ਅਸ਼ਵਾਸਨ (ਸੁਮਨ), ਲੇਬਰ ਰੂਮ ਕੁਆਲਿਟੀ ਇੰਪਰੂਵਮੈਂਟ ਇਨੀਸ਼ੀਏਟਿਵ (ਲਕਸ਼ਯ), ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ (ਪੀਐਮਐਮਵੀਵਾਈ), ਜਨਨੀ ਸ਼ਿਸ਼ੂ ਸੁਰੱਖਿਆ ਕਾਰਯਕ੍ਰਮ (ਜੇਐਸਐਸਕੇ), ਜਨਨੀ ਸੁਰੱਖਿਆ ਯੋਜਨਾ (ਜੇਐਸਵਾਈ), ਪ੍ਰਧਾਨ ਮੰਤਰੀ ਸੁਰੱਖਿਆ ਮਾਤ੍ਰਿਵਾ ਮਾਤਪਮਾ (ਪੀਐਮਐਸਐਮਏ) ਨੂੰ ਸਫਲਤਾਪੂਰਵਕ ਲਾਗੂ ਕਰਨ ਲਈ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੀ ਸ਼ਲਾਘਾ ਕੀਤੀ। ਪੰਜਾਬ ਦੇ ਸਿਹਤ ਵਿਭਾਗ ਵੱਲੋਂ ਭਵਿੱਖ ਵਿੱਚ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਵਿਸਥਾਰ ਵਿੱਚ ਦੱਸਦਿਆਂ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਐਸ.ਡੀ.ਜੀ. ਟੀਚਿਆਂ ਅਨੁਸਾਰ ਮਾਵਾਂ ਦੀ ਮੌਤ ਦਰ ਨੂੰ ਹੋਰ ਘਟਾਉਣ ਲਈ ਸੁਹਿਰਦਤਾ ਨਾਲ ਯਤਨਸ਼ੀਲ ਰਹੇਗਾ। ਉਨ੍ਹਾਂ ਕਿਹਾ ਕਿ ਸੀਜ਼ੇਰੀਅਨ ਸੈਕਸ਼ਨ ਰਾਹੀਂ ਜਣੇਪੇ ਦੀ ਥਾਂ ਆਮ ਜਣੇਪੇ ਨੂੰ ਉਤਸ਼ਾਹਿਤ ਕਰਨ ਲਈ, ਪੰਜਾਬ ਇੱਕ ਨਵਾਂ ਕੇਡਰ ਵੀ ਲਿਆ ਰਿਹਾ ਹੈ - ਨਰਸ ਪ੍ਰੈਕਟੀਸ਼ਨਰ ਇਨ ਮਿਡਵਾਈਫਰੀ (ਐਨਪੀਐਮ)। ਇਸ ਦੇ ਲਈ ਪਟਿਆਲਾ ਦੇ ਮਾਤਾ ਕੌਸ਼ੱਲਿਆ ਸਕੂਲ ਆਫ ਨਰਸਿੰਗ ਵਿਖੇ ਨੈਸ਼ਨਲ ਮਿਡਵਾਈਫਰੀ ਟਰੇਨਿੰਗ ਇੰਸਟੀਚਿਊਟ (ਐਨ.ਐਮ.ਟੀ.ਆਈ.) ਸ਼ੁਰੂ ਕੀਤਾ ਗਿਆ ਹੈ, ਜਿੱਥੇ ਰਾਜ ਸਰਕਾਰ ਵੱਲੋਂ ਸੰਯੁਕਤ ਰਾਸ਼ਟਰ ਆਬਾਦੀ ਫੰਡ ਦੇ ਸਹਿਯੋਗ ਨਾਲ ਮਿਡਵਾਈਫਰੀ ਐਜੂਕੇਟਰਜ਼ ਦੇ ਪਹਿਲੇ ਬੈਚ ਨੂੰ ਪੜ੍ਹਾਉਣ ਲਈ ਨਿਊਜ਼ੀਲੈਂਡ, ਇੰਗਲੈਂਡ ਅਤੇ ਕੀਨੀਆ ਤੋਂ ਅੰਤਰਰਾਸ਼ਟਰੀ ਮਿਡਵਾਈਫਰੀ ਐਜੂਕੇਟਰ ਵੀ ਲਿਆਂਦੇ ਗਏ ਹਨ। ਇਸ ਮੰਤਵ ਲਈ ਚੁਣੇ ਗਏ 16 ਰਾਜਾਂ ਵਿੱਚੋਂ ਪੰਜਾਬ ਇਸ ਵੱਕਾਰੀ ਸੰਸਥਾ ਨੂੰ ਸ਼ੁਰੂ ਕਰਨ ਵਾਲਾ ਤੀਜਾ ਸੂਬਾ ਹੈ। ਇਸ ਤੋਂ ਇਲਾਵਾ, ਪੰਜਾਬ ਵਿਸਤ੍ਰਿਤ ਪ੍ਰਧਾਨ ਮੰਤਰੀ ਸੁਰੱਖਿਆ ਮਾਤਰਤਵ ਅਭਿਆਨ (ਪੀ.ਐਮ.ਐਸ.ਐਮ.ਏ.) ਨੂੰ ਸਫਲਤਾਪੂਰਵਕ ਲਾਗੂ ਕਰ ਰਿਹਾ ਹੈ, ਜਿਸ ਰਾਹੀਂ ਸਾਰੀਆਂ ਉੱਚ ਜੋਖਮ ਵਾਲੀਆਂ ਗਰਭਵਤੀ ਔਰਤਾਂ ਨੂੰ ਟਰੈਕ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਨੂੰ ਵਾਧੂ ਤਿੰਨ ਏ.ਐਨ.ਸੀ. ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਜੋ ਕਿ ਨਜ਼ਦੀਕੀ ਸਿਹਤ ਸੰਸਥਾ ਵਿਖੇ ਮੈਡੀਕਲ ਅਫਸਰ ਦੁਆਰਾ ਕੀਤੀਆਂ ਜਾਂਦੀਆਂ ਹਨ। ਗਰਭਵਤੀ ਔਰਤ ਨੂੰ ਟਰਾਂਸਪੋਰਟ ਸਹਾਇਤਾ ਵਜੋਂ ਪ੍ਰਤੀ ਵਿਜ਼ਟ 100 ਰੁਪਏ ਦਿੱਤੇ ਜਾਂਦੇ ਹਨ। ਸਿਹਤ ਮੰਤਰੀ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਘਰ ਵਿੱਚ ਜਣੇਪਾ ਜਾਂ ਗੈਰ-ਸਿਖਿਅਤ ਢੰਗ ਆਦਿ ਰਾਹੀਂ ਜਣੇਪੇ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਨ, ਅਸਲ ਵਿੱਚ ਉਨ੍ਹਾਂ ਨੂੰ ਸਰਕਾਰੀ ਸਿਹਤ ਸੰਸਥਾ ਦੀ ਚੋਣ ਕਰਨੀ ਚਾਹੀਦੀ ਹੈ ਜਿੱਥੇ ਉਨ੍ਹਾਂ ਨੂੰ ਮੁਫਤ ਜਣੇਪਾ ਸੇਵਾਵਾਂ, ਪੋਸ਼ਣ ਸਹਾਇਤਾ ਅਤੇ ਮੁਫਤ ਆਵਾਜਾਈ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

# ਡਾ. ਅੰਬੇਡਕਰ ਸਾਹਿਬ ਦੇ ਪ੍ਰੀ ਨਿਰਵਾਣ ਦਿਵਸ ਮੌਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣ : ਕਲਵਾਂ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)-**ਬਾਬਾ ਸਾਹਿਬ ਡਾ.ਬੀ ਆਰ ਅੰਬੇਡਕਰ ਦਾ 6 ਦਸੰਬਰ ਦਿਨ ਮੰਗਲਵਾਰ ਨੂੰ ਪ੍ਰੀ-ਨਿਰਵਾਨ ਦਿਵਸ ਹੈ। ਬਾਬਾ ਸਾਹਿਬ ਦਾ ਜੀਵਨ ਬਹੁਤ ਸੰਘਰਸ਼ ਭਰਿਆ ਤੇ ਬਹੁਤ ਦੁੱਖਦਾਈ ਰਿਹਾ,ਪਰ ਉਨ੍ਹਾਂ ਨੇ ਕਦੇ ਵੀ ਹਾਰ ਨਹੀਂ ਮੰਨੀ। ਅਨੇਕਾਂ ਤਰ੍ਹਾਂ ਦੇ ਭੇਦ ਭਾਵ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੇ ਪੜ੍ਹਾਈ ਲਗਾਤਾਰ ਜਾਰੀ ਰੱਖੀ। ਵਿਦੇਸ਼ਾਂ ਵਿਚ ਜਾ ਕੇ ਉੱਚ ਪੱਧਰ ਦੀ ਪੜ੍ਹਾਈ ਕੀਤੀ ਅਤੇ ਭਾਰਤੀ ਸੰਵਿਧਾਨ ਦਾ ਨਿਰਮਾਣ ਕੀਤਾ। ਅੱਜ ਸੰਵਿਧਾਨ ਕਰਕੇ ਹੀ ਭੇਦਭਾਵ ਖਤਮ ਹੋਇਆ ਅਤੇ ਸਭ ਨੂੰ ਬਰਾਬਰਤਾ ਦਾ ਅਧਿਕਾਰ ਮਿਲਿਆ । ਪਹਿਲਾਂ ਔਰਤਾਂ ਨੂੰ ਨਾਲ ਵੀ ਬਹੁਤ ਭੇਦਭਾਵ ਹੁੰਦਾ ਸੀ ਅਤੇ ਔਰਤ ਨੂੰ ਬਹੁਤ ਨੀਚ ਸਮਝਿਆ ਜਾਂਦਾ ਸੀ। ਸੰਵਿਧਾਨ ਦੀ ਬਦੌਲਤ ਅੱਜ ਧੀਆਂ ਪੰਜਾਬ ਪੁਲਿਸ, ਵਕੀਲ,ਟੀਚਰ, ਐਸ ਡੀ ਐਮ, ਡਾਕਟਰ ਅਤੇ ਜੱਜ ਹਨ। ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਤੱਕ ਜਿੰਨੀਆਂ ਵੀ ਸਰਕਾਰਾਂ ਬਣੀਆਂ ਸਭ ਨੇ ਬਾਬਾ ਸਾਹਿਬ ਅੰਬੇਡਕਰ ਦਾ ਨਾਂਅ ਵਰਤਿਆ ਪਰ ਸਰਕਾਰਾਂ ਬਣਨ ਤੋਂ ਬਾਅਦ ਗਰੀਬਾਂ ਦੀ ਕੋਈ ਸਾਰ ਨਹੀਂ ਲੈਂਦਾ। ਛੇ ਤਰੀਕ ਦਿਨ ਮੰਗਲਵਾਰ ਨੂੰ ਹਰੇਕ ਪਿੰਡ ਅਤੇ ਸ਼ਹਿਰ ਵਿਚ ਬਾਬਾ ਸਾਹਿਬ ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਨੂੰ ਪ੍ਰੀ ਨਿਰਵਾਣ ਮੌਕੇ ਯਾਦ ਕੀਤਾ ਜਾਵੇ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਡਾ. ਬੀ ਆਰ ਅੰਬੇਡਕਰ ਸੋਸ਼ਲ ਵੈਲਫੇਅਰ ਕਲੱਬ ਰਜਿ ਕਲਵਾਂ ਦੇ ਪ੍ਰਧਾਨ ਸਸੀ ਸਿੰਘ ਕਲਵਾਂ ਅਤੇ ਉੱਘੇ ਨੌਜਵਾਨ ਆਗੂ ਸੰਦੀਪ ਸਿੰਘ ਕਲਵਾਂ ਸਾਂਝੇ ਬਿਆਨ ਵਿੱਚ ਕੀਤਾ। ਉਨ੍ਹਾਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਡਾ. ਅੰਬੇਡਕਰ ਦੇ ਨਾਂਅ 'ਤੇ ਜਿੰਨੇ ਵੀ ਕਲੱਬ ਰਜਿਸਟਰ ਹਨ ਉਨ੍ਹਾਂ ਨੂੰ ਗ੍ਰਾਂਟਾਂ ਵੀ ਦਿਤੀਆਂ ਜਾਣ। ਇਸ ਮੌਕੇ ਮਨਪ੍ਰੀਤ ਸਿੰਘ ਕਲਵਾਂ(ਯੂਥ ਆਗੂ), ਡਾ. ਰਾਮ ਸਿੰਘ ਨਲਹੋਟੀ,ਦਵਿੰਦਰ ਕੁਮਾਰ ਕਲਵਾਂ (ਸੀਨੀਅਰ ਆਗੂ), ਉਂਕਾਰ ਸਿੰਘ, ਪਰਮਜੀਤ ਸਿੰਘ ਪੰਮਾ, ਬਾਬਾ ਸਮਸ਼ੇਰ ਖਾਲਸਾ, ਬਾਬਾ ਸੰਜੀਵ ਖਾਲਸਾ, ਕਰਨਦੀਪ ਸਿੰਘ, ਨਰਿੰਦਰ ਸਿੰਘ, ਜਤਿੰਦਰ ਕੁਮਾਰ ਝੱਜ, ਓਮ ਪ੍ਰਕਾਸ ਸੈਨੀਮਾਜਰਾ, ਰਾਮ ਨਿਰੰਜਣ ਸਿੰਘ,ਮੱਖਣ ਸਿੰਘ ਭਗਰਾਂ, ਰਾਜਵੀਰ ਭਗਰਾਂ, ਸੁਖਰਾਜ, ਬਲਵਿੰਦਰ ਕੁਮਾਰ ਕਲਵਾਂ ਆਦਿ ਹਾਜਰ ਸਨ।

# ਨਿਗਮ ਚੋਣਾਂ ਨੂੰ ਲੈ ਕੇ ਆਪ ਦੀ ਸਰਕਟ ਹਾਊਸ 'ਚ ਮੀਟਿੰਗ



**ਜਲੰਧਰ :** ਅੱਜ ਆਮ ਆਦਮੀ ਪਾਰਟੀ ਪੰਜਾਬ ਦੀ ਸੂਬਾ ਸਕੱਤਰ ਰਾਜਵਿੰਦਰ ਕੌਰ ਥਿਆੜਾ ਦੀ ਅਗਵਾਈ ਹੇਠ ਆਗਾਮੀ ਨਿਗਮ ਚੋਣਾਂ ਦੀਆਂ ਤਿਆਰੀਆਂ ਨੂੰ ਲੈ ਕੇ ਸਰਕਟ ਹਾਊਸ ਵਿਖੇ ਮੀਟਿੰਗ ਕੀਤੀ ਗਈ, ਜਿਸ ਵਿਚ ਜਲੰਧਰ ਦੇ ਲੋਕ ਸਭਾ ਇੰਚਾਰਜ ਮੰਗਲ ਸਿੰਘ ਬਾਸੀ. , ਵਿਧਾਇਕ ਰਮਨ ਅਰੋੜਾ ਜਲੰਧਰ ਸੈਂਟਰਲ, ਵਿਧਾਇਕ ਸੀਤਲ ਅੰਗੁਰਾਲ ਜਲੰਧਰ ਵੈਸਟ, ਓਲੰਪੀਅਨ ਸੁਰਿੰਦਰ ਸਿੰਘ ਸੋਢੀ ਪੰਜਾਬ ਸਪੋਰਟਸ ਵਿੰਗ ਮੁਖੀ, ਦਿਨੇਸ਼ ਢੱਲ ਹਲਕਾ ਇੰਚਾਰਜ ਉੱਤਰੀ ਜਲੰਧਰ, ਪ੍ਰਿੰਸੀਪਲ ਪ੍ਰੇਮ ਕੁਮਾਰ ਲਾਈਟ ਇੰਚਾਰਜ ਫਿਲੌਰ, ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ, ਜ਼ਿਲ੍ਹਾ ਪ੍ਰਧਾਨ ਸ. ਅੰਮ੍ਰਿਤਪਾਲ ਸਿੰਘ, ਜ਼ਿਲ੍ਹਾ ਸਕੱਤਰ ਸੁਭਾਸ ਸ਼ਰਮਾ ਸ਼ਾਮਲ ਹਨ।

# ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਭਾਰਤ ਵੱਲੋਂ 'ਚੇਤ ਰਾਮ ਰਤਨ' ਪੰਜਾਬ ਪ੍ਰਧਾਨ ਨਿਯੁਕਤ



**ਬਹਿਰਾਮ (ਅਵਤਾਰ ਕਲੇਰ)** ਆਲ ਇੰਡੀਆ ਹਿਊਮਨ ਰਾਇਟਸ ਕੌਂਸਲ ਭਾਰਤ ਦੀ ਇੱਕ ਵਿਸ਼ੇਸ਼ ਮੀਟਿੰਗ ਗੁਰਦੀਪ ਸਿੰਘ ਮਦਨ ਕੌਮੀ ਪ੍ਰਧਾਨ ਕ੍ਰਾਈਮ ਵਿੰਗ ਦੀ ਪ੍ਰਧਾਨਗੀ ਹੇਠ ਹੋਈ। ਕੌਂਸਲ ਦੇ ਕੌਮੀ ਪ੍ਰਧਾਨ ਆਸਾਂ ਸਿੰਘ ਤਲਵੰਡੀ ਬਤੌਰ ਮੁੱਖ ਮਹਿਮਾਨ ਨੇ ਨਵਾਂਸ਼ਹਿਰ ਦੇ ਸੀਨੀਅਰ ਕੌਂਸਲਰ ਪੱਤਰਕਾਰ ਚੇਤ ਰਾਮ ਰਤਨ ਦੀਆਂ ਲੋਕ ਪੱਖੀ ਸੇਵਾਵਾਂ ਨੂੰ ਦੇਖਦਿਆਂ ਹੋਇਆਂ ਉਨ੍ਹਾਂ ਨੂੰ ਪੰਜਾਬ ਪ੍ਰਧਾਨ ਨਿਯੁਕਤ ਕੀਤਾ। ਉਨ੍ਹਾਂ ਕਿਹਾ ਕਿ ਏ ਪੀ ਮੋਰੀਆ ਨੂੰ ਪੰਜਾਬ ਪ੍ਰਧਾਨ ਤੋਂ ਪੱਦ- ਉਨਤ ਕਰਕੇ ਕੌਮੀ ਸੀਨੀਅਰ ਮੀਤ ਪ੍ਰਧਾਨ ਲਾਇਆ ਗਿਆ ਹੈ। ਗੁਰਦੀਪ ਸਿੰਘ ਮਦਨ ਕੌਮੀ ਪ੍ਰਧਾਨ ਕ੍ਰਾਈਮ ਵਿੰਗ ਨੇ ਧੰਨਵਾਦ ਕੀਤਾ। ਚੇਤ ਰਾਮ ਰਤਨ ਨੇ ਕਿਹਾ ਕਿ ਕੌਂਸਲ ਦੀ ਚੜ੍ਹਦੀ ਕਲਾ ਲਈ ਸਰਗਰਮੀ ਨਾਲ ਕੰਮ ਕਰਨਗੇ। ਜ਼ਿਲ੍ਹਾ ਸ਼ਹੀਦ ਭਗਤ ਨਗਰ ਮਨਜਿੰਦਰ ਸਿੰਘ ਬੰਗਾ ਨੂੰ ਬੁਲਾਰਾ ਪੰਜਾਬ , ਬੰਗਾ ਸਾਬਕਾ ਕੌਂਸਲ ਪ੍ਰਧਾਨ ਮੈਡਮ ਜਤਿੰਦਰ ਕੌਰ ਮੂੰਗਾ ਕੌਂਸਲਰ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਪ੍ਰਧਾਨ, ਸਮਾਜ ਸੇਵਕ ਗੁਲਸ਼ਨ ਕੁਮਾਰ ਬੰਗਾ ਨੂੰ ਬਲਾਕ ਬੰਗਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਨਵ ਨਿਯੁਕਤ ਕੌਮੀ ਸੀਨੀਅਰ ਮੀਤ ਪ੍ਰਧਾਨ ਏ ਪੀ ਮੋਰੀਆ, ਮੈਡਮ ਪਵਨਜੀਤ ਕੌਰ ਪ੍ਰਧਾਨ ਮਹਿਲਾ ਵਿੰਗ ਪੰਜਾਬ, ਜਸਵੀਰ ਕੌਰ ਚੇਅਰਪਰਸਨ ਮਹਿਲਾ ਵਿੰਗ ਪੰਜਾਬ, ਬਹਾਦਰ ਸਿੰਘ ਸੀਨੀਅਰ ਵਾਈਸ ਚੇਅਰਮੈਨ ਐਂਟੀ ਕ੍ਰਾਈਮ ਵਿੰਗ ਪੰਜਾਬ, ਬਾਬਾ ਦਰਸ਼ਨ ਸਿੰਘ, ਜਰਨੈਲ ਸਿੰਘ ਭੱਟੀ ਕੌਮੀ ਮੀਡੀਆ ਇੰਚਾਰਜ, ਬਾਬਾ ਰਾਜ ਕੁਮਾਰ ਐਡਵਾਈਜਰ ਫਤਿਹਗੜ੍ਹ ਸਾਹਿਬ, ਹਰਸਦੀਪ ਸਿੰਘ ਆਦਿ ਹਾਜਰ ਸਨ।

# ਕਿਸਾਨਾਂ-ਮਜਦੂਰਾਂ ਵੱਲੋਂ ਸ਼ੰਘਰਸ਼ ਤੇਜ਼ ਕਰਨ ਲਈ ਟੋਲ ਪਲਾਜਿਆਂ 'ਤੇ ਲਾਏ ਜਾਣਗੇ ਧਰਨੇ



**ਹੁਸ਼ਿਆਰਪੁਰ (ਉ.ਪੀ.ਰਾਣਾ)-**ਕਿਸਾਨ ਮਜਦੂਰ ਸ਼ੰਘਰਸ਼ ਕਮੇਟੀ ਪੰਜਾਬ ਵਲੋਂ ਡੀ.ਸੀ.ਦਫਤਰ ਸਾਹਮਣੇ ਦਿੱਤਾ ਜਾ ਰਿਹਾ ਰੋਸ ਧਰਨਾ 10ਵੇਂ ਦਿਨ ਵੀ ਜਾਰੀ ਰਿਹਾ।ਕਿਸਾਨਾਂ ਮਜਦੂਰਾਂ ਨੇ ਕਾਰਪੋਟ ਘਰਾਣਿਆਂ ਦਾ ਪੁਤਲਾ ਫੂਕਿਆ ਅਤੇ ਕੇਂਦਰ ਤੇ ਪੰਜਾਬ ਸਰਕਾਰ ਖਿਲਾਫ ਜੋਰਦਾਰ ਨਾਅਰੇਬਾਜੀ ਕੀਤੀ। ਉਨਾਂ ਵਲੋਂ ਭਾਜਪਾ ਆਗੂ ਤੀਕਸ਼ਨ ਸੂਦ ਨੂੰ ਮੰਗ ਪੱਤਰ ਵੀ ਦਿੱਤਾ। ਜਥੇਬੰਦੀ ਦੇ ਸੀਨੀ.ਮੀਤ ਪ੍ਰਧਾਨ ਸਵਿੰਦਰ ਸਿੰਘ ਚੁਤਾਲਾਂ, ਜ਼ਿਲ੍ਹਾ ਪ੍ਰਧਾਨ ਪ੍ਰਮਜੀਤ ਸਿੰਘ ਭੁੱਲਾ,ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਬੇਗੋਵਾਲ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੀ ਪਹਿਲੀਆਂ ਸਰਕਾਰਾਂ ਦੇ ਰਾਹ ਤੁਰ ਪਈ ਹੈ। ਪੰਜਾਬ ਦੇ ਡੀ.ਸੀ.ਦਫਤਰਾਂ ਅੱਗੇ ਧਰਨੇ ਤੇ ਬੈਠਿਆਂ ਕਿਸਾਨਾਂ ਮਜਦੂਰਾਂ ਨੂੰ 10 ਦਿਨ ਬੀਤ ਚੁੱਕੇ ਹਨ ਪਰ ਸਰਕਾਰ ਕੋਈ ਸੁਣਵਾਈ ਨਹੀਂ ਕਰ ਰਹੀ। ਉਨਾਂ ਦੱਸਿਆ ਕਿ ਕਿਸਾਨਾਂ ਮਜਦੂਰਾਂ ਵਲੋਂ ਆਪਣੇ ਸ਼ੰਘਰਸ਼ ਨੂੰ ਤੇਜ ਕਰਨ ਲਈ ਵੱਖ ਵੱਖ ਪੜਾਅ ਉਲੀਕੇ ਗਏ ਹਨ। ਜਿਸ ਵਿੱਚ 7 ਦਸੰਬਰ ਨੂੰ ਡੀ.ਸੀ.ਦਫਤਰ ਦੇ ਦੋਵੇਂ ਗੇਟ 12 ਤੋਂ 4 ਵਜੇ ਤੱਕ ਪੂਰੀ ਤਰਾਂ ਬੰਦ ਕੀਤੇ ਜਾਣਗੇ,12 ਦਸੰਬਰ ਪੰਜਾਬ ਕੈਬਨਿਟ ਦੇ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਦਾ ਘਿਰਾਉ ਕੀਤਾ ਜਾਵੇਗਾ,15 ਦਸੰਬਰ ਤੋਂ 15 ਫਰਵਰੀ ਤੱਕ ਪੰਜਾਬ ਦੇ ਸਾਰੇ ਟੋਲ ਪਲਾਜਿਆਂ 'ਤੇ ਧਰਨੇ ਲਾ ਕੇ ਟੋਲ ਫ੍ਰੀ ਕੀਤੇ ਜਾਣਗੇ ਅਤੇ ਟੋਲ ਪਲਾਜਿਆਂ ਤੇ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਤਨਖਾਹਾਂ ਵੀ ਦਿਵਾਈਆਂ ਜਾਣਗੀਆਂ।

ਉਨਾਂ ਕਿਹਾ ਦਿੱਲੀ ਅੰਦੋਲਨ ਨੂੰ ਖਤਮ ਹੋਏ ਇੱਕ ਸਾਲ ਬੀਤ ਚੁੱਕਾ ਹੈ ਪਰ ਕੇਂਦਰ ਸਰਕਾਰ ਨੇ ਉਨਾਂ ਦੀਆਂ ਮੰਗਾਂ ਮੰਨ ਕੇ ਵੀ ਲਾਗੂ ਨਹੀਂ ਕੀਤੀਆਂ। ਉਨਾਂ ਕਿਹਾ ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਸਖਤ ਸਜਾਵਾਂ ਦਿੱਤੀਆਂ ਜਾਣ। ਦਿੱਲੀ ਅੰਦੋਲਨ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਪੰਜ ਪੰਜ ਲੱਖ ਮੁਆਵਜਾ ਅਤੇ ਦਰਜ ਕੀਤੇ ਝੂਠੇ ਪਰਚੇ ਰੱਦ ਕੀਤੇ ਜਾਣ,ਪਰਿਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਇਸ ਮੌਕੇ ਜੋਨ ਪ੍ਰਧਾਨ ਜਗਦੀਪ ਸਿੰਘ ਜੱਗੀ ਗਿੱਲ,ਗੁਰਵਿੰਦਰ ਸਿੰਘ ਜੀਵੀ,ਕਾਲੂ ਮਾਝਾ,ਗੁਰਬਖਸ਼ ਸਿੰਘ,ਅਮਨਦੀਪ ਕੌਰ, ਦੀਪਕ, ਮਨਿੰਦਰ ਕੌਰ, ਕਰਮਜੀਤ ਕੌਰ,ਡਿੰਪਲ, ਮਨਜੀਤ ਕੌਰ, ਨਵਨੀਤ ਕੌਰ,ਜਸਵਿੰਦਰ ਕੌਰ, ਕਸ਼ਮੀਰ ਸਿੰਘ ਰਾਣਾ,ਮਨਮੋਹਣ ਸਿੰਘ,ਕਿਸ਼ਨ ਸਿੰਘ,ਸਰੂਪ ਸਿੰਘ,ਸਰਵਣ ਸਿੰਘ,ਨਿਸ਼ਾਨ ਸਿੰਘ, ਲਖਵਿੰਦਰ ਸਿੰਘ, ਰਣਜੀਤ ਕੌਰ,ਕਮਲਜੀਤ ਕੌਰ ਹਾਜਰ ਸਨ।

# ਇਬਾਨ ਸ਼ਰਮਾ ਨੇ ਜੂਡੋ ਕਰਾਟੇ ਚੈਂਪੀਅਨਸ਼ਿਪ 'ਚ ਗੋਲਡ ਤੇ ਅਨਮੋਲ ਸਹਿਜਪਾਲ ਨੇ ਬਰਾਸ ਮੈਡਲ ਜਿੱਤਿਆ




**ਬਿਲਗਾ (ਵਿਜੇ ਕੁਮਾਰ)-** ਨਗਰ ਬਿਲਗਾ ਦੇ ਨਜਦੀਕੀ ਪਿੰਡ ਤਲਵਣ ਦੇ ਇਬਾਨ ਸ਼ਰਮਾ ਨੇ ਨੋਇਡਾ ਵਿੱਚ ਹੋਈ ਆਲ ਇੰਡੀਆ ਓਪਨ ਜੂਡੋ ਕਰਾਟੇ ਚੈਂਪੀਅਨਸ਼ਿਪ ਵਿੱਚ ਕੈਬਰਿਜ਼ ਓਵਰਸੀਜ ਇੰਟਰਨੈਸ਼ਨਲ ਸਕੂਲ ਫਿਲੌਰ ਵੱਲੋਂ ਹਿੱਸਾ ਲੈ ਕੇ ਤੇ ਗੋਲਡ ਮੈਡਲ ਜਿੱਤ ਕੇ ਸਕੂਲ , ਪਿੰਡ ਅਤੇ ਇਲਾਕੇ ਦਾ ਨਾਂਅ ਰੋਸ਼ਨ ਕੀਤਾ। ਇਸੇ ਹੀ ਪਿੰਡ ਦੇ ਅਨਮੋਲ ਸਹਿਜਪਾਲ ਨੇ ਬਰਾਸ ਮੈਡਲ ਜਿੱਤਿਆ। ਉਨ੍ਹਾਂ ਦਾ ਸਕੂਲ ਵਾਪਸ ਪੁੱਜਣ 'ਤੇ ਢੋਲ ਢਮੱਕਿਆਂ ਨਾਲ ਸ਼ਾਨਦਾਰ ਸਵਾਗਤ ਕੀਤਾ ਗਿਆ। ਪ੍ਰਿੰਸੀਪਲ ਮਮਤਾ ਬਖਸ਼ੀ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੇ 20 ਵਿਦਿਆਰਥੀਆਂ ਨੇ ਇਸ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ ਜਿਨਾ ਵਿਚੋਂ 2 ਵਿਦਿਆਰਥੀਆਂ ਨੇ ਗੋਲਡ ਮੈਡਲ , 8 ਵਿਦਿਆਰਥੀਆਂ ਨੇ ਸਿਲਵਰ ਮੈਡਲ ਅਤੇ 10 ਵਿਦਿਆਰਥੀਆਂ ਨੇ ਬਰਾਸ ਮੈਡਲ ਜਿੱਤ ਕੇ ਸਕੂਲ ਅਤੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕੀਤਾ। ਇਸ ਮੌਕੇ ਤੇ ਗੋਲਡ ਮੈਡਲ ਜਿੱਤਣ ਵਾਲੇ ਵਿਦਿਆਰਥੀ ਇਬਾਨ ਸ਼ਰਮਾਂ ਪਿੰਡ ਤਲਵਣ ਅਤੇ ਅਨਮੋਲ ਸਹਿਜਪਾਲ ਪਿੰਡ ਤਲਵਣ ਵੱਲੋਂ ਬਰਾਸ ਮੈਡਲ ਜਿੱਤਣ 'ਤੇ ਉਨ੍ਹਾਂ ਦੇ ਮਾਤਾ ਪਿਤਾ ਤੇ ਪਿੰਡ ਵਾਸੀਆਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਜਦੋਂ ਤੱਕ ਇਹ ਵਿਦਿਆਰਥੀ ਇਸ ਸਕੂਲ ਵਿੱਚ ਪੜਦੇ ਰਹਿਣਗੇ ਇਨ੍ਹਾਂ ਵਿਦਿਆਰਥੀਆ ਨੂੰ ਸਕੂਲ ਫੀਸ ਵਿੱਚ 50% ਦੀ ਛੋਟ ਦਿੱਤੀ ਜਾਵੇਗੀ। ਪਿੰਡ ਵੱਲੋਂ ਸਕੂਲ ਦੀ ਪ੍ਰਿੰਸੀਪਲ ਮੈਡਮ ਨੂੰ ਪਿੰਡ ਦੇ ਸਰਪੰਚ ਬਲਵਿੰਦਰ ਸਿੰਘ ਹੁੰਦਲ ਅਤੇ ਜੇਤੂ ਵਿਦਿਆਰਥੀਆ ਦੇ ਦਾਦਾ ਨਰਿੰਦਰ ਕੁਮਾਰ ਸਹਿਜਪਾਲ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਆਸਟਰੇਲੀਆ ਤੋਂ ਜਗਮੋਹਨ ਸ਼ਰਮਾ ਅਤੇ ਨਵਜੋਤ ਕੌਰ ਨੇ ਬੱਚਿਆਂ ਦੀ ਜਿੱਤ ਤੇ ਪਰਿਵਾਰ ਨੂੰ ਵਧਾਈ ਦਿੰਦੇ ਹੋਏ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ 'ਤੇ ਵਿਸ਼ੇਸ਼ ਤੌਰ ਤੇ ਪ੍ਰਸਿੱਧ ਗਇਕ ਤਰਸੇਮ ਜੰਡੂ, ਸਕੂਲ ਦੇ ਵਿਦਿਆਰਥੀ, ਸਕੂਲ ਦਾ ਸਮੂਹ ਸਟਾਫ ਰਜਿੰਦਰ ਸਿੰਘ,ਤੇਜਿੰਦਰ ਸਿੰਘ ਬਾਈ, ਮੇਜ਼ਰ ਸਿੰਘ ਜੌਹਲ,ਦਵਿੰਦਰ ਸਿੰਘ ਖਾਲਸਾ, ਬੂਟਾ ਸਿੰਘ, ਜਰਨੈਲ ਸਿੰਘ,ਅਮਰਜੀਤ ਸਿੰਘ,ਅਮਰੀਕ ਸਿੰਘ, ਰਣਜੀਤ ਸਿੰਘ, ਸੋਨੂੰ ਜੁਲਕਾ ਅਤੇ ਹੋਰ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ ।

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਜਥੇ ਸੋਢੀ ਦੀ ਅਗਵਾਈ 'ਚ ਖਾਲਸਾ ਵਹੀਰ ਦਾ ਨਿੱਘਾ ਸਵਾਗਤ



**ਸੁਲਤਾਨਪੁਰ ਲੋਧੀ , (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ )-**ਵਾਰਿਸ ਪੰਜਾਬ ਦੇ ਜੱਥੇਬੰਦੀ ਦੇ ਪ੍ਰਧਾਨ ਤੇ ਨੌਜਵਾਨ ਸਿੱਖ ਆਗੂ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ 'ਚ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਅਰੰਭ ਕੀਤੇ ਗਏ 'ਖਾਲਸਾ ਵਹੀਰ' ਦਾ ਪਵਿੱਤਰ ਧਰਤੀ ਸੁਲਤਾਨਪੁਰ ਲੋਧੀ ਵਿਖੇ ਪਹੁੰਚਣ 'ਤੇ ਪੁੱਡਾ ਕਾਲੋਨੀ ਮੂਹਰੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਹਲਕਾ ਸੁਲਤਾਨਪੁਰ ਲੋਧੀ ਦੇ ਇੰਚਾਰਜ ਤੇ ਯੂਥ ਵਿੰਗ ਦੇ ਜਿਲ੍ਹਾ ਕਪੂਰਥਲਾ ਦੇ ਪ੍ਰਧਾਨ ਜਥੇ. ਮੁਖਤਿਆਰ ਸਿੰਘ ਸੋਢੀ ਦੀ ਅਗਵਾਈ 'ਚ ਵੱਡੀ ਗਿਣਤੀ 'ਚ ਸੰਗਤਾਂ ਤੇ ਨੌਜਵਾਨਾਂ ਵੱਲੋਂ ਨਿੱਘਾ ਸਵਾਗਤ ਜੈਕਾਰੇ ਲਗਾ ਕੇ ਕੀਤਾ ਗਿਆ ਤੇ ਇਸ ਸਮੇਂ ਜਥੇ ਸੋਢੀ ਡਡਵਿੰਡੀ ਨੇ ਭਾਈ ਅੰਮ੍ਰਿਤਪਾਲ ਸਿੰਘ ਤੇ ਹੋਰ ਸ਼ਾਮਲ ਸਿੰਘਾਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ।

ਸਵਾਗਤ ਕਰਨ ਉਪਰੰਤ ਜਥੇ ਸੋਢੀ ਨੇ ਕਿਹਾ ਕਿ ਖਾਲਸਾ ਵਹੀਰ ਦਾ ਸਿੱਖ ਸੰਗਤਾਂ ਵੱਲੋਂ ਬੜੇ ਉਤਸ਼ਾਹ ਨਾਲ ਸਵਾਗਤ ਹੋ ਰਿਹਾ ਹੈ । ਉਨ੍ਹਾਂ ਕਿਹਾ ਕਿ ਇਸ ਦੌਰਾਨ ਵੱਡੀ ਗਿਣਤੀ 'ਚ ਨੌਜਵਾਨ ਨਸ਼ੇ ਛੱਡ ਰਹੇ ਹਨ ਤੇ ਦਾੜੀ ਕੇਸ ਰੱਖ ਕੇ ਅੰਮ੍ਰਿਤ ਛੱਕ ਕੇ ਸਿੰਘ ਸੱਜ ਰਹੇ ਹਨ । ਉਨ੍ਹਾਂ ਦੱਸਿਆ ਕਿ ਇਹ ਲਹਿਰ ਬਹੁਤ ਵੱਡੀ ਬਣਕੇ ਫੈਲ ਚੁੱਕੀ ਹੈ । ਉਨ੍ਹਾਂ ਕਿਹਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਵੱਲੋਂ ਹਮੇਸ਼ਾਂ ਹੀ ਪੰਥਕ ਮੁੱਦਿਆਂ, ਸੂਬੇ ਦੇ ਹੱਕਾਂ ਅਤੇ ਵੱਖ ਵੱਖ ਸਮਿਆਂ ਦੀਆਂ ਹਕੂਮਤਾਂ ਵੱਲੋਂ ਕੀਤੇ ਗਏ ਸਿੱਖੀ ਦੇ ਘਾਣ ਸਬੰਧੀ ਸਪੱਸ਼ਟਤਾ ਨਾਲ ਅਵਾਜ ਬੁਲੰਦ ਕੀਤੀ ਜਾਂਦੀ ਰਹੀ ਹੈ ਅਤੇ ਨੌਜਵਾਨ ਗੁਰਸਿੱਖ ਆਗੂ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਵੀ ਸਿੱਖੀ ਦੇ ਪ੍ਰਚਾਰ ਤੇ ਪਸਾਰ ਲਈ ਯਤਨ, ਨੌਜਵਾਨਾਂ ਨੂੰ ਪਤਿਤਪੁਣੇ ਤੋਂ ਹਟਾ ਕੇ ਗੁਰ ਘਰ ਨਾਲ ਜੋੜਨ ਲਈ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋਗ ਹਨ। ਇਸ ਸਮੇਂ ਉਨ੍ਹਾਂ ਨਾਲ ਅਮ੍ਰਿਤ ਸਿੰਘ ,ਮਨਜਿੰਦਰ ਸਿੰਘ ਮੰਨਾ , ਗੁਰਪ੍ਰੀਤ ਸਿੰਘ , ਰਣਜੀਤ ਸਿੰਘ , ਲਵਪ੍ਰੀਤ ਸਿੰਘ ,ਸੰਤੋਖ ਸਿੰਘ , ਰਾਜਨਬੀਰ ਸਿੰਘ ,ਹਰਮਨਬੀਰ ਸਿੰਘ , ਹਰਜਿੰਦਰ ਸਿੰਘ , ਹਰਜੀਤ ਸਿੰਘ , ਪਲਵਿੰਦਰ ਸਿੰਘ , ਬਲਦੇਵ ਸਿੰਘ , ਗੁਰਪ੍ਰੀਤ ਸਿੰਘ ,ਕਰਨਪ੍ਰੀਤ ਸਿੰਘ , ਮਹਿੰਦਰ ਕੌਰ, ਜਸਵੀਰ ਕੌਰ , ਰਾਮ ਸਿੰਘ , ਅਮਨਦੀਪ ਸਿੰਘ , ਸੁਖਵਿੰਦਰ ਸਿੰਘ ਤੇ ਹੋਰਨਾਂ ਸ਼ਿਰਕਤ ਕੀਤੀ ।

# ਜਲੰਧਰ ਸ਼ਹਿਰ ਦੀ ਜਲ ਸਪਲਾਈ ਤੇ ਸੀਵਰੇਜ 'ਤੇ ਸਰਕਾਰ ਖਰਚ ਕਰੇਗੀ ਤਕਰੀਬਨ 7.29 ਕਰੋੜ : ਡਾ. ਨਿੱਜਰ

**ਚੰਡੀਗੜ੍ਹ, (ਗੁਰਜੀਤ ਬਿੱਲਾ)-** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹਈਆ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।

ਜਿਸ ਕਾਰਨ ਪੂਰੇ ਪੰਜਾਬ ਭਰ ਵਿਚ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਇਸ ਦਿਸ਼ਾ ਵਿਚ ਇਕ ਕਦਮ ਅੱਗੇ ਲਿਜਾਂਦਿਆਂ ਹੋਏ ਸਥਾਨਕ ਸਰਕਾਰਾਂ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਲੰਧਰ ਸਹਿਰ ਵਿਖੇ ਜਲ ਸਪਲਾਈ, ਸੀਵਰੇਜ ਵਿਵਸਥਾ ਵਿਚ ਸੁਧਾਰ ਕਰਨ ਅਤੇ ਹੋਰ ਵਿਕਾਸ ਕਾਰਜਾਂ 'ਤੇ ਤਕਰੀਬਨ 7.29 ਕਰੋੜ ਰੁਪਏ ਖਰਚਣ ਦਾ ਫੈਸਲਾ ਲਿਆ ਗਿਆ ਹੈ। ਜਲੰਧਰ ਵਿਖੇ ਜਲ ਸਪਲਾਈ ਵਿਵਸਥਾ ਨੂੰ ਬਿਹੱਤਰ ਬਣਾਉਣ ਲਈ ਡੀ ਆਈ ਕੇ-7 ਜਲ ਸਪਲਾਈ ਲਾਈਨ ਪ੍ਰਦਾਨ/ਵਿਛਾਉਣ ਦਾ ਕੰਮ ਕੀਤਾ ਜਾਵੇਗਾ ਅਤੇ ਨਾਲ ਹੀ ਸਲੂਇਸ ਵਾਲਵ ਹੌਂਡੀਜ ਦਾ ਨਿਰਮਾਣ, ਘਰ ਦੇ ਕੁਨੈਕਸ਼ਨ ਸਮੇਤ ਫਾਇਰ ਹਾਈਡ੍ਰੈਂਟਸ ਅਤੇ ਇਸ ਨਾਲ ਸਬੰਧਤ ਹੋਰ ਕੰਮ ਕੀਤੇ ਜਾਣਗੇ, ਜਿਸ 'ਤੇ ਅੰਦਾਜਨ 6.34 ਕਰੋੜ ਰੁਪਏ ਖਰਚ ਕੀਤੇ ਜਾਣਗੇ। ਫਿਲੌਰ ਵਿਖੇ ਵਾਰਡ ਨੰਬਰ 8 ਅਤੇ 9 ਵਿਖੇ ਵਾਟਰ ਸਪਲਾਈ ਦੀ ਜੀ.ਆਈ ਪਾਈਪ ਲਾਈਨ ਅਤੇ ਸੀਵਰੇਜ ਲਾਈਨ ਵਿਛਾਉਣ 'ਤੇ ਲਗਭਗ 26.93 ਲੱਖ ਰੁਪਏ ਖਰਚ ਕੀਤੇ ਜਾਣਗੇ। ਨਿੱਜਰ ਨੇ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਜਲੰਧਰ ਸ਼ਹਿਰ ਵਿਖੇ ਵੱਖ- ਵੱਖ ਪਾਰਕਾਂ ਦਾ ਵਿਕਾਸ ਕੀਤਾ ਜਾਵੇਗਾ ਅਤੇ ਨਾਲ ਹੀ ਨਗਰ ਸੁਧਾਰ ਟਰੱਸਟ ਜਲੰਧਰ ਵੱਲੋਂ ਨਗਰ ਸੁਧਾਰ ਟਰੱਸਟ ਦੇ ਕੰਮਾਂ ਅਤੇ ਸਹਿਰ ਦੀ ਸਾਫ ਸਫਾਈ ਦੇ ਕੰਮਾਂ ਨੂੰ ਨਿਰਵਿਘਨ ਚਲਾਉਣ ਲਈ ਵੱਖ-ਵੱਖ ਅਸਾਮੀਆਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ, ਜਿਹਨਾਂ 'ਤੇ ਤਕਰੀਬਨ 68.29 ਲੱਖ ਰੁਪਏ ਖਰਚ ਕੀਤੇ ਜਾਣਗੇ।

6-DEC-PAGE- 9.qxd 12/5/2022 10:17 PM Page 1



# 20ਵਾਂ ਰਾਜ ਪੱਧਰੀ ਟੂਰਨਾਮੈਂਟ 9 ਫਰਵਰੀ ਤੋਂ ਕਰਵਾਉਣ ਦਾ ਫੈਸਲਾ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਓਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਗੜ੍ਹਸ਼ੰਕਰ ਵਲੋਂ 20ਵਾਂ ਰਾਜ ਪੱਧਰੀ ਓਲੰਪੀਅਨ ਜਰਨੈਲ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਕਰਵਾਉਣ ਦੀ ਤਿਆਰੀ ਸਬੰਧੀ ਸੇਵਾ-ਮੁਕਤ ਪ੍ਰਿੰਸੀਪਲ ਰਾਜਵਿੰਦਰ ਸਿੰਘ ਬੈਂਸ ਸੀਨੀਅਰ ਵਾਈਸ ਪ੍ਰਧਾਨ ਦੀ ਪ੍ਰਧਾਨਗੀ ਹੇਠ ਇਥੇ ਖਾਲਸਾ ਕਾਲਜ ਦੇ ਫੁੱਟਬਾਲ ਸਟੇਡੀਅਮ 'ਚ ਭਰਵੀਂ ਮੀਟਿੰਗ ਕੀਤੀ ਗਈ। ਕਮੇਟੀ ਦੇ ਕਾਰਜਕਾਰੀ ਪ੍ਰਧਾਨ ਡਾ. ਹਰਵਿੰਦਰ ਸਿੰਘ ਬਾਠ ਅਤੇ ਜਨਰਲ ਸਕੱਤਰ ਬਲਵੀਰ ਸਿੰਘ ਬੈਂਸ ਨੇ ਮੀਟਿੰਗ ਦੇ ਫੈਸਲਿਆਂਦੀ ਜਾਣਕਾਰੀ ਦਿੰਦਿਆ ਦੱਸਿਆ ਕਿ ਕੋਵਿਡ-19 ਦੇ ਚਲਦਿਆਂ ਸਾਲ 2021 ਅਤੇ 2022 ਵਿਚ ਟੂਰਨਾਮੈਂਟ ਨਹੀਂ ਕਰਵਾਇਆ ਜਾ ਸਕਿਆ ਤੇ ਹੁਣ 20ਵਾਂ ਰਾਜ ਪੱਧਰੀ ਫੁੱਟਬਾਲ ਟੂਰਨਾਮੈਂਟ ਅਗਲੇ ਸਾਲ 2023 ਵਿਚ 9 ਫਰਵਰੀ ਤੋਂ 13 ਫਰਵਰੀ ਤੱਕ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਫੁੱਟਬਾਲ ਟੀਮ ਦੇ ਕੋਚ ਹਰਦੀਪ ਸਿੰਘ ਗਿੱਲ ਨੂੰ ਸਕੱਤਰ ਖੇਡਾਂ ਅਤੇ ਮੈਂਬਰ ਤਰਲੋਚਨ ਸਿੰਘ ਗੋਲੀਆਂ ਨੂੰ ਸੰਯੁਕਤ ਸਕੱਤਰ ਖੇਡਾਂ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਟੂਰਨਾਮੈਂਟ ਵਿਚ ਕਲੱਬ, ਕਾਲਜ ਤੇ ਪਿੰਡ ਪੱਧਰੀ ਮੁਕਾਬਲੇ ਹੋਣਗੇ ਤੇ ਪਿੰਡ ਪੱਧਰੀ ਟੀਮਾਂ ਦੀ ਚੋਣ ਕੁਆਲੀਫਾਈ ਰਾਊਂਡ ਰਾਹੀਂ ਕੀਤੀ ਜਾਵੇਗੀ ਤੇ ਪੇਂਡੂ ਕੈਟਾਗਿਰੀ ਵਿਚ ਕੇਵਲ ਇਕ ਪਿੰਡ ਦੇ ਖਿਡਾਰੀ ਹੀ ਟੀਮ ਵਿਚ ਹਿੱਸਾ ਲੈ ਸਕਣਗੇ। ਮੀਟਿੰਗ ਵਿਚ ਉਚੇਚੇ ਤੌਰ 'ਤੇ ਸ਼ਾਮਿਲ ਹੋਏ ਪ੍ਰਵਾਸੀ ਭਾਰਤੀ ਸਰਬਜੀਤ ਸਿੰਘ ਸੱਬਾ ਨੇ ਟੂਰਨਾਮੈਂਟ ਕਮੇਟੀ ਵਲੋਂ ਖੇਡ ਕਾਰਜਾਂ ਲਈ ਕੀਤੇ ਜਾ ਰਹੇ ਯਤਨਾਂ ਦੀ ਪ੍ਰਸ਼ੰਸਾ ਕੀਤੀ ਤੇ ਟੂਰਨਾਮੈਂਟ ਕਮੇਟੀ ਨੂੰ ਖੇਡਾਂ ਦੇ ਪਸਾਰ ਲਈ ਹਰ ਟੂਰਨਾਮੈਂਟ 'ਤੇ ਇਕ ਲੱਖ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ। ਇਸ ਮੌਕੇ ਕਮੇਟੀ ਵਲੋਂ ਸਰਬਜੀਤ ਸਿੰਘ ਸੱਬਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਮੀਟਿੰਗ ਦੌਰਾਨ ਟੂਰਨਾਮੈਂਟ ਕਮੇਟੀ ਦੇ ਸੀਨੀਅਰ ਮੈਂਬਰ ਤੇ ਓਲੰਪੀਅਨ ਜਰਨੈਲ ਸਿੰਘ ਪਨਾਮ ਦੇ ਜਵਾਈ ਬਲਰਾਜ ਸਿੰਘ ਤੂਰ ਦੇ ਨੌਜਵਾਨ ਪੁੱਤਰ ਦੀ ਆਸਟ੍ਰੇਲੀਆ ਵਿਚ ਹਾਰਟ ਅਟੈਕ ਨਾਲ ਮੌਤ ਹੋ ਜਾਣ 'ਤੇ ਪਰਿਵਾਰ ਨਾਲ ਦੁੱਖ ਪ੍ਰਗਟ ਕਰਦੇ ਹੋਏ ਸ਼ੋਕ ਮਤਾ ਪਾਸ ਕੀਤਾ ਗਿਆ। ਮੀਟਿੰਗ ਦੌਰਾਨ ਪ੍ਰਿੰਸੀਪਲ ਰਾਜਵਿੰਦਰ ਸਿੰਘ ਬੈਂਸ, ਡਾ. ਹਰਵਿੰਦਰ ਸਿੰਘ ਬਾਠ ਤੋਂ ਇਲਾਵਾ ਪ੍ਰਿੰਸੀਪਲ ਡਾ. ਬਲਜੀਤ ਸਿੰਘ, ਯੋਗ ਰਾਜ ਗੰਭੀਰ, ਰਣਜੀਤ ਸਿੰਘ ਖੱਖ, ਮਨਜੀਤ ਸਿੰਘ ਭੁੱਲਰ, ਅਮਨਦੀਪ ਸਿੰਘ ਬੈਂਸ, ਰੋਸ਼ਨਜੀਤ ਸਿੰਘ ਪਨਾਮ, ਕਸ਼ਮੀਰ ਸਿੰਘ ਭੱਜਲ, ਸ਼ਲਿੰਦਰ ਸਿੰਘ ਰਾਣਾ, ਅਸ਼ੋਕ ਪ੍ਰਾਸ਼ਰ ਹਰਦੀਪ ਸਿੰਘ ਗਿੱਲ, ਤਰਲੋਚਨ ਸਿੰਘ ਗੋਲੀਆਂ, ਨਰਿੰਦਰ ਸਿੰਘ ਮਾਨ, ਹਰਦੀਪ ਸਿੰਘ ਮਾਨ ਤੇ ਬਿਕਰਮਜੀਤ ਸਿੰਘ ਆਦਿ ਹਾਜ਼ਰ ਹੋਏ।

# ਓਲੰਪੀਆ ਕੰਬੈਟ ਦੇ ਇੰਗਲਿਸ਼ ਵਿਸ਼ੇ 'ਚ ਪ੍ਰਾਪਤ ਕੀਤਾ ਸਟੇਟ ਚੈਂਪੀਅਨ ਐਵਾਰਡ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਚੰਡੀਗੜ੍ਹ ਯੂਨੀਵਰਸਿਟੀ ਵਿੱਖੇ ਹੋਏ ਫੈਪ ਨੈਸ਼ਨਲ ਐਵਾਰਡ ਸਮਾਰੋਹ ਵਿੱਚ ਪਿਪਸ ਦੇ ਦਸਵੀਂ ਜਮਾਤ ਦੇ ਵਿਦਿਆਰਥੀ ਨਮਨ ਕਪੂਰ ਨੂੰ ਇੰਗਲਿਸ਼ ਓਲਿੰਪਿਆ ਕੰਬੈਟ 2022 ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਸਟੇਟ ਚੈਂਪੀਅਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਨੁਰਾਧਾ ਧੀਮਾਨ ਨੂੰ ਗੋਲਡਨ ਪ੍ਰਿੰਸੀਪਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਅਤੇ ਇੰਗਲਿਸ਼ ਅਧਿਆਪਿਕਾ ਸ੍ਰੀਮਤੀ ਮਨਦੀਪ ਕੌਰ ਨੂੰ ਇਸਪਾਇਰਿੰਗ ਅਧਿਆਪਕ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਵਿਕਾਸ ਕੁਮਾਰ ਅਤੇ ਸ੍ਰੀਮਤੀ ਰਜਨੀ ਗਰਗ ਨੂੰ ਸਰਵੋਤਮ ਅਧਿਆਪਕ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਦੇ ਪ੍ਰਧਾਨ ਗੁਰਦੇਵ ਸਿੰਘ ਅਟਵਾਲ ਅਤੇ ਡਾਇਰੈਕਟਰ ਮੈਡਮ ਸ਼ਿੰਦਰਪਾਲ ਕੌਰ ਅਟਵਾਲ ਵੱਲੋ ਅਵਾਰਡ ਪ੍ਰਾਪਤ ਵਿਦਿਆਰਥੀ ਨੂੰ ਵਧਾਈ ਸੰਦੇਸ਼ ਭੇਜਿਆ ਗਿਆ।

# ਸੀ ਟੀ ਦੇ ਵਿਦਿਆਰਥੀਆਂ ਨੇ ਸੰਗੀਤ 'ਚ ਜਿੱਤੀ ਓਵਰ ਆਲ ਟਰਾਫੀ

## 5 ਗੋਲਡ, 3 ਸਿਲਵਰ ਤੇ 3 ਕਾਂਸੀ ਤਗਮੇ ਹਾਸਲ



**ਜਲੰਧਰ, (ਸ਼ੈਲੀ ਐਲਬਰਟ)**- ਸੀਟੀ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਵੱਡੀ ਉਪਲੱਬਦੀ ਪ੍ਰਾਪਤ ਕੀਤੀ ਹੈ, ਵਿਦਿਆਰਥੀਆਂ ਨੇ ਆਈ.ਕੇ.ਜੀ.- ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਇੰਟਰ ਜੋਨਲ ਯੂਥ ਫੈਸਟੀਵਲ 'ਚ 5 ਗੋਲਡ ਮੈਡਲ, 3 ਸਿਲਵਰ ਮੈਡਲ ਅਤੇ 3 ਕਾਂਸੀ ਦੇ ਤਗਮੇ ਪ੍ਰਾਪਤ ਕੀਤੇ ਹਨ। ਸਟੂਡੈਂਟ ਵੈਲਫੇਅਰ ਵਿਭਾਗ ਦੇ ਡਿਪਟੀ ਡਾਇਰੈਕਟਰ ਨਿਤਿਨ ਅਰੋੜਾ ਦੀ ਅਗਵਾਈ ਹੇਠ ਵਿਦਿਆਰਥੀਆਂ ਨੇ ਦਿਨ-ਰਾਤ ਅਭਿਆਸ ਕੀਤਾ ਅਤੇ ਸੀਟੀ ਦਾ ਨਾਂਅ ਰੋਸ਼ਨ ਕੀਤਾ।

ਵਿਦਿਆਰਥੀ ਆਈ ਕੇ ਜੀ ਪੀਟੀਯੂ ਇੰਟਰ ਜੋਨਲ ਯੂਥ ਫੈਸਟੀਵਲ 2022 ਵਿੱਚ ਸੋਲੋ ਇੰਸਟਰੂਮੈਂਟਲ (ਤਬਲਾ), ਗਰੁੱਪ ਸ਼ਬਦ, ਗਰੁੱਪ ਗੀਤ ਵਿੱਚ ਸੋਨ ਤਗਮੇ ਜਿੱਤਣ ਵਿੱਚ ਕਾਮਯਾਬ ਰਹੇ। ਵਾਰ ਗਾਇਨ, ਸਮੂਹ ਗੀਤ (ਪੱਛਮੀ), ਸੋਲੋ ਗਜਲ, ਸੋਲੋ ਫੋਕ, ਸੋਲੋ ਕਲਾਸੀਕਲ ਵਿੱਚ ਚਾਂਦੀ ਤਗਮੇ ਜਿੱਤੇ ਅਤੇ ਮਾਈਮ, ਸਕਿੱਟ ਅਤੇ ਇੱਕ ਐਕਟ ਪਲੇ ਵਿੱਚ ਕਾਂਸੀ ਦੇ ਤਗਮੇ ਜਿੱਤੇ। ਇਹ ਹੀ ਨਹੀਂ ਵਿਦਿਆਰਥੀਆਂ ਨੇ ਸੰਗੀਤ ਵਿੱਚ ਓਵਰਆਲ ਟ੍ਰਾਫ਼ੀ ਅਤੇ 5 ਗੋਲਡ ਮੈਡਲ, 3 ਸਿਲਵਰ ਮੈਡਲ ਅਤੇ 3 ਕਾਂਸੀ ਦੇ ਤਗਮੇ ਆਪਣੇ ਨਾਂਅ ਕੀਤੇ । ਸੀਟੀ ਮਿਊਜੀਕਲ ਸੋਸਾਇਟੀ ਦੇ ਵਿਦਿਆਰਥੀਆਂ ਮਯੰਕ, ਸੌਰਵ, ਰੋਹਿਤ ਨੇ ਚਾਂਦੀ ਦੇ ਤਗਮੇ ਜਿੱਤੇ। ਭਾਗ ਲੈਣ ਵਾਲੀ ਵਿਦਿਆਰਥਣ ਤਨੂ ਨੇ ਕਿਹਾ ਉਹਨਾਂ ਲਈ ਸਿੱਖਣ ਦਾ ਸ਼ਾਨਦਾਰ ਅਨੁਭਵ ਰਿਹਾ ਹੈ। ਇਹ ਤਜਰਬਾ ਉਹਨਾਂ ਦੀ ਜ਼ਿੰਦਗੀ 'ਚ ਉਹਨਾਂ ਨੂੰ ਹਮੇਸ਼ਾ ਯਾਦ ਰਹੇਗਾ। ਸਚਿਨ ਨੇ ਸੋਲੋ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਅਤੇ ਕਿਹਾ ਕਿ ਗਾਣਾ ਅਤੇ ਸਾਜ ਵਜਾਉਣਾ ਹਮੇਸ਼ਾ ਉਸਦਾ ਜਨੂੰਨ ਰਿਹਾ ਹੈ ਅਤੇ ਅਜਿਹਾ ਮੌਕਾ ਦੇਣ ਲਈ ਉਸ ਨੇ ਆਪਣੇ ਕਾਲਜ ਦਾ ਵੀ ਧੰਨਵਾਦ ਕੀਤਾ।

ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਅਤੇ ਵਾਈਸ ਚੇਅਰਮੈਨ ਹਰਪੀਤ ਸਿੰਘ ਨੇ ਜੇਤੂਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਭਵਿੱਖ 'ਚ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ।

# ਧਾਲੀਵਾਲ ਨੇ ਢੱਕ ਪੰਡੋਰੀ ਵਿਖੇ ਪਹਿਲੇ ਕਬੱਡੀ ਟੂਰਨਾਮੈਂਟ ਦਾ ਕਰਵਾਇਆ ਸ਼ੁੱਭ ਆਰੰਭ



**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ)**- ਐਨ.ਆਰ.ਆਈ. ਵੀਰਾਂ, ਗ੍ਰਾਮ ਪੰਚਾਇਤ ਪਿੰਡ ਢੱਕ ਪੰਡੋਰੀ ਪੰਡੋਰੀ, ਫਤਿਹਗੜ੍ਹ ਦੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਰਕਾਰੀ ਹਾਈ ਸਕੂਲ ਪਿੰਡ ਢੱਕ ਪੰਡੋਰੀ ਵਿਖੇ ਕਰਵਾਏ ਜਾ ਰਹੇ ਪਹਿਲੇ ਕਬੱਡੀ ਟੂਰਨਾਮੈਂਟ ਦਾ ਉਦਘਾਟਨ ਹਲਕਾ ਵਿਧਾਇਕ ਅਤੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਬਲਵਿੰਦਰ ਸਿੰਘ ਧਾਲੀਵਾਲ ਵਲੋਂ ਰਿਬਨ ਕੱਟ ਕੇ ਕੀਤਾ ਗਿਆ। ਇਸ ਦੌਰਾਨ ਉਹਨਾਂ ਪ੍ਰਬੰਧਕਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸਿਹਤ ਦੀ ਤੰਦਰੁਸਤੀ ਲਈ ਖੇਡਾਂ ਦਾ ਖਾਸ ਮਹੱਤਵ ਹੈ। ਨੌਜਵਾਨਾਂ ਨੂੰ ਵੱਧ-ਚੜ੍ਹ ਕੇ ਖੇਡਾਂ ਵਿਚ ਹਿੱਸਾ ਲੈਣਾ ਚਾਹੀਦਾ ਹੈ। ਇਸ ਦੌਰਾਨ ਉਹਨਾਂ ਖਿਡਾਰੀਆਂ ਨਾਲ ਜਾਣ-ਪਛਾਣ ਕੀਤੀ ਅਤੇ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਆ। ਵਧੇਰੇ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਟੂਰਨਾਮੈਂਟ ਦੌਰਾਨ ਆਲ ਓਪਨ ਦੀਆਂ 8 ਟੀਮਾਂ, 65 ਕਿਲੋਗ੍ਰਾਮ ਭਾਰ ਵਰਗ ਦੀਆਂ 8 ਟੀਮਾਂ ਜਦਕਿ 55 ਕਿਲੋਗ੍ਰਾਮ ਭਾਰ ਵਰਗ ਦੀਆਂ 4 ਟੀਮਾਂ ਭਾਗ ਲੈਣਗੀਆਂ। ਆਲ ਓਪਨ ਦੀ ਜੇਤੂ ਟੀਮ ਨੂੰ 51 ਹਜਾਰ ਰੁਪਏ, 65 ਕਿਲੋਗ੍ਰਾਮ ਭਾਰ ਵਰਗ ਦੀ ਜੇਤੂ ਟੀਮ ਨੂੰ 11 ਹਜਾਰ ਰੁਪਏ ਅਤੇ 55 ਕਿਲੋਗ੍ਰਾਮ ਭਾਰ ਵਰਗ ਦੀ ਜੇਤੂ ਟੀਮ ਨੂੰ 5100 ਰੁਪਏ ਨਗਦ ਇਨਾਮ ਦਿੱਤਾ ਜਾਵੇਗਾ। ਉਹਨਾਂ ਦੱਸਿਆ ਕਿ ਟੂਰਨਾਮੈਂਟ ਦੀ ਸਮਾਪਤੀ ਮੌਕੇ ਪੜ੍ਹਾਈ ਵਿਚ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿਚ ਕਬੱਡੀ ਪ੍ਰੇਮੀ ਅਤੇ ਪਤਵੰਤੇ ਹਾਜਰ ਸਨ।

# ਔਰਤ ਨਸ਼ੀਲੇ ਪਦਾਰਥ ਤੇ ਮਰਦ ਨਜਾਇਜ਼ ਸ਼ਰਾਬ ਨਾਲ ਗ੍ਰਿਫਤਾਰ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ ,ਉਂਕਾਰ ਸਿੰਘ )** - ਟਾਂਡਾ ਪੁਲਸ ਨੇ ਇਕ ਔਰਤ ਨੂੰ ਨਸ਼ੀਲੇ ਪਦਾਰਥ ਅਤੇ ਇੱਕ ਵਿਅਕਤੀ ਨੂੰ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਔਰਤ ਅਮਰਜੀਤ ਪਤਨੀ ਸਰਬਜੀਤ ਵਾਸੀ ਵਾਰਡ ਨੰਬਰ 14 ਨੂੰ 272 ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਐਫ ਡੀ ਪੀ ਐਸ ਐਕਟ ਦੀ ਧਾਰਾ ਅਧੀਨ ਮਾਮਲਾ ਦਰਜ ਕਰ ਲਿਆ ਹੈ। ਇਸੇ ਤਰ੍ਹਾਂ ਹੀ ਟਾਂਡਾ ਪੁਲਸ ਨੇ ਇਕ ਹੋਰ ਮਾਮਲੇ ਵਿੱਚ ਇੱਕ ਵਿਅਕਤੀ ਨੂੰ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕੀਤਾ ਹੈ। ਪੁਲਸ ਦੀ ਗ੍ਰਿਫਤ ਵਿੱਚ ਆਏ ਵਿਅਕਤੀ ਦੀ ਪਹਿਚਾਣ ਬਲਜਿੰਦਰ ਸਿੰਘ ਉਰਫ ਕਾਲੀ ਪੁੱਤਰ ਬਲਬੀਰ ਵਾਸੀ ਪਿੰਡ ਅਬਦੁਲਾਪੁਰ ਵਜੋਂ ਹੋਈ ਹੈ ਅਤੇ ਉਸ ਕੋਲੋਂ ਟਾਂਡਾ ਪੁਲਸ 13,500 ਮਿ.ਲੀ ਨਾਜਾਇਜ ਸ਼ਰਾਬ ਬਰਾਮਦ ਕਰਕੇ ਐਕਸਾਇਜ ਐਕਟ ਅਧੀਨ ਮਾਮਲਾ ਦਰਜ ਕਰ ਲਿਆ ਹੈ ਉਕਤ ਵਿਅਕਤੀ ਨੂੰ ਟਾਂਡਾ ਪੁਲਸ ਦੇ ਏਐਸਆਈ ਗੁਰਮੀਤ ਸਿੰਘ ਦੀ ਪੁਲਸ ਟੀਮ ਵੱਲੋਂ ਮਿਆਣੀ ਨਜਦੀਕ ਗ੍ਰਿਫਤਾਰ ਕੀਤਾ ਗਿਆ ਹੈ।

# ਮਜ਼ਦੂਰਾਂ 'ਤੇ ਲਾਠੀਚਾਰਜ ਕਰਕੇ ਆਪ ਸਰਕਾਰ ਨੇ ਬੇਗਾਨਿਆਂ ਵਾਲਾ ਵਰਤਾਉ ਕੀਤਾ : ਐਡਵੋਕੇਟ ਮਾਨਾ



**ਹੁਸ਼ਿਆਰਪੁਰ (ਉ.ਪੀ.ਰਾਣਾ)**- ਪੰਜਾਬ ਦੀ ਆਮ ਲੋਕਾਂ ਦੀ ਸਰਕਾਰ ਕਹਾਉਣ ਵਾਲੀ ਆਪ ਸਰਕਾਰ ਨੇ ਆਪਣੀਆਂ ਮੰਗਾਂ ਦੇ ਹੱਕ ਲਈ ਮੁੱਖ ਮੰਤਰੀ ਪੰਜਾਬ ਦੇ ਘਰ ਸਾਹਮਣੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਮਜਦੂਰਾਂ 'ਤੇ ਅੰਨਾ ਤਸ਼ੱਦਦ ਅਤੇ ਲਾਠੀਚਾਰਜ ਕਰਕੇ ਬੇਗਾਨਿਆਂ ਵਾਲਾ ਵਰਤਾਉ ਕੀਤਾ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਬਸਪਾ ਹਲਕਾ ਚੱਬੇਵਾਲ ਦੇ ਪ੍ਰਧਾਨ ਐਡਵੋਕੇਟ ਪਲਵਿੰਦਰ ਕੁਮਾਰ ਲਾਡੀ ਮਾਨਾ ਨੇ ਕਿਹਾ ਕਿ ਕਿਸਾਨਾਂ ਮਜਦੂਰਾਂ ਦੀ ਹਿਤੈਸ਼ੀ ਕਹਾਉਣ ਵਾਲੀ ਅਤੇ ਕਿਸਾਨਾਂ ਮਜਦੂਰਾਂ ਦੀਆਂ ਧੋਖੇ ਨਾਲ ਵੋਟਾਂ ਵਟੋਰ ਕੇ ਬਣੀ ਸਰਕਾਰ ਹੁਣ ਇਨਾਂ ਦੀ ਹੀ ਦੁਸ਼ਮਣ ਬਣ ਗਈ ਹੈ। ਬਸਪਾ ਆਗੂਆਂ ਨੇ ਕਿਹਾ ਅੱਜ ਪੂਰੇ ਪੰਜਾਬ ਵਿੱਚ ਕਿਸਾਨ ਮਜਦੂਰ ਸੜਕਾਂ ਤੇ ਧਰਨੇ ਲਾ ਕੇ ਬੈਠੇ ਹਨ ਅਤੇ ਸਰਕਾਰ ਝੂਠ ਬੋਲਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਉਨਾਂ ਕਿਹਾ ਕੇਂਦਰ ਅਤੇ ਪੰਜਾਬ ਸਰਕਾਰ ਮਹਿੰਗਾਈ,ਬੇਰੁਜਗਾਰੀ ਨੂੰ ਕੰਟਰੋਲ ਕਰਨ ਵਿੱਚ ਬੁਰੀ ਤਰਾਂ ਅਸਫਲ ਸਾਬਿਤ ਹੋਈ ਹੈ। ਬਸਪਾ ਆਗੂ ਹਲਕਾ ਚੱਬੇਵਾਲ ਦੀ ਟੀਮ ਨੇ ਐਡਵੋਕੇਟ ਮਾਨਾ ਦੀ ਅਗਵਾਈ ਹੇਠ 6 ਦਸੰਬਰ ਨੂੰ ਤਲਵੰਡੀ ਸਾਬੋ ਵਿਖੇ ਬਸਪਾ ਦੇ ਸੂਬਾ ਪੱਧਰੀ ਸਮਾਗਮ ਵਿੱਚ ਪਹੁੰਚਣ ਤੇ ਸਫਲ ਬਣਾਉਣ ਲਈ ਵਰਕਰਾਂ ਅਤੇ ਪੰਜਾਬ ਵਾਸੀਆਂ ਨੂੰ ਪਿੰਡ ਪਿੰਡ ਜਾ ਕੇ ਜਾਗਰੂਕ ਕੀਤਾ। ਇਸ ਮੌਕੇ ਡਾ.ਰਮੇਸ਼ ਬਾੜੀਆਂ,ਪ੍ਰੇਮ ਸਿੰਘ ਖਾਲਸਾ,ਮਾਸਟਰ ਜੈਰਾਮ,ਮਲਕੀਤ ਸਿੰਘ,ਬਲਵੰਤ ਸਿੰਘ,ਚਰਨਜੀਤ ਬਾਹੋਵਾਲ,ਰਾਮ ਸਰੂਪ ਬਿਲਾਸਪੁਰ,ਰਜੇਸ਼ ਭੂੰਨੋਂ ਵੀ ਹਾਜਰ ਸਨ।

# ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਬਰਸੀ ਮੁਲਤਵੀ

**ਜਲੰਧਰ (ਬਾਲੀ)**-ਸੀਪੀਆਈ ( ਐਮ ) ਦੇ ਪੰਜਾਬ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਇਥੋਂ ਜਾਰੀ ਕੀਤੇ ਗਏ ਲਿਖਤੀ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੱਤੀ ਹੈ ਕਿ ਕਾਮਰੇਡ ਹਰਕਿਸਨ ਸਿੰਘ ਸੁਰਜੀਤ ਦੀ 14ਵੀਂ ਬਰਸੀ ਜੋ 7 ਦਸੰਬਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਬੰਡਾਲਾ ਵਿਖੇ ਮਨਾਈ ਜਾ ਰਹੀ ਸੀ , ਕੁਝ ਨਾ ਟਾਲੇ ਜਾਣ ਵਾਲੇ ਕਾਰਨਾਂ ਕਰਕੇ ਮੁਲਤਵੀ ਕਰ ਦਿੱਤੀ ਗਈ ਹੈ । ਬਰਸੀ ਦੀ ਅਗਲੀ ਮਿਤੀ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ ।

# ਭੱਟੀ ਨੇ ਪੀ ਡਬਲਯੂ ਡੀ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** -ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ ਵਲੋਂ ਆਪਣੇ ਦਫਤਰ ਵਿਖੇ ਪੀ ਡਬਲਯੂ ਡੀ ਦੇ ਐਕਸੀਅਨ ਸਰਵਰਾਜ ਸਿੰਘ, ਜੇ.ਈ ਯੁੱਧਵੀਰ ਸਿੰਘ ਅਤੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਭੱਟੀ ਨੇ ਦੱਸਿਆ ਕਿ ਹਲਕੇ ਦੇ ਪਿੰਡਾਂ ਦੀਆਂ ਨਵੀਆਂ ਬਣਨ ਵਾਲੀਆਂ ਸੜਕਾਂ, ਪੁਰਾਣੀਆਂ ਸੜਕਾਂ ਨੂੰ ਚੌੜਾ ਕਰਨ ਅਤੇ ਪੁਰਾਣੀਆਂ ਸੜਕਾਂ ਦੀ ਰਿਪੇਅਰ ਸਬੰਧੀ ਪ੍ਰਪੋਜਲ ਤਿਆਰ ਕੀਤੀ ਗਈ। ਹਲਕੇ ਵਿੱਚ ਕਾਫੀ ਸੜਕਾਂ ਦੀ ਰਿਪੇਅਰ ਦਾ ਕੰਮ ਚੱਲ ਰਿਹਾ ਹੈ ਤੇ ਅਧੂਰੀਆਂ ਪਈਆਂ ਸੜਕਾਂ ਦੇ ਨਿਰਮਾਣ ਦਾ ਕੰਮ ਵੀ ਜਲਦੀ ਪੂਰਾ ਕਰ ਦਿੱਤਾ ਜਾਵੇਗਾ।

# ਦਲਿਤਾਂ ਦੀ ਮੁਕਤੀ ਦਾ ਇੱਕੋ-ਇਕ ਰਾਹ ਹੈ ਸੰਘਰਸ਼ : ਸੁਭਾਸ਼ਿਨੀ ਅਲੀ



**ਬਹਿਰਾਮ (ਅਵਤਾਰ ਕਲੇਰ)**- ਬੇਗੂਸਰਾਏ (ਬਿਹਾਰ) ਦਲਿਤ ਸੋਸ਼ਣ ਮੁਕਤੀ ਮੰਚ ਦੇ ਤੀਸਰੇ ਰਾਸ਼ਟਰੀ ਸੰਮੇਲਨ ਨੂੰ ਸੰਬੋਧਨ ਕਰਦਿਆਂ ਮੰਚ ਦੀ ਕੌਮੀ ਮੀਤ ਪ੍ਰਧਾਨ ਸੁਭਾਸ਼ਿਨੀ ਅਲੀ ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਦਲਿਤਾਂ ਦੀ ਮੁਕਤੀ ਦਾ ਇੱਕੋ ਰਾਹ ਸੰਘਰਸ਼ ਹੈ। ਉਨ੍ਹਾਂ ਕਿਹਾ ਕਿ ਸਦੀਆਂ ਤੋਂ ਹੀ ਦਲਿਤਾਂ ਨਾਲ ਜਾਤੀ ਵਿਤਕਰਾ ਹੁੰਦਾ ਆ ਰਿਹਾ ਹੈ। ਆਜਾਦ ਭਾਰਤ ਵਿਚ ਵੀ ਸੰਵਿਧਾਨਕ ਤੌਰ ਤੇ ਦਿੱਤੀਆਂ ਗਈਆਂ ਸੇਵਾਵਾਂ ਵੀ ਜਗੀਰਦਾਰ, ਸਰਮਾਏਦਾਰ ਤੇ ਮਨੂਵਾਦੀ ਸੋਚ ਰੱਖਣ ਵਾਲੇ ਲੋਕਾਂ ਨੇ ਦਲਿਤਾਂ ਨੂੰ ਲੈਣ ਨਹੀਂ ਦਿੱਤੀਆਂ। ਅੱਜ ਵੀ ਦੇਸ਼ ਅੰਦਰ ਲੱਖਾਂ ਭੈਣਾਂ ਤੇ ਘੱਟ ਉਮਰ ਦੀਆਂ ਬੱਚੀਆਂ ਨਾਲ ਛੇੜਛਾੜ ਤੇ ਬਲਾਤਕਾਰ ਹੋ ਰਹੇ ਹਨ। ਇਹ ਮਨੂਵਾਦੀ ਸੋਚ ਦਾ ਸਿੱਟਾ ਹੈ। ਇਸ ਲਈ ਦਲਿਤਾਂ ਲਈ ਮੁਕਤੀ ਦਾ ਰਾਹ ਸੰਘਰਸ਼ ਤੋਂ ਬਿਨਾਂ ਜਾਤੀ, ਧਾਰਮਿਕ ਤੇ ਆਰਥਿਕ ਵਿਤਕਰੇ ਨੂੰ ਦੂਰ ਨਹੀਂ ਕੀਤਾ ਜਾ ਸਕਦਾ। ਦਲਿਤ ਸੋਸ਼ਣ ਮੁਕਤੀ ਮੰਚ ਦੇ ਜਨਰਲ ਸਕੱਤਰ ਸਾਥੀ ਰਾਮਾ ਕ੍ਰਿਸ਼ਨਨ ਡੋਮ ਨੇ 34 ਸਾਥੀਆਂ ਵਲੋਂ ਕੀਤੀ ਬਹਿਸ ਦਾ ਜਵਾਬ ਕਿਹਾ ਕਿ ਸਾਨੂੰ ਦੇਸ਼ ਅੰਦਰ ਦਲਿਤ ਭਾਈਚਾਰੇ ਨੂੰ ਇਕੱਠਾ ਕਰਨ ਤੇ ਉਨ੍ਹਾਂ ਦੀ ਰਾਜਨੀਤਕ ਚੇਤਨਤਾ ਨੂੰ ਉਚਿਆਉਣ ਦੀ ਸਖਤ ਲੋੜ ਹੈ। ਰਿਪੋਰਟ ਸਰਵਸੰਮਤੀ ਨਾਲ ਪਾਸ ਹੋ ਗਈ। ਇਸ ਰਾਸ਼ਟਰੀ ਸੰਮੇਲਨ ਨੂੰ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਬੀ ਵੈਂਕਟ ਨੇ ਭਰਾਤਰੀ ਸੰਦੇਸ਼ ਦਿੰਦਿਆਂ ਕਿਹਾ ਕਿ ਗਰੀਬ ਲੋਕਾਂ ਦੀ ਮੁਕਤੀ ਲਈ ਸਾਂਝੇ ਤੇ ਤਿੱਖੇ ਸੰਘਰਸ਼ ਕਰਨੇ ਪੈਣਗੇ। ਉਨ੍ਹਾਂ ਨੇ ਕਿਹਾ ਕਿ ਪਿਛਲੇ ਦਿਨੀਂ ਦਿੱਲੀ ਵਿਖੇ ਹੋਈ 5 ਜਥੇਬੰਦੀਆਂ ਦੀ ਸਾਂਝੀ ਕਨਵੈਨਸ਼ਨ ਨੇ ਫੈਸਲਾ ਕੀਤਾ ਹੈ ਕਿ ਜਨਵਰੀ ਵਿੱਚ ਸਾਂਝੀਆਂ ਸੂਬਾਈ ਕਨਵੈਨਸ਼ਨਾਂ ਤੇ ਫਰਵਰੀ ਵਿੱਚ ਰਾਜਧਾਨੀਆਂ 'ਤੇ ਮੁਜਾਹਰੇ ਅਤੇ 5 ਅਪ੍ਰੈਲ 2023 ਨੂੰ ਪਾਰਲੀਮੈਂਟ ਦੇ ਬਜਟ ਸੈਸਨ ਸਮੇਂ 10 ਲੱਖ ਕਿਸਾਨਾਂ ਮਜਦੂਰਾਂ ਦੀ ਵਿਸ਼ਾਲ ਇਕੱਤਰਤਾ ਹੋਵੇਗੀ।

# ਅੰਗਹੀਣ ਮੁਲਾਜ਼ਮਾਂ ਨੂੰ ਸਫ਼ਰੀ ਭੱਤਾ ਦੇਣ ਲਈ ਸਿਵਲ ਸਰਜਨ ਵੱਲੋਂ ਜਾਰੀ ਸਰਟੀਫਿਕੇਟਾਂ ਨੂੰ ਹੀ ਯੋਗ ਮੰਨਿਆ ਜਾਵੇ : ਜੀ ਟੀ ਯੂ ਪੀ



**ਫਿਲੌਰ ( ਬੀ ਐਸ ਕੈਨੇਡੀ)**- ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸਕੱਤਰ ਕੁਲਦੀਪ ਸਿੰਘ ਦੌੜਕਾ,ਵਿੱਤ ਸਕੱਤਰ ਅਮਨਦੀਪ ਸ਼ਰਮਾ, ਪ੍ਰੈਸ ਸਕੱਤਰ ਸੁਰਜੀਤ ਮੁਹਾਲੀ, ਜਲੰਧਰ ਦੇ ਜ਼ਿਲ੍ਹਾ ਪ੍ਰਧਾਨ ਕਰਨੈਲ ਫਿਲੌਰ , ਜਨਰਲ ਸਕੱਤਰ ਗਣੇਸ਼ ਭਗਤ, ਐਕਟਿੰਗ ਸਕੱਤਰ ਸੁਖਵਿੰਦਰ ਸਿੰਘ ਮੱਕੜ, ਜੁਆਇੰਟ ਸਕੱਤਰ ਕੁਲਦੀਪ ਵਾਲੀਆ,ਵਿੱਤ ਸਕੱਤਰ ਹਰਮਨਜੋਤ ਸਿੰਘ ਆਹਲੂਵਾਲੀਆ, ਜੁਆਇੰਟ ਵਿੱਚ ਸਕੱਤਰ ਨਿਰਮੋਲਕ ਸਿੰਘ ਹੀਰਾ, ਪ੍ਰੈੱਸ ਸਕੱਤਰ ਰਗਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਕੁਲਾਰ ਆਦਿ ਆਗੂਆਂ ਨੇ ਪੰਜਾਬ ਸਰਕਾਰ ਵਲੋਂ ਅੰਗਹੀਣ ਮੁਲਾਜਮਾਂ ਨੂੰ ਪਹਿਲੀ ਜਨਵਰੀ ਤੋਂ ਸਫਰੀ ਭੱਤਾ ਲਾਗੂ ਕਰਨ ਦਾ ਸਵਾਗਤ ਕੀਤਾ ਹੈ ਪਰ ਅੰਗਹੀਣ ਮੁਲਾਜਮਾਂ ਦੇ ਸਰਟੀਫਿਕੇਟ ਦੀ ਤਸਦੀਕ ਪੀ ਜੀ ਆਈ ਹਸਪਤਾਲ ਤੋਂ ਵੈਰੀਫਾਈ ਕਰਾਉਣ ਦੇ ਫੈਸਲੇ ਨੂੰ ਮੰਦਭਾਗਾ ਦੱਸਿਆ ਹੈ। ਸੂਚਨਾ ਅਨੁਸਾਰ ਸਮਾਜਿਕ ਸੁਰੱਖਿਆ ਤੇ ਬਾਲ ਵਿਕਾਸ ਤੇ ਪੰਜਾਬ ਦੇ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਵਲੋਂ ਅੰਗਹੀਣ ਸਰਟੀਫਿਕੇਟਾਂ ਨੂੰ ਪੀ ਜੀ ਆਈ ਚੰਡੀਗੜ੍ਹ ਤੋਂ ਵੈਰੀਫਾਈ ਕਰਾਉਣ ਦੀ ਤਜਵੀਜ ਬਣਾਈ ਜਾ ਰਹੀ ਹੈ। ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਆਗੂਆਂ ਨੇ ਮੰਗ ਕੀਤੀ ਹੈ ਕਿ ਅੰਗਹੀਣ ਮੁਲਾਜਮਾਂ ਦੇ ਸਿਵਲ ਸਰਜਨ ਵਲੋਂ ਜਾਰੀ ਕੀਤੇ ਸਰਟੀਫਿਕੇਟਾਂ ਨੂੰ ਮਾਨਤਾ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਪੀ ਜੀ ਆਈ ਚੰਡੀਗੜ੍ਹ ਤੋਂ ਅੰਗਹੀਣ ਸਰਟੀਫਿਕੇਟਾਂ ਦੀ ਤਸਦੀਕ ਕਰਾਉਣਾ ਸਿਵਲ ਸਰਜਨਾਂ ਵਲੋਂ ਜਾਰੀ ਕੀਤੇ ਸਰਟੀਫਿਕੇਟਾਂ ਤੇ ਪ੍ਰਸਨ ਚਿੰਨ੍ਹ ਲਗਾਉਣਾ ਹੈ ਤੇ ਬੇਲੋੜੀ ਦੇਰੀ ਕਰਨਾ ਵੀ ਹੋਵੇਗਾ। ਇਸ ਸਮੇਂ ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਕੁਲਾਰ, ਤੀਰਥ ਸਿੰਘ ਬਾਸੀ, ਗੁਰਿੰਦਰ ਸਿੰਘ ਆਦਮਪੁਰ, ਹਲ ਭਗਤ,ਰਾਜੀਵ ਭਗਤ, ਕੁਲਵੰਤ ਰਾਮ ਰੁੜਕਾ, ਅਮਰਜੀਤ ਭਗਤ, ਮੁਲਖ ਰਾਜ, ਸੰਦੀਪ ਰਾਜੋਵਾਲ, ਗੁਰਿੰਦਰ ਸਿੰਘ, ਅਨਿਲ ਕੁਮਾਰ ਭਗਤ, ਰਣਜੀਤ ਠਾਕੁਰ, ਪਿਆਰਾ ਸਿੰਘ ਨਕੋਦਰ, ਕਮਲਦੇਵ, ਜਤਿੰਦਰ ਸਿੰਘ, ਸ਼ਿਵ ਰਾਜ ਕੁਮਾਰ, ਰਾਜਿੰਦਰ ਸਿੰਘ ਭੋਗਪੁਰ, ਸੂਰਤੀ ਲਾਲ, ਵਿਨੋਦ ਭੱਟੀ, ਪਰਨਾਮ ਸਿੰਘ ਸੈਣੀ,ਪਰੇਮ ਖਲਵਾੜਾ, ਰਾਜਿੰਦਰ ਸਿੰਘ ਸਾਹਕੋਟ ਆਦਿ ਅਧਿਆਪਕ ਆਗੂ ਹਾਜਰ ਸਨ।

# ਡਾਕਟਰ ਅੰਬੇਡਕਰ ਦੀ ਯਾਦ 'ਚ ਅੱਜ ਕੀਤਾ ਜਾਵੇਗਾ ਮਾਰਚ-ਖੱਬੇ ਪੱਖੀ ਪਾਰਟੀਆਂ



**ਬਹਿਰਾਮ (ਅਵਤਾਰ ਕਲੇਰ)**- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀਆਂ ਖੱਬੇ ਪੱਖੀ ਪਾਰਟੀਆਂ,ਭਾਰਤੀ ਕਮਿਊਨਿਸਟ ਪਾਰਟੀ ਅਤੇ ਆਰ ਐਮ ਪੀ ਆਈ ਦੀ ਸਾਂਝੀ ਮੀਟਿੰਗ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂ ਸ਼ਹਿਰ ਵਿਖੇ ਕਾਮਰੇਡ ਜਗਤਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਤੰਤਰ ਕੁਮਾਰ, ਤਹਿਸੀਲ ਸਕੱਤਰ ਕਾਮਰੇਡ ਮੁਕੰਦ ਲਾਲ , ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਜਸਵਿੰਦਰ ਸਿੰਘ ਭੰਗਲ ਜ਼ਿਲ੍ਹਾ ਖਜਾਨਚੀ ਬਲਜਿੰਦਰ ਸਿੰਘ, ਨਰਿੰਦਰ ਕੁਮਾਰ ਕਾਲੀਆ,ਆਰ ਐਮ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕੁਲਦੀਪ ਸਿੰਘ ਦੌੜਕਾ, ਜਮਹੂਰੀ ਕਿਸਾਨ ਸਭਾ ਦੇ ਆਗੂ ਕਾਮਰੇਡ ਸਤਨਾਮ ਸਿੰਘ ਗੁਲਾਟੀ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਛੇ ਦਸੰਬਰ ਨੂੰ ਭਾਰਤ ਦੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਦੇ ਸਤਿਕਾਰ ਲਈ ਨਿਰਮਾਣ ਦਿਵਸ ਮੌਕੇ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਵਿਖੇ ਮੀਟਿੰਗ ਕਰਕੇ ਇੱਕ ਕਾਫਲੇ ਦੇ ਰੂਪ ਵਿੱਚ ਅੰਬੇਡਕਰ ਚੌਂਕ ਤੱਕ ਮਾਰਚ ਕਰਕੇ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਦੇ ਬੁੱਤ ਤੇ ਫੁੱਲ ਮਾਲਾ ਪਹਿਨਾ ਕੇ ਯਾਦ ਕੀਤਾ ਜਾਵੇਗਾ। ਇਸੇ ਤਰ੍ਹਾਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਗਏ ਸੱਦੇ ਤੇ ਪਾਰਲੀਮੈਂਟ ਹਲਕਾ ਸ੍ਰੀ ਆਨੰਦਪੁਰ ਸਾਹਿਬ ਦੇ ਮੈਂਬਰ ਪਾਰਲੀਮੈਂਟ ਮਨੀਸ਼ ਤਿਵਾੜੀ ਨੂੰ ਮਿਤੀ ਗਿਆਰਾਂ ਦਸੰਬਰ ਨੂੰ ਜ਼ਿਲ੍ਹਾ ਰੂਪਨਗਰ ਦੀਆਂ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਮੰਗ ਪੱਤਰ ਦਿੱਤਾ ਜਾਵੇਗਾ। ਇਸ ਵਿਚ ਜ਼ਿਲ੍ਹਾ ਸਹੀਦ ਭਗਤ ਸਿੰਘ ਨਗਰ ਦੇ ਕਿਸਾਨਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।

# ਪ੍ਰਵਾਸੀ ਭਾਰਤੀਆਂ ਨੇ ਲੱਖਪੁਰ ਦੇ ਪ੍ਰਾਇਮਰੀ ਸਕੂਲ ਲਈ ਭੇਜੀ ਇੱਕ ਲੱਖ ਦੀ ਸਹਾਇਤਾ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਭਗਤ ਜਵਾਲਾ ਦਾਸ ਭਲਾਈ ਕਮੇਟੀ ਦੀ ਰਹਿਨੁਮਾਈ ਹੇਠ ਪਿੰਡ ਲੱਖਪੁਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਇਮਾਰਤ ਦੇ ਚਲ ਰਹੇ ਸੁੰਦਰੀਕਰਨ ਦੇ ਕੰਮ ਵਿੱਚ ਵਡਮੁੱਲਾ ਯੋਗਦਾਨ ਪਾਉਂਦੇ ਹੋਏ ਪ੍ਰਵਾਸੀ ਭਾਰਤੀ ਨਛੱਤਰ ਸਿੰਘ ਢਡਵਾਲ, ਡਾ. ਸਤਨਾਮ ਸਿੰਘ ਬੰਗੜ ਅਤੇ ਮੋਹਨ ਲਾਲ ਬੰਗੜ ਨੇ ਯੂ.ਐਸ.ਏ. ਤੋਂ ਸਾਂਝਾ ਉਪਰਾਲਾ ਕਰਦੇ ਹੋਏ ਇਕ ਲੱਖ ਰੁਪਏ ਦੀ ਰਾਸ਼ੀ ਭੇਜੀ ਹੈ।

ਇਹ ਰਕਮ ਪ੍ਰਵਾਸੀ ਭਾਰਤੀ ਅਤੇ ਪਿੰਡ ਲੱਖਪੁਰ ਦੇ ਸਾਬਕਾ ਸਰਪੰਚ ਪਿਆਰਾ ਸਿੰਘ ਢੱਡਵਾਲ ਨੇ ਕਮੇਟੀ ਚੇਅਰਮੈਨ ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਨੂੰ ਭੇਟ ਕੀਤੀ। ਸਾਬਕਾ ਸਰਪੰਚ ਢੱਡਵਾਲ ਨੇ ਦੱਸਿਆ ਕਿ ਉਕਤ ਤਿੰਨੇ ਐਨ.ਆਰ.ਆਈਜ ਨੇ ਇਸੇ ਸਕੂਲ ਵਿਚ ਆਪਣੀ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ ਸੀ। ਸਕੂਲ ਦੇ ਨਵੀਨੀਕਰਣ ਦਾ ਪਤਾ ਲੱਗਣ 'ਤੇ ਉਹਨਾਂ ਖ਼ੁਸ਼ੀ ਦਾ ਇਜਹਾਰ ਕਰਦਿਆਂ ਇਹ ਛੋਟਾ ਜਿਹਾ ਉਪਰਾਲਾ ਕੀਤਾ ਹੈ। ਪ੍ਰਿੰ. ਬੰਗੜ ਨੇ ਦੱਸਿਆ ਕਿ ਸੁੰਦਰੀਕਰਨ ਦਾ ਕੰਮ ਤਕਰੀਬਨ ਪੂਰਾ ਹੋ ਗਿਆ ਹੈ। ਖ਼ੂਬਸੂਰਤ ਪ੍ਰਵੇਸ਼ ਦੁਆਰ ਦੀ ਉਸਾਰੀ ਦਾ ਕੰਮ ਜੰਗੀ ਪੱਧਰ 'ਤੇ ਕਰਵਾਇਆ ਜਾ ਰਿਹਾ ਹੈ।

ਉਹਨਾਂ ਸਮੂਹ ਪ੍ਰਵਾਸੀ ਭਾਰਤੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਦੱਸਿਆ ਕਿ ਪ੍ਰਵਾਸੀ ਭਾਰਤੀਆਂ ਦੀ ਬਦੌਲਤ ਹੀ ਇਹ ਉਪਰਾਲਾ ਸਫਲਤਾ ਪੂਰਵਕ ਪੂਰਾ ਹੋ ਰਿਹਾ ਹੈ।

ਇਸ ਮੌਕੇ ਸਕੂਲ ਇੰਚਾਰਜ ਸਰਬਜੀਤ ਕੁਮਾਰ, ਕਮੇਟੀ ਸਕੱਤਰ ਸਰਬਜੀਤ ਸਿੰਘ ਢੱਡਵਾਲ ਅਤੇ ਬਲਦੇਵ ਸਿੰਘ ਢੱਡਵਾਲ ਤੋਂ ਇਲਾਵਾ ਵਿਕਾਸਦੀਪ, ਠੇਕੇਦਾਰ ਗੋਪੀਨਾਥ ਝਾਅ, ਹਰਜਿੰਦਰ ਕੌਰ, ਗੁਰਮੀਤ ਕੌਰ, ਗੁਰਦੀਪ ਕੌਰ ਤੇ ਬਲਜੀਤ ਕੌਰ ਆਂਗਨਬਾੜੀ ਹੈਲਪਰ, ਜਸਵਿੰਦਰ ਕੌਰ ਤੇ ਕੁਲਵਿੰਦਰ ਕੌਰ ਮਿਡ ਡੇ ਮੀਲ ਵਰਕਰ ਵੀ ਹਾਜਰ ਸਨ।

# ਨਜਾਇਜ਼ ਮਾਈਨਿੰਗ ਜਾਰੀ : ਕਡਿਆਣਾ

**ਨੂਰਮਹਿਲ (ਬਾਲੀ)**- ਸਰਕਾਰ ਦੇ ਵਾਅਦੇ, ਦਾਅਵਿਆਂ ਦੇ ਬਾਵਜੂਦ ਝੰਡੀਪੀਰ ਕੰਡਿਆਣਾ ਵਿੱਚੋ ਰੇਤੇ ਦੀ ਨਜਾਇਜ ਮਾਈਨਿੰਗ ਰੁਕਦੀ ਨਜਰ ਨਹੀਂ ਆਉਂਦੀ।

ਕਿਰਤੀ ਕਿਸਾਨ ਯੂਨੀਅਨ ਕਡਿਆਣਾ ਦੇ ਆਗੂ ਤਰਸੇਮ ਸਿੰਘ ਨੇ ਦੱਸਿਆ ਕਿ ਲੋਕਾਂ ਨੂੰ ਨਾਲ ਲੈ ਕੇ ਕਈ ਵਾਰ ਇਸਦਾ ਡਟਵਾਂ ਵਿਰੋਧ ਵੀ ਕੀਤਾ ਜਾਂਦਾ ਰਿਹਾ ਹੈ, ਪਰ ਉਲਟਾ ਪ੍ਰਸ਼ਾਸ਼ਨ ਕਿਸਾਨਾਂ 'ਤੇ ਝੂਠੇ ਪਰਚੇ ਦਰਜ ਕਰਦਾ ਰਿਹਾ ਹੈ। ਜਿਨਾ ਨੂੰ ਵੀ ਲੁੱਟ ਦਾ ਮਾਲ ਮਿਲਦਾ ਹੈ, ਉਹ ਟਸ ਤੋਂ ਮਸ ਨਹੀ ਹੁੰਦੇ। ਉਨ੍ਹਾਂ ਅੱਗੇ ਕਿਹਾ ਕਿ ਰੇਤਾ ਚੁੱਕਣ ਨਾਲ ਹੜ ਵੀ ਆਉਂਦੇ ਰਹੇ ਹਨ, ਅਤੇ ਲੋਕਾਂ ਦਾ ਜਾਨ ਮਾਲ ਦਾ ਨੁਕਸਾਨ ਵੀ ਹੁੰਦਾ ਰਿਹਾ ਹੈ। ਪੰਜਾਬ ਸਰਕਾਰ ਦੇ ਨੁਮਾਇੰਦਿਆਂ ਨੂੰ ਵੀ ਮਾਈਨਿੰਗ ਹੁੰਦੀ ਦਿਸ ਨਹੀਂ ਰਹੀ ਹੈ। ਪੁਲਿਸ ਵੀ ਮਾੜੇ ਧੀੜੇ ਗਰੀਬ ਬੰਦੇ ਦੀ ਟਰਾਲੀ ਫੜ ਕੇ ਹੀ ਚਲਾਣ ਕਰਕੇ ਖਾਨਾ ਪੂਰਤੀ ਹੀ ਕਰਦੇ ਹਨ। ਪੰਚਾਇਤਾਂ ਵੀ ਇਧਰ ਕੋਈ ਧਿਆਨ ਨਹੀਂ ਦਿੰਦੀਆਂ।

ਅੱਜ ਫਿਰ ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ ਵਿੱਚ ਰੇਤੇ ਦੀ ਮਾਈਨਿੰਗ ਰੋਕੀ ਗਈ। ਕਿਸਾਨ ਆਗੂ ਤਰਸੇਮ ਕਡਿਆਣਾ, ਕਾਲਾ ਕਡਿਆਣਾ, ਰਾਜਾ ਕਡਿਆਣਾ, ਕਾਬਿਲ ਸਿੰਘ ਅਤੇ ਬਲਦੇਵ ਸਿੰਘ ਆਦਿ ਨੇ ਅਗਵਾਈ ਕੀਤੀ।

# ਅਕਾਲ ਗਲੈਕਸੀ ਕਾਨਵੈਂਟ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਗਮ ਯਾਦਗਾਰੀ ਹੋ ਨਿਬੜਿਆ




**ਸੁਲਤਾਨਪੁਰ ਲੋਧੀ, (ਹਨੀ )**-ਅਕਾਲ ਗਲੈਕਸੀ ਕਾਨਵੈਂਟ ਸਕੂਲ ਸੁਲਤਾਨਪੁਰ ਲੋਧੀ ਵਿਖੇ ਸਲਾਨਾ ਇਨਾਮ ਵੰਡ ਸਮਾਗਮ ਬੜੀ ਧੂਮਧਾਮ ਨਾਲ ਆਯੋਜਿਤ ਕੀਤਾ ਗਿਆ। ਇਸ ਦੌਰਾਨ ਕਪੂਰਥਲਾ ਤੋਂ ਵਿਧਾਇਕ ਅਤੇ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । ਜਿਨ੍ਹਾਂ ਦਾ ਅਕਾਲ ਗਰੁੱਪ ਆਫ ਇੰਸਟੀਚਿਊਟ ਦੇ ਪ੍ਰੈਜੀਡੈਂਟ ਗੁਰਦੀਪ ਸਿੰਘ ਜੱਜ, ਵਾਇਸ ਪ੍ਰੈਜੀਡੈਂਟ ਕਲਵਿੰਦਰ ਸਿੰਘ ਜੱਜ, ਐਮ. ਡੀ. ਸੁਖਦੇਵ ਸਿੰਘ ਜੱਜ ਅਤੇ ਸਟਾਫ਼ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ । ਸਮਾਗਮ ਦਾ ਆਗਾਜ਼ ਸ਼ਮਾਂ ਰੋਸ਼ਨ ਉਪਰੰਤ ਸ਼ਬਦ ਗਾਇਨ ਰਾਹੀਂ ਕੀਤਾ ਗਿਆ । ਇਸ ਦੌਰਾਨ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਦਕਿ ਵੱਖ-ਵੱਖ ਪ੍ਰਾਂਤਾਂ ਦੇ ਸੱਭਿਆਚਾਰ ਨਾਲ ਸਬੰਧਿਤ ਪੇਸ਼ਕਾਰੀਆਂ ਵੀ ਖਿੱਚ ਦਾ ਕੇਂਦਰ ਰਹੀਆਂ । ਪ੍ਰਿੰਸੀਪਲ ਮੋਨਾ ਘਈ ਨੇ ਪਹੁੰਚੀਆਂ ਪ੍ਰਮੁੱਖ ਸਖਸ਼ੀਅਤਾਂ ਦਾ ਧੰਨਵਾਦ ਕੀਤਾ ਅਤੇ ਸਕੂਲ ਦੀ ਸਲਾਨਾ ਰਿਪੋਰਟ ਪੇਸ਼ ਕੀਤੀ । ਸਮਾਗਮ ਦੇ ਅੰਤ ਵਿਚ ਵਿਧਾਇਕ ਰਾਣਾ ਗੁਰਜੀਤ ਸਿੰਘ ਅਤੇ ਪ੍ਰਬੰਧਕ ਕਮੇਟੀ ਵੱਲੋਂ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ । ਲਖਵਿੰਦਰ ਸਿੰਘ ਐੱਸ. ਐੱਚ. ਓ. ਕਬੀਰਪੁਰ ਅਤੇ ਮੈਡਮ ਮਨਦੀਪ ਕੌਰ ਐੱਸ. ਐੱਚ. ਓ. ਫੱਤੂਢੀਂਗਾ ਨੂੰ ਸਮਾਗਮ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣ ਲਈ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਮਧੂ ਸਰਮਾ ਪ੍ਰਿੰਸੀਪਲ ਜੂਨੀਅਰ ਵਿੰਗ, ਅਮਨਦੀਪ ਕੌਰ ਪ੍ਰਿੰਸੀਪਲ ਅਕਾਲ ਗਲੈਕਸੀ ਕਾਨਵੈਂਟ ਸਕੂਲ ਲੋਹੀਆਂ, ਗਗਨਦੀਪ ਕੌਰ ਜੱਜ ਪ੍ਰਿੰਸੀਪਲ ਅਕਾਲ ਅਕੈਡਮੀ ਇੰਟਰਨੈਸ਼ਨਲ ਸੁਲਤਾਨਪੁਰ ਲੋਧੀ, ਮੈਨਜਮੈਂਟ ਮੈਂਬਰ ਇੰਦਰਪਾਲ ਸਿੰਘ ਜੱਜ ਤੇ ਪ੍ਰਗਟ ਸਿੰਘ ਜੱਜ, ਜਗਤਾਰ ਸਿੰਘ ਰੀਡਰ, ਰਣਜੀਤ ਸਿੰਘ ਰੀਡਰ, ਬਲਦੇਵ ਸਿੰਘ ਟੀਟਾ ਲੈਕਚਰਾਰ, ਦੀਪਕ ਧੀਰ ਪ੍ਰਧਾਨ ਨਗਰ ਕੌਂਸਲ, ਅਸ਼ੋਕ ਮੰਗਲਾ ਸਾਬਕਾ ਪ੍ਰਧਾਨ ਨਗਰ ਕੌਂਸਲ, ਡਾ. ਗੁਰਪ੍ਰੀਤ ਸਿੰਘ ਰਾਣਾ, ਸੰਜੀਵ ਮਰਵਾਹਾ ਕੌਂਸਲਰ, ਸੰਤਪ੍ਰੀਤ ਸਿੰਘ ਕੌਂਸਲਰ, ਤੇਜਵੰਤ ਸਿੰਘ ਕੌਂਸਲਰ, ਗੁਰਚੇਤਨ ਸਿੰਘ ਹੈੱਡ ਕਾਂਸਟੇਬਲ, ਜੋਗਾ ਸਿੰਘ ਨੰਬਰਦਾਰ ਕਾਲੇਵਾਲ, ਨਿਰਮਲ ਸਿੰਘ ਲੈਕਚਰਾਰ, ਅਮਰ ਘਈ, ਰਮੇਸ ਕੁਮਾਰ, ਸੀਨੀਅਰ ਕੋ-ਆਰਡੀਨੇਟਰ ਸੁਨੀਲ ਦੱਤ ਕਾਲੀਆ, ਸਿਮਰਜੀਤ ਕੌਰ, ਰਾਜਵਿੰਦਰ ਕੌਰ, ਜੂਨੀਅਰ ਵਿੰਗ ਦੇ ਕੋ-ਆਰਡੀਨੇਟਰ ਮਮਤਾ ਗੁਪਤਾ ਤੇ ਪੂਜਾ ਚਾਵਲਾ, ਅਵਤਾਰ ਸਿੰਘ, ਪ੍ਰਿਤਪਾਲ ਸਿੰਘ, ਸਿਮਰਜੀਤ ਕੌਰ, ਮਨਦੀਪ ਕੌਰ, ਰੀਨਾ ਹਾਂਡਾ, ਵਿਸ਼ਪ, ਨੀਨਾ, ਦੀਪਕ ਟੰਡਨ, ਅਰਸ਼ ਅਰੋੜਾ, ਸੋਨੀਆ ਟੰਡਨ ਆਦਿ ਹਾਜਰ ਸਨ ।

# ਮਾਤਾ ਪ੍ਰਕਾਸ਼ ਕੌਰ ਬੱਧਣ ਨਮਿਤ ਅੰਤਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਭਲਕੇ



**ਮਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਭੁੰਗਰਨੀ ਦੇ ਉਘੇ ਸਮਾਜ ਸੇਵੀ ਡਾਕਟਰ ਪਰਮਜੀਤ ਸਿੰਘ ਬੱਧਣ ਅਤੇ ਡਾਕਟਰ ਕੁਲਦੀਪ ਕੌਰ ਜ਼ਿਲ੍ਹਾ ਪ੍ਰਸੀਦ ਮੈਂਬਰ ਦੀ ਸੱਸ ਦਾ ਬੀਤੀ ਦਿਨੀਂ ਦੇਹਾਂਤ ਹੋ ਗਿਆ ਸੀ। ਇਸ ਮੌਕੇ ਇਲਾਕੇ ਭਰ ਤੋਂ ਵੱਖ ਵੱਖ ਰਾਜਨੀਤਿਕ ਪਾਰਟੀਆਂ, ਧਾਰਮਿਕ ਜਥੇਬੰਦੀਆਂ, ਸਮਾਜਿਕ ਸੰਸਥਾਵਾਂ, ਸਿਆਸੀ ਆਗੂਆਂ, ਪੱਤਰਕਾਰ ਭਾਈਚਾਰਾ ਪੰਜਾਬ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਡਾਕਟਰ ਪਰਮਜੀਤ ਸਿੰਘ ਬੱਧਣ ਨੇ ਦੱਸਿਆ ਕਿ ਸਾਡੇ ਪੂਜਨੀਕ ਮਾਤਾ ਬੀਬੀ ਪ੍ਰਕਾਸ਼ ਸਿੰਘ ਭੁੰਗਰਨੀ ਦਾ ਬੀਤੀ ਦਿਨੀਂ ਦੇਹਾਂਤ ਹੋ ਗਿਆ ਸੀ, ਜਿਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੇ ਅਸਥਾਨ 'ਤੇ 7 ਦਸੰਬਰ ਨੂੰ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 12 ਤੋਂ 02 ਵਜੇ ਕਰਵਾਏ ਜਾਣਗੇ। ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਉਪਰੰਤ ਦੀਵਾਨ ਹਾਲ ਵਿੱਚ ਭਾਈ ਸੁਖਚੈਨ ਸਿੰਘ ਹੈੱਡ ਗ੍ਰੰਥੀ ਭੁੰਗਰਨੀ ਵੈਰਾਗਮਈ ਕੀਰਤਨ ਕਰਨਗੇ।

# ਇਨੋਸੈਂਟ ਹਾਰਟਸ ਦਾ ਸਾਲਾਨਾ ਇਨਾਮ ਵੰਡ ਸਮਾਗਮ ਧੂਮਧਾਮ ਨਾਲ ਸੰਪੰਨ



**ਜਲੰਧਰ ਸੈਲੀ ਐਲਬਰਟ)**-ਬੌਰੀ ਮੈਮੋਰੀਅਲ ਐਜੂਕੇਸਨਲ ਐਂਡ ਮੈਡੀਕਲ ਟਰੱਸਟ ਦੇ ਅਧੀਨ ਇੰਨੋਸੈਂਟ ਹਾਰਟਸ ਸਕੂਲ, ਗ੍ਰੀਨ ਮਾਡਲ ਟਾਉਨ ਵੱਲੋਂ ਸਾਲਾਨਾ ਇਨਾਮ ਵੰਡ ਸਮਾਰੋਹ 'ਬੈਸਟੋਵਾਲ ਟੂ ਦ ਬੈਸਟ' ਕਰਵਾਇਆ ਗਿਆ, ਜਿਸ ਵਿੱਚ ਇੰਨੋਸੈਂਟ ਹਾਰਟਸ ਦੇ ਪੰਜਾਂ ਸਕੂਲਾਂ ਦੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਵਰਿੰਦਰਪਾਲ ਸਿੰਘ ਬਾਜਵਾ (ਪੀ.ਸੀ.ਐਸ., ਵਧੀਕ ਡਿਪਟੀ ਡਾਇਰੈਕਟਰ ਪੇਂਡੂ ਵਿਕਾਸ) ਨੇ ਮੁੱਖ ਮਹਿਮਾਨ ਦੀ ਭੂਮਿਕਾ ਨਿਭਾਈ। ਪ੍ਰੋਗਰਾਮ ਦੀ ਸ਼ੁਰੂਆਤ ਜੋਤੀ ਜਗਾ ਕੇ ਕੀਤੀ ਗਈ। ਇਸ ਮੌਕੇ ਬੱਚਿਆਂ ਵੱਲੋਂ ਭਗਵਾਨ ਸ੍ਰੀ ਗਣੇਸ਼ ਜੀ ਦਾ ਗੁਣਗਾਨ ਕੀਤਾ ਗਿਆ। ਉਪਰੰਤ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਬੱਚਿਆਂ ਦੁਆਰਾ ਪੇਸ਼ ਕੀਤੇ ਸੋਲੋ ਡਾਂਸ, ਕਠਪੁਤਲੀ, ਪੱਛਮੀ ਡਾਂਸ, ਫਿਊਜਨ ਬੈਲੇ ਅਤੇ ਹਿੱਪ-ਹੌਪ ਡਾਂਸ ਨੇ ਸਮਾਂ ਬੰਨ੍ਹ ਦਿੱਤਾ। ਡਾ: ਪਲਕ ਗੁਪਤਾ ਬੌਰੀ (ਡਾਇਰੈਕਟਰ ਸੀ.ਐਸ.ਆਰ.) ਨੇ ਬੌਰੀ ਮੈਮੋਰੀਅਲ ਐਜੂਕੇਸਨਲ ਐਂਡ ਮੈਡੀਕਲ ਟਰੱਸਟ ਦੀ ਸਰਪ੍ਰਸਤੀ ਹੇਠ ਚਲਾਏ ਜਾ ਰਹੇ 'ਦਿਸ਼ਾ-ਇੱਕ ਪਹਿਲ' ਤਹਿਤ ਟਰੱਸਟ ਵੱਲੋਂ ਕੀਤੇ ਜਾ ਰਹੇ ਸ਼ਲਾਘਾਯੋਗ ਉਪਰਾਲਿਆਂ ਅਤੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸਿੱਖਿਆ ਦੇ ਖੇਤਰ ਵਿੱਚ ਹੀ ਨਹੀਂ, ਸਗੋਂ ਮੈਡੀਕਲ ਦੇ ਖੇਤਰ ਵਿੱਚ ਵੀ ਬੌਰੀ ਮੈਮੋਰੀਅਲ ਟਰੱਸਟ ਨੇ ਬਹੁਤ ਸਾਰੀਆਂ ਪ੍ਰਾਪਤੀਆਂ ਹਾਸਲ ਕਰਕੇ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਤੋਂ ਇਲਾਵਾ ਉਹਨਾਂ ਦੱਸਿਆ ਕਿ ਲੋਹਾਰਾਂ ਕੈਂਪਸ ਵਿੱਚ ਤਿਆਰ ਕੀਤੇ ਗਏ ਮਿਊਜਕ ਰਿਕਾਰਡਿੰਗ ਸਟੂਡੀਓ (ਐਕੋਸਟਿਕਾ) ਦਾ ਹਾਲ ਹੀ ਵਿੱਚ ਉਦਘਾਟਨ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਆਉਣ ਵਾਲੇ ਸੈਸ਼ਨ ਵਿੱਚ ਇੰਨੋਸੈਂਟ ਹਾਰਟਸ ਵਿਖੇ ਪੜ੍ਹ ਰਹੇ ਸਿੰਗਲ ਮਦਰਜ ਅਧਿਆਪਕਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚ ਟਰੱਸਟ ਵੱਲੋਂ ਚੁੱਕਿਆ ਜਾਵੇਗਾ। ਉਨ੍ਹਾਂ ਕਿਹਾ ਕਿ ਟਰੱਸਟ ਨੌਜਵਾਨਾਂ ਦੀ ਬਿਹਤਰੀ ਲਈ ਲਗਾਤਾਰ ਯਤਨਸ਼ੀਲ ਹੈ। ਟਰੱਸਟ ਤਕਨਾਲੋਜੀ ਦੀ ਵਰਤੋਂ ਕਰਕੇ ਅਧਿਆਪਨ ਵਿਧੀ ਵਿੱਚ ਨਵੀਨਤਾ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 10ਵੀਂ ਅਤੇ 12ਵੀਂ ਜਮਾਤ ਵਿੱਚੋਂ 90% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਟਰੱਸਟ ਵੱਲੋਂ ਸਾਰੇ ਸਕੂਲਾਂ, ਬੀ.ਐੱਡ ਕਾਲਜ ਅਤੇ ਮੈਨੇਜਮੈਂਟ ਕਾਲਜ ਦੇ ਵਿਦਿਆਰਥੀਆਂ ਨੂੰ ਵਜੀਫੇ ਪ੍ਰਦਾਨ ਕੀਤੇ ਗਏ। ਪ੍ਰਿਯਾਂਸੀ ਠਾਕੁਰ (ਗ੍ਰੀਨ ਮਾਡਲ ਟਾਉਨ) ਨੂੰ ਦਿਨੇਸ਼ ਅਗਰਵਾਲ ਵੱਲੋਂ ਉਨ੍ਹਾਂ ਦੇ ਪੁੱਤਰ ਅਰਚਿਤ ਅਤੇ ਭਤੀਜੇ ਧਰੁਵ ਦੀ ਯਾਦ ਵਿੱਚ ਸਟੂਡੈਂਟ ਆਫ ਦਾ ਈਅਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਜਿਸ ਵਿੱਚ ਟਰਾਫੀ ਸਮੇਤ 5100 ਸੌ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ। ਲੋਹਾਰਾਂ ਦੀ ਵਿਦਿਆਰਥਣ ਆਭਾ ਸਰਮਾ ਅਤੇ ਰਾਇਲ ਵਰਲਡ ਦੀ ਵਿਦਿਆਰਥਣ ਕੁਲਜੀਤ ਕੌਰ ਨੂੰ ਮੈਡਮ ਕਮਲੇਸ਼ ਬੌਰੀ ਦੀ ਯਾਦ ਵਿੱਚ ਸਟੂਡੈਂਟ ਆਫ ਦਾ ਈਅਰ ਐਵਾਰਡ (ਟਰਾਫੀ ਸਮੇਤ 5100 ਰੁਪਏ) ਦੇ ਕੇ ਸਨਮਾਨਿਤ ਕੀਤਾ ਗਿਆ। ਡਾਂਸ, ਸੰਗੀਤ, ਪੇਂਟਿੰਗ, ਬੁਲਾਰੇ, ਥੀਏਟਰ ਦੇ ਖੇਤਰ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਗਿਆ। ਸਟੇਜ ਸੰਚਾਲਨ ਦੀ ਭੂਮਿਕਾ ਵਿਦਿਆਰਥੀਆਂ ਨੇ ਬਾਖੂਬੀ ਨਿਭਾਈ। ਮੁੱਖ ਮਹਿਮਾਨ ਨੇ ਬੱਚਿਆਂ ਵੱਲੋਂ ਪੇਸ ਕੀਤੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਬੌਰੀ ਮੈਮੋਰੀਅਲ ਟਰੱਸਟ ਵੱਲੋਂ ਸਮਾਜ ਦੀ ਬਿਹਤਰੀ ਲਈ ਕੀਤੇ ਜਾ ਰਹੇ ਕਾਰਜ ਸਚਮੁੱਚ ਹੀ ਸ਼ਲਾਘਾਯੋਗ ਹਨ। ਇਹ ਸੰਸਥਾ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹੀ ਹੈ। ਇਸ ਮੌਕੇ ਡਾ: ਅਨੂਪ ਬੌਰੀ (ਚੇਅਰਮੈਨ, ਇੰਨੋਸੈਂਟ ਹਾਰਟਸ ਗਰੁੱਪ), ਸ੍ਰੀਮਤੀ ਸੈਲੀ ਬੌਰੀ (ਐਗਜੀਕਿਊਟਿਵ ਡਾਇਰੈਕਟਰ ਸਕੂਲਜ), ਡਾ: ਰੋਹਨ ਬੌਰੀ, ਡਾ: ਰਮੇਸ਼ ਸੂਦ (ਟਰੱਸਟ ਦੇ ਪ੍ਰਧਾਨ), ਸੰਦੀਪ ਜੈਨ (ਟਰੱਸਟੀ), ਡਾ. ਕੇ.ਕੇ ਸਰੀਨ (ਵਿੱਤ ਸਲਾਹਕਾਰ) ਅਤੇ ਟਰੱਸਟ ਦੇ ਹੋਰ ਮੈਂਬਰ ਵੀ ਹਾਜਰ ਸਨ। ਡਾ: ਅਨੂਪ ਬੌਰੀ, ਅਤੇ ਡਾ: ਰਮੇਸ਼ ਸੂਦ (ਟਰੱਸਟ ਦੇ ਪ੍ਰਧਾਨ) ਨੇ ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਉਪਰੰਤ ਵਿਦਿਆਰਥੀਆਂ ਦੁਆਰਾ ਪੰਜਾਬ ਦਾ ਪ੍ਰਸਿੱਧ ਲੋਕ ਨਾਚ ਭੰਗੜਾ ਪੇਸ਼ ਕੀਤਾ ਗਿਆ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਕੀਤੀ ਗਈ।

# ਮੁਕਾਬਲੇ ਦੀ ਭਾਵਨਾ ਹੀ ਲਿਆਉਂਦੀ ਹੈ ਹੁਨਰ 'ਚ ਨਿਖਾਰ : ਪ੍ਰਿੰਸੀਪਲ ਪਾਹਵਾ




**ਮੋਹਾਲੀ, (ਗੁਰਜੀਤ ਬਿੱਲਾ)**: ਕਾਂਟੀਨੈਂਟਲ ਇੰਸਟੀਟਿਊਟ ਫਾਰ ਇੰਟਰਨੈਸ਼ਨਲ ਸਟੱਡੀਜ਼ (ਸੀ.ਆਈ.ਆਈ.ਐਸ) ਵਿਦੇਸ਼ਾਂ ਵਿੱਚ ਆਪਣਾ ਭਵਿੱਖ ਬਣਾਉਣ ਦੇ ਇੱਛਕ ਵਿਦਿਆਰਥੀਆਂ ਲਈ ਚੰਗੀਆਂ ਸੰਭਾਵਨਾਵਾਂ ਪੈਦਾ ਕਰਨ ਲਈ ਵਚਨਬੱਧ ਹੈ। ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੀ.ਆਈ.ਆਈ. ਐਸ. ਦੀ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਪਾਹਵਾ ਨੇ ਕੀਤਾ। ਉਹ ਸੰਸਥਾ ਵਿੱਚ ਗਲੋਬਲ ਇਮਰਜਿੰਗ ਲੀਡਰਸ਼ਿਪ ਪ੍ਰੋਗਰਾਮ (ਗਿਲਿਪ) ਕੈਨੇਡਾ ਵੱਲੋਂ ਕਰਵਾਏ ਗਏ ਭਾਰਤ ਦੇ ਪਹਿਲੇ ਕੈਰੀਅਰ ਅਤੇ ਹੁਨਰ ਵਿਕਾਸ ਸੰਮੇਲਨ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਹਮੇਸ਼ਾ ਹੀ ਹੁਨਰ ਅਧਾਰਿਤ ਸਿਖਲਾਈ ਮੁਹੱਈਆ ਕਰਵਾਕੇ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਯੋਗਤਾ ਦੇ ਕਾਬਿਲ ਬਣਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮੁਕਾਬਲੇ ਦੀ ਭਾਵਨਾ ਹੀ ਹੁਨਰ ਵਿੱਚ ਨਿਖਾਰ ਲਿਆਉਂਦੀ ਹੈ।

ਉਨ੍ਹਾਂ ਕਿਹਾ ਕਿ ਇਸ ਸਮਾਗਮ ਸਦਕਾ ਵਿਦਿਆਰਥੀਆਂ ਵਿੱਚ ਲੀਡਰਸ਼ਿਪ ਦੇ ਹੁਨਰ ਦਾ ਵਿਕਾਸ ਹੋਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਗਿਲਿਪ ਨਾਲ ਸਾਂਝੇਦਾਰੀ ਕਾਇਮ ਕਰਕੇ ਨੌਜਵਾਨਾਂ ਦੇ ਭਵਿੱਖ ਲਈ ਨਵਾਂ ਰਾਹ ਖੋਲ੍ਹਿਆ ਹੈ। ਜਿਸ ਸਦਕਾ ਵਿਦਿਆਰਥੀ ਆਪਣੇ ਅਗਲੇ ਵਿੱਦਿਅਕ ਸੈਸ਼ਨ ਵਿੱਚ ਕੈਰੀਅਰ ਦੇ ਨਵੇਂ ਰਾਹਾਂ ਤੇ ਚੱਲਣ ਦੇ ਯੋਗ ਹੋਣਗੇ। ਉਨ੍ਹਾਂ ਦੱਸਿਆ ਕਿ ਗਿਲਿਪ ਵੱਲੋਂ ਭਾਰਤ ਦੇ 9 ਸ਼ਹਿਰਾਂ ਵਿੱਚ ਅਜਿਹੀਆਂ ਵਰਕਸ਼ਾਪਾਂ ਕਰਵਾਈਆਂ ਜਾ ਰਹੀਆਂ ਹਨ। ਇਸ ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਸੀ.ਆਈ.ਆਈ.ਐਸ. ਦੇ ਡਾਇਰੈਕਟਰ ਬਰੌਕ ਡਾਈਕਮੈਨ, ਐਲਡਰ ਵਿਲਸਨ, ਸ਼੍ਰੀਮਤੀ ਚਾਰਲੀਨ ਬਰਹੈਡ, ਡੇਵਿਡ ਵੁੱਡਵਰਡ, ਸ਼੍ਰੀਮਤੀ ਸ਼ਮਸ਼ੀ ਕਰੀਮ, ਓਮਰ ਕਰੀਮ, ਸ਼੍ਰੀਮਤੀ ਜੋਏਲ ਹੈਂਪਸਨ, ਮੋਹਿਤ ਪਿਆਰੇ, ਸ਼੍ਰੀਮਤੀ ਸੇਠ ਰੀਕਲਮਾ, ਸ਼੍ਰੀਮਤੀ ਕੁਰਟਿਸ ਜੌਹਨਸਟੋਨ, ਸ਼੍ਰੀਮਤੀ ਡਸਟਿਨ ਕਿੰਗ, ਸ਼੍ਰੀਮਤੀ ਐਂਬਰ ਲੀਜ਼, ਸ਼੍ਰੀਮਤੀ ਮੋਗਨ ਵੂਲਡ,, ਸ਼੍ਰੀਮਤੀ ਗਵੇਨ ਓਮਾਹੋਨੀ, ਕਾਰਤਿਕ ਚਵਾਨ, ਲਿਊਕ ਨਿਕਸਨ, ਸ਼੍ਰੀਮਤੀ ਲਿੰਡਸੇ ਪਾਸਮੇਰ, ਡਾ: ਰਵੀ ਰਾਜੂ, ਵਿਲੀਅਮ ਜਾਰਜ ਸ਼ਾਰਪ ਅਤੇ ਸ਼੍ਰੀਮਤੀ ਸ਼੍ਰੀਵਿਧਿਆ ਮੌਲੀ ਆਦਿ ਨੇ ਸੰਬੋਧਨ ਕੀਤਾ। ਸਮਾਗਮ ਦੇ ਅੰਤ ਵਿੱਚ ਭਾਗੀਦਾਰਾਂ ਨੂੰ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ।

# ਦਿਨ-ਦਿਹਾੜੇ ਘਰ ਅੰਦਰੋਂ ਕਾਰ ਚੋਰੀ

**ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)**-ਦਿਨ-ਦਿਹਾੜੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਨੇੜੇ ਘੁੱਗ-ਵੱਸਦੇ ਖੇਤਰ ਵਿਚ ਇਕ ਘਰ ਦੇ ਅੰਦਰੋਂ ਇਕ ਕਾਰ ਚੋਰੀ ਹੋਣ ਦੀ ਖਬਰ ਮਿਲੀ ਹੈ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਜਦੀਕ ਖਾਲਸਾ ਪੰਜਾਬੀ ਢਾਬਾ ਦੇ ਮਾਲਕ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਹ ਸਵੇਰੇ ਤਕਰੀਬਨ ਸਾਢੇ ਗਿਆਰਾਂ ਵਜੇ ਪਰਿਵਾਰ ਸਮੇਤ ਆਪਣੀ ਇਨੋਵਾ ਕਾਰ ਵਿਚ ਸਵਾਰ ਹੋ ਕੇ ਰਿਸ਼ਤੇਦਾਰੀ ਵਿਚ ਕਿਸੇ ਸਮਾਗਮ ਵਿਚ ਸ਼ਾਮਲ ਹੋਣ ਲਈ ਨਿਕਲੇ ਸਨ। ਤਕਰੀਬਨ ਪੌਣੇ ਬਾਰਾਂ ਵਜੇ ਉਨ੍ਹਾਂ ਨੂੰ ਘਰ ਦੇ ਨਾਲ ਇਕ ਜਾਣਕਾਰ ਦੁਕਾਨਦਾਰ ਨੇ ਫੋਨ ਕਰਕੇ ਦੱਸਿਆ ਕਿ ਤੁਹਾਡੇ ਘਰ ਦੇ ਅੰਦਰੋਂ ਇਕ ਨੌਜਵਾਨ ਕਾਰ ਲੈ ਕੇ ਗਿਆ ਹੈ, ਜਿਸ ਤੋਂ ਤੁਰੰਤ ਉਹ ਵਾਪਸ ਆ ਗਏ ਅਤੇ ਘਰ ਦੇ ਸੀਸੀਟੀਵੀ ਕੈਮਰੇ ਚੈੱਕ ਕਰਨ 'ਤੇ ਪਤਾ ਲੱਗਾ ਕਿ ਇਕ ਨੌਜਵਾਨ ਉਨ੍ਹਾਂ ਦੇ ਘਰੋਂ ਜਾਣ ਤੋਂ ਬਾਅਦ ਘਰ ਅੰਦਰ ਦਾਖਲ ਹੋਇਆ ਅਤੇ ਚਾਬੀ ਨਾਲ ਐਸਪ੍ਰੈਸੋ ਕਾਰ ਨੰਬਰ ਪੀ.ਬੀ. 16 ਜੀ 2820 ਸਟਾਰਟ ਕੀਤੀ ਅਤੇ ਲੈ ਕੇ ਫਰਾਰ ਹੋ ਗਿਆ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਬੀਤੇ ਕੱਲ੍ਹ ਉਨ੍ਹਾਂ ਦੀ ਕਾਰ ਦੀ ਚਾਬੀ ਘਰ ਦੇ ਅੰਦਰੋਂ ਹੀ ਗੁੰਮ ਹੋ ਗਈ ਸੀ, ਜਿਸ ਸਬੰਧੀ ਕਾਰ ਚੋਰੀ ਹੋਣ ਤੋਂ ਬਾਅਦ ਜਦੋਂ ਉਨ੍ਹਾਂ ਸੀਸੀਟੀਵੀ ਕੈਮਰੇ ਚੰਗੀ ਤਰ੍ਹਾਂ ਵੇਖੇ ਤਾਂ ਉਨ੍ਹਾਂ ਤੋਂ ਪਤਾ ਲੱਗਾ ਕਿ ਕਾਰ ਚੋਰੀ ਕਰਨ ਵਾਲਾ ਨੌਜਵਾਨ ਹੀ ਕੱਲ੍ਹ ਘਰ ਅੰਦਰ ਦਾਖਲ ਹੋ ਕੇ ਕਾਰ ਦੀ ਚਾਬੀ ਲੈ ਕੇ ਭੱਜ ਗਿਆ ਸੀ, ਜਿਸ ਦਾ ਉਨ੍ਹਾਂ ਨੂੰ ਪਤਾ ਤੱਕ ਨਾ ਲੱਗਾ। ਕਾਰ ਚੋਰੀ ਹੋਣ ਦੀ ਜਾਣਕਾਰੀ ਮਿਲਣ 'ਤੇ ਤੁਰੰਤ ਚੌਕੀ ਇੰਚਾਰਜ ਮੈਡਮ ਸਵਾਤੀ ਧੀਮਾਨ ਅਤੇ ਥਾਣਾ ਮੁਖੀ ਸਿਮਰਜੀਤ ਸਿੰਘ ਮੌਕੇ 'ਤੇ ਪੁੱਜੇ ਅਤੇ ਉਨ੍ਹਾਂ ਸੀਸੀਟੀਵੀ ਫੁਟੇਜ ਆਪਣੇ ਕਬਜੇ ਵਿਚ ਲੈ ਕੇ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

# ਮਜੀਠੀਆ ਸਮੇਤ ਅਕਾਲੀ ਆਗੂਆਂ ਨੇ ਆਪਣੇ 10 ਸਾਲਾਂ ਦੇ ਕਾਰਜਕਾਲ ਦੌਰਾਨ ਗੈਂਗਸਟਰਾਂ ਨੂੰ ਦਿੱਤੀ ਸਰਪ੍ਰਸਤੀ : ਕੰਗ

**ਚੰਡੀਗੜ੍ਹ** : ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ 'ਤੇ ਤਿੱਖਾ ਹਮਲਾ ਕਰਦੇ ਹੋਏ ਆਮ ਆਦਮੀ ਪਾਰਟੀ (ਆਪ) ਨੇ ਉਨ੍ਹਾ ਨੂੰ ਨਸ਼ਾ ਤਸਕਰਾਂ ਨਾਲ ਆਪਣੇ ਸੰਬੰਧਾਂ ਬਾਰੇ ਦੱਸਣ ਦੀ ਚੁਣੌਤੀ ਦਿੰਦਿਆਂ ਕਿਹਾ ਕਿ ਮਜੀਠੀਆ ਵਰਗੇ ਦਾਗੀ ਨੇਤਾ, ਜੋ ਕਿ ਖੁਦ ਡਰੱਗ ਮਾਮਲੇ 'ਚ ਜ਼ਮਾਨਤ 'ਤੇ ਹੈ, ਕੋਲ ਪੰਜਾਬ ਸਰਕਾਰ ਦੇ ਕੰਮਕਾਜ 'ਤੇ ਸਵਾਲ ਉਠਾਉਣ ਦਾ ਕੋਈ ਨੈਤਿਕ ਆਧਾਰ ਨਹੀਂ ਹੈ।

ਸੋਮਵਾਰ ਨੂੰ ਪਾਰਟੀ ਦੇ ਮੁੱਖ ਦਫਤਰ ਤੋਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ, ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਚੇਅਰਮੈਨ ਡਾ: ਸੰਨੀ ਆਹਲੂਵਾਲੀਆ ਅਤੇ ਪਾਰਟੀ ਬੁਲਾਰੇ ਐਡਵੋਕੇਟ ਰਵਿੰਦਰ ਸਿੰਘ ਨੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ। ਕੰਗ ਨੇ ਮਜੀਠੀਆ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਆਪਣੇ ਨਿੱਜੀ ਫਾਇਦੇ ਲਈ 10 ਸਾਲਾਂ ਦੇ ਅਕਾਲੀ ਰਾਜ ਦੌਰਾਨ ਬਦਨਾਮ ਗੈਂਗਸਟਰਾਂ ਦੀ



ਪਿੱਠ ਥਾਪੜਨ ਵਾਲੇ, ਨਸ਼ਾ ਤਸਕਰਾਂ, ਗੈਂਗਸਟਰਾਂ ਅਤੇ ਮਾਫੀਆ ਨੂੰ ਰਾਜਨੀਤਕ ਪੁਸ਼ਤਪਨਾਹੀ ਦੇਣ ਵਾਲੇ ਅੱਜ ਪੰਜਾਬ ਦੇ ਉਸ ਮੁੱਖ ਮੰਤਰੀ ਦੇ ਬਿਆਨ 'ਤੇ ਸਵਾਲ ਉਠ ਰਹੇ ਹਨ, ਜੋ ਦਿਨ-ਰਾਤ ਸੂਬੇ 'ਚੋਂ ਨਸ਼ਾ ਅਤੇ ਸੰਗਠਿਤ ਅਪਰਾਧ ਨੂੰ ਖਤਮ ਕਰਨ ਲਈ ਕੰਮ ਕਰ ਰਹੇ ਹਨ।

ਕੰਗ ਨੇ ਮਜੀਠੀਆ ਨੂੰ ਬਦਨਾਮ ਨਸ਼ਾ ਤਸਕਰਾਂ ਸਤਪ੍ਰੀਤ ਸਿੰਘ ਉਰਫ ਸੱਤਾ, ਅਮਰਿੰਦਰ ਸਿੰਘ ਉਰਫ ਲਾਡੀ ਨਾਲ ਆਪਣੇ ਸਬੰਧਾਂ ਬਾਰੇ ਦੱਸਣ ਲਈ ਕਿਹਾ ਅਤੇ ਕਿਹਾ ਕਿ ਜਦੋਂ ਉਹ ਪੰਜਾਬ ਵਿੱਚ ਅਕਾਲੀ-ਭਾਜਪਾ ਸਰਕਾਰ ਦੌਰਾਨ ਮੰਤਰੀ ਸੀ ਤਾਂ ਉਹ ਉਨ੍ਹਾਂ ਦੀਆਂ ਕਾਰਾਂ ਇਹ ਸਾਰੇ ਲੋਕ ਕਿਉਂ ਘੁੰਮਦੇ ਸਨ। ਇਨ੍ਹਾਂ ਆਗੂਆਂ ਨੇ ਆਪਣਾ ਨਿੱਜੀ ਖਜ਼ਾਨਾ ਭਰਨ ਲਈ ਕਾਲਜ ਜਾਣ ਵਾਲੇ ਨੌਜਵਾਨਾਂ ਅਤੇ ਖਿਡਾਰੀਆਂ ਨੂੰ ਗੈਂਗਸਟਰ ਅਤੇ ਨਸ਼ੇ ਦੇ ਸੌਦਾਗਰ ਬਣਾ ਦਿੱਤਾ।

ਕੰਗ ਨੇ ਕਿਹਾ ਕਿ ਪੰਜਾਬ ਦੇ ਲੋਕ ਜਾਣਦੇ ਹਨ ਕਿ ਕਿਸ ਨੇ ਆਪਣੇ 10 ਸਾਲਾਂ ਦੇ ਘਿਨਾਉਣੇ ਸ਼ਾਸਨ ਦੌਰਾਨ ਅਪਰਾਧੀਆਂ ਅਤੇ ਗੈਂਗਸਟਰਾਂ ਨੂੰ ਸਰਪ੍ਰਸਤੀ ਦਿੱਤੀ ਅਤੇ ਪੰਜਾਬ ਦੇ ਭਵਿੱਖ ਨੂੰ ਤਬਾਹ ਕਰ ਦਿੱਤਾ, ਪਰ ਹੁਣ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਅਪਰਾਧੀਆਂ ਦਾ ਸਫਾਇਆ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ ਅਤੇ ਸੰਗਠਿਤ ਅਪਰਾਧ ਨੂੰ ਖਤਮ ਕਰਨ ਲਈ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ। ਮਾਨ ਸਰਕਾਰ ਗੈਂਗਸਟਰਾਂ, ਮਾਫੀਆ ਅਤੇ ਨਸ਼ਾ ਤਸਕਰਾਂ ਦੇ ਘਟੀਆ ਗਠਜੋੜ ਦੀ ਕਮਰ ਤੋੜ ਸੂਬੇ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ।

ਉਨ੍ਹਾ ਕਿਹਾ ਕਿ ਪੰਜਾਬ ਪੁਲਸ ਨੇ ਪਿਛਲੇ ਸੱਤ ਮਹੀਨਿਆਂ ਦੌਰਾਨ 400 ਤੋਂ ਵੱਧ ਗੈਂਗਸਟਰਾਂ/ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਹੈ, 02 ਗੈਂਗਸਟਰਾਂ ਦਾ ਇਨਕਾਊਂਟਰ ਕੀਤਾ ਹੈ, 3 ਦੋਸ਼ੀਆਂ ਖਿਲਾਫ ਰੈੱਡ ਕਾਰਨਰ ਨੋਟਿਸ ਜਾਰੀ ਕਰਵਾਇਆ, 105 ਗੈਂਗਸਟਰ/ ਅਪਰਾਧਿਕ ਮਾਡਿਊਲਾਂ ਦਾ ਪਰਦਾ ਫਾਸ਼ ਕੀਤਾ ਹੈ ਅਤੇ ਅਪਰਾਧਕ ਗਤੀਵਿਧੀਆਂ ਵਿੱਚ ਵਰਤੇ ਜਾਂਦੇ 385 ਹਥਿਆਰ ਅਤੇ 90 ਵਾਹਨ ਬਰਾਮਦ ਕੀਤੇ ਹਨ।

## ਮਲਕੀਤ ਸਿੰਘ ਚੰਗਾਲ ਨੂੰ ਅੰਤਰਿੰਗ ਕਮੇਟੀ ਦਾ ਮੈਂਬਰ ਬਣਨ 'ਤੇ ਕੀਤਾ ਸਨਮਾਨਤ



**ਛਾਜਲੀ (ਜਸਵੀਰ ਲਾਡੀ)**-ਇੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਕਮੇਟੀ ਮੈਂਬਰ ਜਥੇਦਾਰ ਮਲਕੀਤ ਸਿੰਘ ਚੰਗਾਲ ਨੂੰ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦਾ ਮੈਂਬਰ ਬਣਨ 'ਤੇ ਸਨਮਾਨਤ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਆਗੂ ਜਥੇਦਾਰ ਹਰੀਨੰਦ ਸਿੰਘ ਛਾਜਲਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਥੇਦਾਰ ਮਲਕੀਤ ਸਿੰਘ ਚੰਗਾਲ ਨੂੰ ਅੰਤਰਿੰਗ ਕਮੇਟੀ ਮੈਂਬਰ ਬਨਣ 'ਤੇ ਵਿਧਾਨ ਸਭਾ ਹਲਕਾ ਦਿੜ੍ਹਬਾ ਦੇ ਵੱਖ ਵੱਖ ਪਿੰਡਾਂ ਵਿੱਚ ਸਨਮਾਨਤ ਕੀਤਾ ਗਿਆ। ਇਸੇ ਲੜੀ ਤਹਿਤ ਪਿੰਡ ਛਾਜਲਾ ਵਿਖੇ ਸਨਮਾਨਤ ਕੀਤਾ ਗਿਆ ਤੇ ਵਧਾਈਆਂ ਦਿੱਤੀਆਂ। ਇਸ ਮੌਕੇ ਵਧਾਈਆਂ ਦੇਣ ਵਾਲਿਆਂ ਵਿੱਚ ਮਾਸਟਰ ਰਣਜੀਤ ਸਿੰਘ ਛਾਜਲਾ, ਸੁਰਿੰਦਰ ਕੁਮਾਰ ਸਰਪੰਚ ਮੌਜੋਵਾਲ, ਜਗਤਾਰ ਸਿੰਘ ਮੌਜੋਵਾਲ, ਅਮਰਜੀਤ ਸਿੰਘ ਸਾਬਕਾ ਸਰਪੰਚ ਸੰਗਤਪੁਰਾ, ਸੁਜਾਨ ਸਿੰਘ ਸਾਬਕਾ ਸਰਪੰਚ, ਹੰਸ ਰਾਜ (ਮਾਰਸ਼ਲ ਲੈਬ), ਦਰਸ਼ਨ ਸਿੰਘ ਕੰਬੋਜ ਛਾਜਲੀ, ਡਾਕਟਰ ਜੁਗਰਾਜ ਸਿੰਘ ਛਾਜਲੀ, ਮਾਸਟਰ ਦਰਬਾਰਾ ਸਿੰਘ ਛਾਜਲੀ, ਹਰਵਿੰਦਰਵੀਰ ਕਾਕਾ, ਕੁਲਦੀਪ ਸਿੰਘ, ਕੁਲਵਿੰਦਰ ਸਿੰਘ ਡਸਕਾ, ਮਾਸਟਰ ਗੁਰਮੀਤ ਸਿੰਘ, ਧਰਮਿੰਦਰ ਸਿੰਘ ਰੱਤਾ ਖੇੜਾ ਤੇ ਰਾਹੁਲਪ੍ਰੀਤ ਸਿੰਘ ਹਾਜ਼ਰ ਸਨ।

## ਵੈਦ ਬੋਘਾ ਸਿੰਘ ਇੰਸਾਂ ਨਮਿੱਤ ਸ਼ਰਧਾਂਜਲੀ ਸਮਾਰੋਹ



**ਲੌਂਗੋਵਾਲ (ਪ੍ਰਦੀਪ ਸੱਪਲ)**-ਵੈਦ ਬੋਘਾ ਸਿੰਘ ਇੰਸਾਂ (71) ਪੁੱਤਰ ਹਾਕਮ ਸਿੰਘ ਵਾਸੀ ਝਾੜੋਂ ਪਿਛਲੇ ਦਿਨੀਂ ਕੁੱਲ ਮਾਲਕ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਅੱਜ ਉਨ੍ਹਾਂ ਨਮਿੱਤ ਸ਼ਰਧਾਂਜਲੀ ਸਮਾਰੋਹ ਨਾਮ ਚਰਚਾ ਘਰ ਪਿੰਡ ਝਾੜੋਂ ਵਿਖੇ ਹੋਇਆ। ਇਸ ਮੌਕੇ ਰਾਜਨੀਤਕ ਵਿੰਗ ਦੇ 45 ਮੈਂਬਰ ਰਾਮਕਰਨ ਇੰਸਾਂ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਵੈਦ ਬੋਘਾ ਸਿੰਘ ਇੰਸਾਂ ਨੇ ਪਰਮਪਿਤਾ ਸ਼ਾਹ ਸਤਿਨਾਮ ਸਿੰਘ ਜੀ ਮਹਾਰਾਜ ਤੋਂ ਨਾਮ ਦੀ ਅਨਮੋਲ ਦਾਤ ਪ੍ਰਾਪਤ ਕੀਤੀ। ਉਸ ਸਮੇਂ ਤੋਂ ਲੈ ਕੇ ਉਹ ਡੇਰਾ ਸੱਚਾ ਸੌਦਾ ਨੂੰ ਸਮਰਪਤ ਹੋਏ। ਉਨ੍ਹਾ ਦਾ ਇੱਕੋ ਇੱਕ ਮਕਸਦ ਸੀ ਕਿ ਉਹ ਮਾਨਵਤਾ ਭਲਾਈ ਕਾਰਜਾਂ ਨੂੰ ਪਹਿਲ ਦੇਣ ਦੇ ਨਾਲ-ਨਾਲ ਉਨ੍ਹਾਂ ਪਰਿਵਾਰ ਨੂੰ ਇੱਕਜੁੱਟ ਰੱਖਿਆ, ਉਥੇ ਹੀ ਬਲਾਕ ਦੀ ਪੰਜ ਮੈਂਬਰੀ ਕਮੇਟੀ ਦੇ ਪੰਜ ਮੈਂਬਰ ਹੁੰਦੇ ਹੋਏ ਹਜ਼ਾਰਾਂ ਜੀਵਾਂ ਨੂੰ ਸੰਤ ਡਾ. ਗੁਰਮੀਤ ਰਾਮ ਰਹੀਮ ਸਿੰਘ ਜੀ ਇੰਸਾਂ ਤੋਂ ਨਾਮ ਅਨਮੋਲ ਦਾਤ ਦਿਵਾਈ। ਵੈਦ ਬੋਘਾ ਸਿੰਘ ਇੰਸਾਂ ਦਾ ਇਸ ਫਾਨੀ ਦੁਨੀਆ ਤੋਂ ਚਲੇ ਜਾਣ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਪੰਤਾਲੀ ਮੈਂਬਰ ਪੰਜਾਬ ਬਲਦੇਵ ਕ੍ਰਿਸ਼ਨ ਇੰਸਾਂ, ਮਨਜੀਤ ਸਿੰਘ ਇੰਸਾਂ, ਟੇਕ ਸਿੰਘ ਇੰਸਾਂ, ਰਾਜ ਕੁਮਾਰ ਇੰਸਾਂ, ਦਰਸ਼ਨਾ ਇੰਸਾਂ, ਨਿਰਮਲਾ ਇੰਸਾਂ, ਕਮਲਾ ਇੰਸਾਂ, ਜ਼ਿਲ੍ਹਾ ਪੰਚੀ ਮੈਂਬਰ ਸੁਖਪਾਲ ਸਿੰਘ ਇੰਸਾਂ, ਬਰਨਾਲਾ ਡਾਕਟਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਐੱਨ ਆਰ ਆਈ ਡਾਕਟਰ ਲਾਭ ਸਿੰਘ ਇੰਸਾਂ ਨੇ ਸ਼ਰਧਾਂਜਲੀ ਭੇਟ ਕੀਤੀ। ਵੈਦ ਬੋਘਾ ਸਿੰਘ ਇੰਸਾਂ ਨੂੰ ਪਰਿਵਾਰ ਮੈਂਬਰਾਂ ਬਲਜੀਤ ਕੌਰ ਇੰਸਾਂ ਪਤਨੀ ਅਵਤਾਰ ਸਿੰਘ ਇੰਸਾਂ, ਕਰਮਜੀਤ ਕੌਰ ਇੰਸਾਂ ਪਤਨੀ ਚਮਕੌਰ ਸਿੰਘ ਇੰਸਾਂ ਤੇ ਅਵਤਾਰ ਸਿੰਘ ਇੰਸਾਂ, ਚਮਕੌਰ ਸਿੰਘ ਇੰਸਾਂ, ਗੁਰਸੇਵਕ ਸਿੰਘ ਨਿੱਕੂ, ਕੇਵਲ ਸਿੰਘ ਇੰਸਾਂ, ਬੂਟਾ ਸਿੰਘ ਤੇ ਮੇਜਰ ਸਿੰਘ ਨੇ ਸ਼ਰਧਾਂਜਲੀ ਭੇਟ ਕੀਤੀ।

## ਸੁਪਰੀਮ ਇੰਟਰਨੈਸ਼ਨਲ ਸਕੂਲ 'ਚ ਹੋਏ ਖੇਡ ਮੁਕਾਬਲੇ



**ਮਹਿਲ ਕਲਾਂ (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)**-ਸੁਪਰੀਮ ਇੰਟਰਨੈਸ਼ਨਲ ਸਕੂਲ ਮਹਿਲ ਕਲਾਂ ਵਿਖੇ ਸਾਲਾਨਾ ਖੇਡ ਦਿਵਸ 2022 ਨੂੰ ਸਮਰਪਤ ਪ੍ਰਭਾਵਸ਼ਾਲੀ ਸਮਾਗਮ ਸੰਸਥਾ ਦੇ ਪ੍ਰਿੰਸੀਪਲ ਮੈਡਮ ਸ਼ਿਆਮਾ ਨਾਇਰ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਮੈਨੇਜਿੰਗ ਡਾਇਰੈਕਟਰ ਚਰਨ ਸਿੰਘ, ਲੇਖਕਾ ਮਨਦੀਪ ਕੌਰ, ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ ਦੇ ਚੇਅਰਮੈਨ ਅਵਤਾਰ ਸਿੰਘ ਅਣਖੀ, ਪ੍ਰਧਾਨ ਬਲਵਿੰਦਰ ਸਿੰਘ ਵਜੀਦਕੇ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਕੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਸਕੂਲੀ ਵਿਦਿਆਰਥੀਆਂ ਵੱਲੋਂ ਮਾਰਚ ਪਾਸਟ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਮੈਨੇਜਿੰਗ ਡਾਇਰੈਕਟਰ ਚਰਨ ਸਿੰਘ ਵੱਲੋਂ ਸਕੂਲ ਦਾ ਝੰਡਾ ਝੁਲਾਇਆ ਗਿਆ। ਸਕੂਲੀ ਵਿਦਿਆਰਥੀਆਂ ਨੇ ਵੱਖ ਵੱਖ ਖੇਡਾਂ ਵਿੱਚ ਹਿੱਸਾ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਐੱਮ ਡੀ ਚਰਨ ਸਿੰਘ ਨੇ ਜੇਤੂਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਖੇਡਾਂ ਬੱਚਿਆਂ ਨੂੰ ਤੰਦਰੁਸਤ ਰੱਖਦੀਆਂ ਹਨ ਤੇ ਖੇਡਾਂ ਦੇ ਖੇਤਰ ਵਿੱਚ ਬੱਚੇ ਲਗਾਤਾਰ ਅੱਗੇ ਵਧ ਰਹੇ ਹਨ। ਸੰਸਥਾ ਵੱਲੋਂ ਵੀ ਬੱਚਿਆਂ ਨੂੰ ਸਿੱਖਿਆ ਦੇ ਨਾਲ ਨਾਲ ਖੇਡਾਂ ਵਿੱਚ ਵੀ ਮੌਕੇ ਪ੍ਰਦਾਨ ਕੀਤੇ ਜਾ ਰਹੇ ਹਨ। ਇਸ ਮੌਕੇ ਅਧਿਆਪਕਾਂ ਦੀ 100 ਮੀਟਰ ਦੌੜ ਵੀ ਕਰਵਾਈ ਗਈ। ਅਖੀਰ ਜੇਤੂ ਖਿਡਾਰੀਆਂ ਦਾ ਚੇਅਰਮੈਨ ਅਵਤਾਰ ਸਿੰਘ ਅਣਖੀ, ਐੱਮ ਡੀ ਚਰਨ ਸਿੰਘ, ਪ੍ਰਧਾਨ ਬਲਵਿੰਦਰ ਸਿੰਘ ਵਜੀਦਕੇ ਤੇ ਪ੍ਰਿੰਸੀਪਲ ਸ਼ਿਆਮਾ ਨਾਇਰ ਦੀ ਅਗਵਾਈ ਹੇਠ ਤਮਗਿਆਂ ਨਾਲ ਸਨਮਾਨ ਕੀਤਾ ਗਿਆ।

## ਕੇਵਲ ਸਿੰਘ ਢਿੱਲੋਂ ਦੀ ਨਿਯੁਕਤੀ 'ਤੇ ਬਾਂਸਲ ਵੱਲੋਂ ਹਾਈਕਮਾਨ ਦਾ ਧੰਨਵਾਦ



**ਧਨੌਲਾ (ਕਰਮਜੀਤ ਸਿੰਘ ਸਾਗਰ)**-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸੱਜੀ ਬਾਂਹ ਜਾਣੇ ਜਾਂਦੇ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਪ੍ਰਦੇਸ ਭਾਰਤੀ ਜਨਤਾ ਪਾਰਟੀ ਦਾ ਮੀਤ ਪ੍ਰਧਾਨ ਨਿਯੁਕਤ ਕਰਨ 'ਤੇ ਧਨੌਲਾ ਬਰਨਾਲਾ 'ਚ ਪੂਰੀ ਖੁਸ਼ੀ ਦੀ ਲਹਿਰ ਛਾਈ ਹੋਈ ਹੈ। ਸ੍ਰ. ਕੇਵਲ ਸਿੰਘ ਢਿੱਲੋਂ ਦੀ ਹੋਈ ਇਸ ਨਿਯੁਕਤੀ ਧਨੌਲਾ ਦੇ ਭਾਜਪਾ ਆਗੂਆਂ ਨੇ ਖੁਸ਼ੀ ਸਾਂਝੀ ਕਰਦਿਆਂ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਜੀਵਨ ਕੁਮਾਰ ਬਾਂਸਲ ਨੇ ਕੇਂਦਰੀ ਹਾਈ ਕਮਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਕੌਮੀ ਪ੍ਰਧਾਨ ਜੇ. ਪੀ. ਨੱਡਾ, ਭਾਜਪਾ ਪੰਜਾਬ ਪ੍ਰਧਾਨ ਅਸ਼ਵਨੀ ਕੁਮਾਰ ਸ਼ਰਮਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੇਵਲ ਸਿੰਘ ਢਿੱਲੋਂ ਇਲਾਕੇ ਦੀ ਨਾਮਵਰ, ਇਮਾਨਦਾਰ, ਬੇਦਾਗ ਤੇ ਹਰਮਨ ਪਿਆਰੇ ਦੁੱਖ ਸੁੱਖ 'ਚ ਮੋਢੇ ਨਾਲ ਮੋਢਾ ਲਾ ਕੇ ਇਲਾਕਾ ਵਾਸੀਆਂ ਨਾਲ ਖੜਨ ਵਾਲੇ ਲੀਡਰ ਹਨ, ਜੋ ਇਲਾਕੇ 'ਚ ਕਿਸੇ ਜਾਣ ਪਹਿਚਾਣ ਦੇ ਮੋਹਤਾਜ ਨਹੀਂ ਤੇ ਹਮੇਸ਼ਾ ਉਨ੍ਹਾਂ ਇਲਾਕੇ ਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਕੀਤਾ ਹੈ ਤੇ ਬਰਨਾਲੇ ਨੂੰ ਜ਼ਿਲ੍ਹਾ ਬਣਾਉਣ ਦਾ ਸਿਹਰਾ ਵੀ ਕੇਵਲ ਸਿੰਘ ਢਿੱਲੋਂ ਨੂੰ ਹੀ ਜਾਂਦਾ ਹੈ। ਬਾਂਸਲ ਨੇ ਕਿਹਾ ਕਿ ਕੇਵਲ ਸਿੰਘ ਢਿੱਲੋਂ ਦੀ ਨਿਯੁਕਤੀ 'ਤੇ ਧਨੌਲਾ ਇਲਾਕਾ ਦੇ ਵਾਸੀਆਂ 'ਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ। ਇਸ ਮੌਕੇ ਸੂਬਾ ਕਾਰਜਕਾਰਨੀ ਮੈਂਬਰ ਪ੍ਰਮਿੰਦਰ ਸਿੰਘ ਖੁਰਮੀ, ਮੰਗਲ ਦੇਵ ਸ਼ਰਮਾ, ਮੰਡਲ ਪ੍ਰਧਾਨ ਜਗਤਾਰ ਸਿੰਘ ਤਾਰੀ, ਜ਼ਿਲ੍ਹਾ ਕਾਨੂੰਨੀ ਸਲਾਹਕਾਰ ਐਡਵੋਕੇਟ ਚੰਦਰ ਬਾਂਸਲ, ਪ੍ਰਧਾਨ ਅਗਰਵਾਲ ਸਭਾ ਧਨੌਲਾ ਅਰੁਨ ਕੁਮਾਰ ਰਾਜੂ, ਦਰਸ਼ਨ ਧਾਲੀਵਾਲ, ਸਾਬਕਾ ਕੌਂਸਲਰ ਕੁਲਦੀਪ ਕੁਮਾਰ ਗੋਲੀ, ਲਵਲੀਨ ਭਾਰਦਵਾਜ ਆਦਿ ਨੇ ਵੀ ਖੁਸ਼ੀ ਦਾ ਪ੍ਰਗਟਾਵਾ ਕੀਤਾ।

## ਪੰਜਾਬੀ ਸਾਹਿਤ ਸਭਾ ਵੱਲੋਂ 'ਪੌਂਡਾਂ ਦੇ ਮੁਰੀਦ' ਗੀਤ ਲੋਕ ਅਰਪਣ



**ਧੂਰੀ (ਸੁਖਦੇਵ ਧੂਰੀ)**-ਪੰਜਾਬੀ ਸਾਹਿਤ ਸਭਾ ਧੂਰੀ ਦੀ ਮਾਸਿਕ ਇਕੱਤਰਤਾ ਪ੍ਰਿੰਸੀਪਲ ਕਿਰਪਾਲ ਸਿੰਘ ਜਵੰਧਾ ਦੀ ਪ੍ਰਧਾਨਗੀ ਹੇਠ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਭਵਨ ਵਿਖੇ ਹੋਈ, ਜਿਸ ਵਿੱਚ ਸਵਰਗੀ ਸੀ ਆਰ ਮੋਦਗਿੱਲ, ਅਮਰਜੀਤ ਕੌਰ ਹਿਰਦੇ, ਸ਼ਵਿੰਦਰ ਕੌਰ ਨੇ ਸਭਾ ਦੇ ਮੋਢੀ ਮੈਂਬਰ ਕੁਲਤਾਰ ਸਿੰਘ ਕੰਗ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਦੁਖੀ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਦੂਸਰੇ ਦੌਰ ਵਿੱਚ ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਦੁਆਰਾ ਲਿਖਿਆ ਤੇ ਬਲਬੀਰ ਸਿੰਘ ਦਿਲਦਾਰ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਗੀਤ 'ਪੌਂਡਾਂ ਦੇ ਮੁਰੀਦ' ਲੋਕ ਅਰਪਣ ਕੀਤਾ ਗਿਆ। ਅੰਤ ਵਿੱਚ ਸੁਖਵਿੰਦਰ ਸਿੰਘ ਲੋਟੇ ਦੀ ਸਟੇਜ ਸਕੱਤਰੀ ਅਧੀਨ ਹਾਜ਼ਰ ਮੈਂਬਰਾਂ ਵਿੱਚੋਂ ਕਰਮ ਸਿੰਘ ਜ਼ਖਮੀ, ਜਗਦੇਵ ਸ਼ਰਮਾ, ਦੇਵੀ ਸਰੂਪ ਮੀਮਸਾ, ਗੁਰਮੀਤ ਸੋਹੀ, ਡਾ. ਪਰਮਜੀਤ ਦਰਦੀ, ਸੁਖਵਿੰਦਰ ਹਥੋਆ, ਗੁਰਦਿਆਲ ਨਿਰਮਾਣ, ਸੁਖਦੇਵ ਸ਼ਰਮਾ, ਚਰਨਜੀਤ ਮੀਮਸਾ, ਸੁਖਦੇਵ ਪੇਂਟਰ, ਕੁਲਜੀਤ ਧਵਨ, ਮੀਤ ਸਕਰੌਦੀ, ਗੁਰਤੇਜ ਮੱਲੂਮਾਜਰਾ, ਮਹਿੰਦਰ ਜੀਤ ਸਿੰਘ, ਸੇਵਾ ਸਿੰਘ ਧਾਲੀਵਾਲ, ਅਜਮੇਰ ਸਿੰਘ ਫਰੀਦਪੁਰ ਤੇ ਇੰਦਰਜੀਤ ਸਿੰਘ ਨੇ ਆਪੋ ਆਪਣੀਆਂ ਸੱਜਰੀਆਂ ਤੇ ਚੋਣਵੀਆਂ ਰਚਨਾਵਾਂ ਪੇਸ਼ ਕਰਕੇ ਖੂਬ ਰੰਗ ਬੰਨ੍ਹਿਆ। ਸਭਾ ਦੀ ਅਗਲੀ ਮਾਸਿਕ ਇਕੱਤਰਤਾ 01 ਜਨਵਰੀ 2023 ਨੂੰ ਨਵੇਂ ਸਾਲ ਵਿੱਚ ਹੋਵੇਗੀ।

## ਤਹਿਸੀਲਦਾਰ ਸਾਹਿਬ ਹੋਏ ਈਦ ਦਾ ਚੰਨ : ਰਾਜੂ ਖੇੜਾ



**ਜਲਾਲਾਬਾਦ (ਦਹੂਜਾ)**-ਰਾਜੂ ਖੇੜਾ ਪੰਜਾਬ ਪ੍ਰਧਾਨ ਐਂਟੀ ਕੁਰੱਪਸ਼ਨ ਬਿਊਰੋ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਜਲਾਲਾਬਾਦ ਤਹਿਸੀਲ ਕੰਪਲੈਕਸ ਵਿੱਚ ਤਹਿਸੀਲਦਾਰ ਬਰਾੜ ਸਾਹਿਬ ਈਦ ਦਾ ਚੰਨ ਹੋ ਗਏ ਨੇ, ਕਿਉਂਕਿ ਉਨ੍ਹਾ ਦਾ ਇਥੇ ਐਡੀਸ਼ਨਲ ਚਾਰਜ ਹੈ, ਜਿਸ ਕਾਰਨ ਲੋਕਾ ਨੂੰ ਬਹੁਤ ਖੱਜਲ ਖੁਆਰ ਹੋਣਾ ਪੈਂਦਾ ਹੈ। ਰਾਜੂ ਖੇੜਾ ਨੇ ਕਿਹਾ ਕੇ ਸਾਰਾ ਬੋਝ ਨਾਇਬ ਤਹਿਸੀਲਦਾਰ ਗੁੰਬਰ ਸਾਹਿਬ ਉਪਰ ਪੈ ਰਿਹਾ ਹੈ, ਉਨ੍ਹਾ ਨੂੰ ਦੂਹਰੀ ਡਿਊਟੀ ਕਰਨੀ ਪੈਂਦੀ ਹੈ ਤੇ ਕੰਮ ਦਾ ਬੋਝ ਜ਼ਿਆਦਾ ਹੋਣ ਕਾਰਨ ਉਨ੍ਹਾਂ ਨੂੰ ਰੋਟੀ ਖਾਣੀ ਵੀ ਨਸੀਬ ਨਹੀਂ ਹੁੰਦੀ ਤੇ ਕਈ ਵਾਰ ਦੇਰ ਰਾਤ ਤੱਕ ਉਨ੍ਹਾਂ ਨੂੰ ਕੰਮ ਕਰਨਾ ਪੈਂਦਾ ਹੈ। ਰਾਜੂ ਖੇੜਾ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕੇ ਸਾਡੇ ਹਲਕੇ ਜਲਾਲਾਬਾਦ 'ਚ ਤਹਿਸੀਲ ਕੰਪਲੈਕਸ ਵਿੱਚ ਪੱਕੇ ਤੌਰ 'ਤੇ ਤਹਿਸੀਲਦਾਰ ਨਿਯੁਕਤ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਰਜਿਸਟਰੀਆਂ ਤੋਂ ਇਲਾਵਾ ਨਾਇਬ ਸਾਹਿਬ ਨੂੰ ਫੀਲਡ ਵਿੱਚ ਵੀ ਜਾਣਾ ਪੈਂਦਾ ਹੈ, ਦਫਤਰ ਵਿੱਚ ਹੋਰ ਵੀ ਕਾਗਜ਼ੀ ਪੱਤਰੀ ਕੰਮ ਹੁੰਦੇ ਨੇ ਇਕੱਲਾ ਨਾਇਬ ਤਹਿਸੀਲਦਾਰ ਇਹ ਸਾਰਾ ਕੰਮ ਨਹੀਂ ਕਰ ਸਕਦੈ, ਇਸ ਕਰਕੇ ਜਲਦ ਤੋਂ ਜਲਦ ਪੱਕੇ ਤੌਰ 'ਤੇ ਤਹਿਸੀਲਦਾਰ ਸਾਹਿਬ ਨਿਯੁਕਤ ਕੀਤਾ ਜਾਵੇ।

# ਬੰਦੀ ਸਿੰਘਾਂ ਦੀ ਰਿਹਾਈ ਲਈ ਗੁਰਦੁਆਰਾ ਮੰਜੀ ਸਾਹਿਬ ਕੋਟਾਂ ਵਿਖੇ ਦਸਤਖ਼ਤ ਮੁਹਿੰਮ

**ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਨਾ ਕੇਂਦਰ ਸਰਕਾਰ ਦੀ ਘੋਰ ਬੇਇਨਸਾਫੀ : ਰਿਆ, ਖੱਟੜਾ, ਰਾਏਪੁਰ**

**ਦੋਰਾਹਾ (ਹਰਮਿੰਦਰ ਸੇਠ)**

ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਸਤਖ਼ਤ ਮੁਹਿੰਮ ਤਹਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਕੋਟਾਂ ਵਿਖੇ ਸਮਾਗਮ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਦਵਿੰਦਰ ਸਿੰਘ ਖੱਟੜਾ ਦੀ ਦੇਖ-ਰੇਖ ਹੇਠ ਕੀਤਾ ਗਿਆ। ਇਸ ਮੌਕੇ ਮੀਤ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਚਰਨ ਸਿੰਘ ਕੋਹਾਲਾ, ਜੂਨੀਅਰ ਮੀਤ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਰਿਆ ਉਚੇਚੇ ਤੌਰ 'ਤੇ ਪੁੱਜੇ। ਅੱਜ ਗੁਰੂ ਘਰ ਵਿਖੇ ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖਤੀ ਮੁਹਿੰਮ ਦਾ ਆਗਾਜ਼ ਪਾਠੀ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਕੀਤਾ ਗਿਆ। ਜੂਨੀਅਰ ਮੀਤ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਰਿਆ ਨੇ ਆਖਿਆ ਕਿ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਅਨੇਕ ਸਿੱਖਾਂ ਨੂੰ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਰਿਹਾਅ ਨਾ ਕਰਕੇ ਉਨ੍ਹਾਂ ਨਾਲ ਬੇਇਨਸਾਫੀ ਕੀਤੀ ਜਾ ਰਹੀ ਹੈ। ਦੇਸ਼ ਦੇ ਕਾਨੂੰਨ ਅਨੁਸਾਰ ਹੀ ਰਾਜੀਵ ਗਾਂਧੀ ਦੇ ਕਾਤਲਾਂ ਨੂੰ ਫਾਂਸੀ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਸੀ, ਪਰ ਉਹ ਰਿਹਾਅ ਕਰ ਦਿੱਤੇ ਗਏ। ਬਿਲਕਿਸ ਬਾਨੋ ਦੇ ਪਰਿਵਾਰ ਦੇ ਕਾਤਲਾਂ ਤੇ ਬਲਾਤਕਾਰੀਆਂ ਨੂੰ ਗੁਜਰਾਤ ਸਰਕਾਰ ਵੱਲੋਂ ਰਿਹਾਅ ਕਰ ਦਿੱਤਾ ਗਿਆ ਹੈ। ਸਿੱਖ ਨੌਜੁਆਨਾਂ



ਨੂੰ ਝੂਠੇ ਪੁਲਸ ਮੁਕਾਬਲਿਆਂ ਵਿੱਚ ਮਾਰਨ ਦੇ ਦੋਸ਼ੀ ਪੁਲਸ ਅਫਸਰਾਂ ਨੂੰ ਸੀ.ਬੀ.ਆਈ. ਅਦਾਲਤਾਂ ਵੱਲੋਂ ਉਮਰ ਕੈਦ ਦੀਆਂ ਸਜ਼ਾਵਾਂ ਹੋਣ ਤੋਂ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਹੀ ਰਿਹਾਅ ਕਰ ਦਿੱਤਾ ਗਿਆ, ਪਰ ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ 'ਤੇ ਸਤੰਬਰ 2019 ਵਿੱਚ ਕੁਝ ਬੰਦੀ ਸਿੰਘਾਂ ਦੀ ਰਿਹਾਈ ਲਈ ਜਾਰੀ ਕੀਤਾ ਗਿਆ ਨੋਟੀਫਿਕੇਸ਼ਨ ਵੀ ਲਾਗੂ ਨਹੀਂ ਕੀਤਾ ਗਿਆ, ਜੋ ਕਿ ਮਨੁੱਖੀ ਅਧਿਕਾਰਾਂ ਦਾ ਉਲੰਘਣ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਪ੍ਰਤੀ ਸਰਕਾਰਾਂ ਦੇ ਨਕਾਰਾਤਮਕ ਰਵੱਈਏ ਕਾਰਨ ਸਿੱਖ ਕੌਮ ਅੰਦਰ ਵੱਡਾ ਰੋਸ ਬਣਿਆ ਹੋਇਆ ਹੈ ਤੇ ਇਸ ਨਾਲ ਸਰਕਾਰਾਂ ਪ੍ਰਤੀ ਬੇਭਰੋਸਗੀ ਪੈਦਾ ਹੋ ਰਹੀ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਦਵਿੰਦਰ ਸਿੰਘ ਖਟੜਾ ਨੇ ਆਖਿਆ ਕਿ ਬੰਦੀ ਸਿੰਘਾਂ ਦਾ ਦੋਸ਼ ਕੇਵਲ ਇਹ ਹੈ ਕਿ ਇਨ੍ਹਾਂ ਨੇ ਤਤਕਾਲੀ ਕਾਂਗਰਸ ਸਰਕਾਰ ਵੱਲੋਂ 1984 ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਅਨੇਕਾਂ ਗੁਰਦੁਆਰਾ ਸਾਹਿਬਾਨ 'ਤੇ ਕੀਤੇ ਫੌਜੀ ਹਮਲੇ, ਨਵੰਬਰ 1984 'ਚ ਕੀਤੀ ਸਿੱਖ ਨਸਲਕੁਸ਼ੀ ਤੇ ਬੇਗੁਨਾਹ ਸਿੱਖਾਂ 'ਤੇ ਢਾਹੇ ਗਏ ਜਬਰ ਦੇ ਰੋਸ ਵਜੋਂ ਸੰਘਰਸ਼ ਦਾ ਰਾਹ ਚੁਣਿਆ ਸੀ। ਇਹ ਬੰਦੀ ਸਿੰਘ ਕੋਈ ਅਪਰਾਧਕ ਪਿਛੋਕੜ ਵਾਲੇ ਨਹੀਂ ਸਨ। ਬੂਟਾ ਸਿੰਘ ਰਾਏਪੁਰ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਨੇ ਕਿਹਾ ਕਿ ਕੇਂਦਰ ਦੀਆਂ ਸਰਕਾਰਾਂ ਹਮੇਸ਼ਾ ਹੀ ਸਿੱਖਾਂ ਵਿਰੁੱਧ ਹੀ ਰਹੀਆਂ ਹਨ। ਉਨ੍ਹਾਂ ਨੇ ਸਿੱਖਾਂ ਨਾਲ ਇਨਸਾਫ਼ ਨਹੀਂ ਕੀਤਾ। ਜੇਲ੍ਹਾਂ ਵਿੱਚ ਬੰਦੀ ਸਿੰਘ ਉਮਰ ਕੈਦ ਤੋਂ ਦੁੱਗਣੀਆਂ ਸਜ਼ਾਵਾਂ ਭੁਗਤ ਚੁੱਕੇ ਹੋਣ ਦੇ ਬਾਵਜੂਦ ਰਿਹਾਅ ਨਾ ਕਰਨਾ ਸੰਵਿਧਾਨ ਦੇ ਵੀ ਉਲਟ ਹੈ। ਇਸ ਮੌਕੇ ਮੈਨੇਜਰ ਗੁਰਪ੍ਰੀਤ ਸਿੰਘ ਮੱਲ੍ਹੇਵਾਲ, ਕਰਮਜੀਤ ਸਿੰਘ ਨਾਭਾ, ਬੂਟਾ ਸਿੰਘ ਰਾਏਪੁਰ, ਰਾਜਿੰਦਰ ਸਿੰਘ ਜੀਤ, ਹਰਦੀਪ ਸਿੰਘ ਹਨੀ ਰੋਸ਼ਾ, ਤੇਜਿੰਦਰ ਸਿੰਘ ਇਕੋਲਾਹਾ, ਭਾਈ ਰਾਜਿੰਦਰ ਸਿੰਘ ਕਰਤਾਰਪੁਰ, ਭਾਈ ਗੁਰਲਾਲ ਸਿੰਘ, ਪ੍ਰਿੰਸੀਪਲ ਹਰਜੀਤ ਕੌਰ ਸਿੱਧੂ, ਜਿਊਣ ਸਿੰਘ ਲਿਬੜਾ, ਗੁਰਚਰਨ ਸਿੰਘ ਨੰਦੀ ਮੈਨੇਜਰ ਰਾਣਵਾਂ, ਭਾਈ ਬਲਜੀਤ ਸਿੰਘ, ਸੁਪਰਡੈਂਟ ਬਲਜਿੰਦਰ ਸਿੰਘ, ਰਣਜੀਤ ਸਿੰਘ, ਚਰਨਜੀਤ ਸਿੰਘ ਕੋਟ ਪਨੈਚ, ਮੀਤ ਮੈਨੇਜਰ ਗੁਰਮੁੱਖ ਸਿੰਘ, ਮਨਮੋਹਨ ਸਿੰਘ, ਜਸਵੀਰ ਸਿੰਘ ਘੁੰਗਰਾਲੀ, ਦਰਸਨ ਸਿੰਘ ਚੀਮਾ, ਗੁਰਦੀਪ ਸਿੰਘ ਈਸੜੂ, ਰਾਜਵਿੰਦਰ ਸਿੰਘ ਰਾਜੂ ਸਮੇਤ ਵੱਡੀ ਗਿਣਤੀ ਵਿੱਚ ਮੁਲਾਜ਼ਮ ਤੇ ਇਲਾਕੇ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ।

## ਹਰਮਨਦੀਪ ਕੌਰ ਦੀ ਬੀ.ਸੀ.ਸੀ.ਆਈ. ਅੰਡਰ-19 ਟੂਰਨਾਮੈਂਟ ਲਈ ਚੋਣ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਕ੍ਰਿਕਟ ਐਸੋਸੀਏਸ਼ਨ ਮੋਹਾਲੀ ਵੱਲੋਂ ਸ੍ਰੀ ਮੁਕਤਸਰ ਸਾਹਿਬ ਦੀ ਹਰਮਨਦੀਪ ਕੌਰ ਦੀ ਚੋਣ ਬੀ.ਸੀ.ਸੀ.ਆਈ. ਅੰਡਰ-19 ਟੂਰਨਾਮੈਂਟ ਲਈ ਪੰਜਾਬ ਦੀ ਟੀਮ ਵਿੱਚ ਕੀਤੀ। ਇਹ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਆਨਰੇਰੀ ਜਨਰਲ ਸਕੱਤਰ ਪ੍ਰੋ. ਗੁਰਬਾਜ ਸਿੰਘ ਨੈ ਦੱਸਿਆ ਕਿ ਪੀ.ਸੀ.ਏ. ਮੋਹਾਲੀ ਵੱਲੋਂ ਹਰਮਨਦੀਪ ਕੌਰ ਦੀ ਚੋਣ ਬੀ.ਸੀ.ਸੀ. ਆਈ. ਵੱਲੋਂ ਕਰਵਾਈ ਜਾਣ ਵਾਲੀ ਅੰਤਰ ਸਟੇਟ ਵੂਮੈਨ ਅੰਡਰ-19 ਇਕ ਦਿਨ ਟਰਾਫੀ 2022-23 ਲਈ ਪੰਜਾਬ ਦੀ ਟੀਮ ਵਿੱਚ ਵਧੀਆ ਪ੍ਰਦਰਸ਼ਨ ਦੇ ਅਧਾਰ 'ਤੇ ਕੀਤੀ ਹੈ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਲਈ ਇਹ ਮਾਣ ਵਾਲੀ ਗੱਲ ਹੈ। ਇਸ ਪ੍ਰਾਪਤੀ ਵਿੱਚ ਸ੍ਰੀ ਮੁਕਤਸਰ ਸਹਿਬ ਵਿੱਚ ਲੜਕੀਆਂ ਦੀ ਕ੍ਰਿਕਟ ਦੇ ਸੰਸਥਾਪਕ ਪ੍ਰਿੰਸੀਪਲ ਨਾਨਕ ਦੇਵ ਪਬਲਿਕ ਸਕੂਲ ਸਮਾਗ ਗਿੱਦੜਬਾਹਾ ਰਾਜਵੰਤ ਸਿੰਘ ਗਿੱਲ, ਘੱਗਾ ਪਿੰਡ ਦੇ ਵਸਨੀਕ ਲੜਕੀ ਦੇ ਮਾਤਾ ਪਿਤਾ ਸੁਖਪ੍ਰੀਤ ਕੌਰ ਤੇ ਸੁਖਰਾਜ ਸਿੰਘ, ਸਰਕਾਰੀ ਹਾਈ ਸਕੂਲ ਘੱਗਾ ਤੇ ਪੀ.ਸੀ.ਏ. ਮੋਹਾਲੀ ਵੱਲੋਂ ਮੁਕਤਸਰ 'ਚ ਆਰ.ਸੀ.ਸੀ. (ਲੜਕੀਆਂ) ਦੇ ਬੀ.ਸੀ.ਸੀ. ਆਈ. ਲੈਵਲ ਵੰਨ ਕੋਚ ਬਲਜੀਤ ਸਿੰਘ ਦਾ ਬਹੁਤ ਯੋਗਦਾਨ ਹੈ। ਐਸੋਸੀਏਸ਼ਨ ਵੱਲੋਂ ਇੰਚਾਰਜ ਕ੍ਰਿਕਟ ਲੜਕੀਆਂ ਜਾਇੰਟ ਸੈਕਟਰੀ ਸੁਭਾਸ਼ ਖੰਨਾ ਵੱਲੋਂ ਸਭ ਨੂੰ ਵਧਾਈ ਦਿੱਤੀ ਗਈ।

# ਅੰਗਰੇਜ਼ਾਂ ਦੁਆਰਾ ਬਣਾਏ ਕਾਲੇ ਕਾਨੂੰਨਾਂ ਦੀ ਭੂਰੇ ਅੰਗਰੇਜ਼ਾਂ ਨੇ ਕੀਤੀ ਪੁਸ਼ਤਪਨਾਹੀ : ਸੁਮੀਤ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਅੰਮ੍ਰਿਤਸਰ ਇਕਾਈ ਦੀ ਮਹੀਨਾਵਾਰ ਮੀਟਿੰਗ ਸਥਾਨਕ ਕੰਪਨੀ ਬਾਗ਼ ਵਿਖੇ ਤਰਕਸ਼ੀਲ ਆਗੂ ਐਡਵੋਕੇਟ ਅਮਰਜੀਤ ਬਾਈ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੋਦੀ ਸਰਕਾਰ ਵੱਲੋਂ ਦੇਸ਼ ਵਿਚ ਫ਼ਿਰਕੂ-ਫਾਸ਼ੀਵਾਦ ਫੈਲਾਉਣ ਲਈ ਲਾਗੂ ਕੀਤੇ ਜਾ ਰਹੇ ਲੋਕ ਵਿਰੋਧੀ ਕਾਲੇ ਕਾਨੂੰਨਾਂ ਅਤੇ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਦੇ ਵਿਸ਼ੇ ਸੰਬੰਧੀ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ।




ਇਸ ਮੌਕੇ ਵਿਚਾਰ ਪੇਸ਼ ਕਰਦਿਆਂ ਤਰਕਸ਼ੀਲ ਆਗੂ ਸੁਮੀਤ ਸਿੰਘ ਨੇ ਕਿਹਾ ਕਿ ਦੇਸ਼ ਆਜ਼ਾਦੀ ਤੋਂ ਬਾਅਦ ਅੰਗਰੇਜ਼ਾਂ ਵਲੋਂ ਲਾਗੂ ਕੀਤੇ ਸਾਰੇ ਲੋਕ ਵਿਰੋਧੀ ਕਾਲੇ ਕਾਨੂੰਨ ਖ਼ਤਮ ਕਰਨ ਦੀ ਥਾਂ ਭਾਰਤੀ ਹੁਕਮਰਾਨਾਂ ਵਲੋਂ ਦੇਸ਼ ਦੀ ਜਨਤਾ ਦੇ ਖਿਲਾਫ਼ ਅਜਿਹੇ ਬਸਤੀਵਾਦੀ ਕਾਲੇ ਕਾਨੂੰਨਾਂ ਨੂੰ ਹੋਰ ਵੀ ਵੱਧ ਜਬਰ ਨਾਲ ਲਾਗੂ ਕੀਤਾ ਗਿਆ ਹੈ ਅਤੇ ਪਿਛਲੇ ਅੱਠ ਸਾਲ ਤੋਂ ਮੋਦੀ ਸਰਕਾਰ ਸਾਮਰਾਜਵਾਦ ਅਤੇ ਹਿੰਦੂਤਵ ਦੇ ਫਾਸ਼ੀਵਾਦੀ ਏਜੰਡੇ ਹੇਠ ਜਨਤਕ ਅਦਾਰਿਆਂ ਨੂੰ ਸ਼ਰੇਆਮ ਕਾਰਪੋਰੇਟ ਘਰਾਣਿਆਂ ਦੇ ਹੱਥ ਲੁਟਾ ਕੇ ਆਮ ਲੋਕਾਂ ਦੇ ਸਿੱਖਿਆ, ਸਿਹਤ, ਰੁਜ਼ਗਾਰ, ਬਿਜਲੀ, ਸਾਫ ਪਾਣੀ ਅਤੇ ਸ਼ੁੱਧ ਵਾਤਾਵਰਨ ਦੇ ਜਮਹੂਰੀ ਅਧਿਕਾਰਾਂ ਦਾ ਵੱਡਾ ਘਾਣ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਕੂਮਤਾਂ ਦੀਆਂ ਲੋਕ ਵਿਰੋਧੀ ਆਰਥਿਕ ਨੀਤੀਆਂ ਅਤੇ ਸੰਵਿਧਾਨਕ ਹੱਕਾਂ ਦੀ ਉਲੰਘਣਾ ਦੇ ਖਿਲਾਫ਼ ਸਮੇਂ-ਸਮੇਂ 'ਤੇ ਦੇਸ਼ ਵਿਚ ਉਠੀਆਂ ਲੋਕਪੱਖੀ ਜਨਤਕ ਲਹਿਰਾਂ ਨੂੰ ਸਖ਼ਤੀ ਨਾਲ ਦਬਾਉਣ ਲਈ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਐਸਮਾ, ਕੌਮੀ ਸੁਰੱਖਿਆ ਐਕਟ, ਪੀਐੱਸਏ, ਮੀਸਾ, ਟਾਡਾ, ਪੋਟਾ, ਐਫਸਪਾ, ਮਕੋਕਾ, ਪੀਐੱਮਐੱਲਏ ਅਤੇ ਗ਼ੈਰ-ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂਏਪੀਏ) ਆਦਿ ਅੰਗਰੇਜ਼ਾਂ ਤੋਂ ਵੀ ਵੱਧ ਖ਼ਤਰਨਾਕ ਕਾਨੂੰਨ ਲਾਗੂ ਕੀਤੇ ਗਏ ਹਨ ਜਿਨ੍ਹਾਂ ਦੀ ਲਗਾਤਾਰ ਦੁਰਵਰਤੋਂ ਕਰਕੇ ਆਮ ਜਨਤਾ ਦੇ ਜਮਹੂਰੀ ਅਧਿਕਾਰਾਂ ਨੂੰ ਖ਼ਤਮ ਕੀਤਾ ਗਿਆ ਹੈ ਜਿਸਦੇ ਖਿਲਾਫ ਸਾਨੂੰ ਵੱਡੇ ਜਨਤਕ ਸੰਘਰਸ਼ਾਂ ਦੀ ਲੋੜ ਹੈ।

ਇਸ ਮੌਕੇ ਐਡਵੋਕੇਟ ਅਮਰਜੀਤ ਬਾਈ ਨੇ ਕਿਹਾ ਕਿ ਜੰਮੂ-ਕਸ਼ਮੀਰ ਵਿਚ ਧਾਰਾ 370 ਖਤਮ ਕਰਨ ਤੋਂ ਬਾਅਦ ਫੌਜ ਅਤੇ ਸੁਰੱਖਿਆ ਬਲਾਂ ਵਲੋਂ ਉਥੇ ਮਨੁੱਖੀ ਅਧਿਕਾਰਾਂ ਦੀ ਵੱਡੇ ਪੱਧਰ ਤੇ ਉਲੰਘਣਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕਈ ਦਹਾਕਿਆਂ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਛੱਤੀਸਗੜ੍ਹ, ਉੜੀਸਾ, ਝਾਰਖੰਡ, ਬਿਹਾਰ, ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ ਅਤੇ ਮਹਾਂਰਾਸ਼ਟਰ ਵਿਚਲੇ ਆਦਿਵਾਸੀ ਇਲਾਕਿਆਂ ਦੇ ਕੁਦਰਤੀ ਸੋਮਿਆਂ ਜਲ, ਜੰਗਲ, ਜ਼ਮੀਨ ਅਤੇ ਕੁਦਰਤੀ ਖਣਿਜ ਪਦਾਰਥਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਲੁਟਾ ਕੇ ਪਿਛੜੇ ਆਦਿਵਾਸੀ ਅਤੇ ਕਬਾਇਲੀ ਲੋਕਾਂ ਨੂੰ ਭੁੱਖਿਆਂ ਮਾਰਨ ਅਤੇ ਉਜਾੜਨ 'ਤੇ ਤੁਲੀਆਂ ਹੋਈਆਂ ਹਨ। ਉਨ੍ਹਾਂ ਮੋਦੀ ਸਰਕਾਰ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਮਾਓਵਾਦ ਨੂੰ ਖ਼ਤਮ ਕਰਨ ਦੀ ਆੜ ਹੇਠ ਕੇਂਦਰੀ ਸੁਰੱਖਿਆ ਬਲਾਂ ਵਲੋਂ ਸੈਂਕੜੇ ਨਿਰਦੋਸ਼ ਆਦਿਵਾਸੀਆਂ ਨੂੰ ਓਪਰੇਸ਼ਨ ਗ੍ਰੀਨ ਹੰਟ ਤਹਿਤ ਝੂਠੇ ਪੁਲਸ ਮੁਕਾਬਲਿਆਂ ਵਿਚ ਮਾਰਿਆ ਗਿਆ ਹੈ, ਝੂਠੇ ਕੇਸਾਂ ਹੇਠ ਜੇਲ੍ਹਾਂ ਵਿਚ ਡੱਕਿਆ ਗਿਆ ਹੈ। ਇਸ ਮੌਕੇ ਇਕਾਈ ਮੁਖੀ ਜਸਪਾਲ ਬਾਸਰਕੇ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਵਲੋਂ ਭੀਮਾ ਕੋਰੇਗਾਓਂ ਕਥਿਤ ਹਿੰਸਾ ਵਿਚ ਦੇਸ਼ ਦੇ ਵੀਹ ਤੋਂ ਵੱਧ ਨਾਮਵਰ ਬੁੱਧੀਜੀਵੀਆਂ, ਵਕੀਲਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਪਿਛਲੇ ਸਾਢੇ ਚਾਰ ਸਾਲ ਤੋਂ ਕੇਸ ਦੀ ਸੁਣਵਾਈ ਦੇ ਬਿਨਾਂ ਯੂਏਪੀਏ ਦੇ ਝੂਠੇ ਦੋਸ਼ਾਂ ਹੇਠ ਜੇਲ੍ਹਾਂ ਵਿਚ ਨਜ਼ਰਬੰਦ ਕੀਤਾ ਗਿਆ ਹੈ ਅਤੇ ਗੰਭੀਰ ਬਿਮਾਰ ਹੋਣ ਦੇ ਬਾਵਜੂਦ ਉਨਾਂ ਨੂੰ ਜ਼ਮਾਨਤ ਦੇਣ ਤੋਂ ਬਾਰ ਬਾਰ ਇਨਕਾਰ ਕੀਤਾ ਜਾ ਰਿਹਾ ਹੈ। ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਜੀ. ਐੱਨ. ਸਾਈ ਬਾਬਾ ਜੋਕਿ ਸਰੀਰਕ ਪੱਖੋਂ ਨੱਬੇ ਫੀਸਦੀ ਅਪਾਹਜ, ਗੰਭੀਰ ਬਿਮਾਰ ਅਤੇ ਵੀਲ੍ਹ ਚੇਅਰ ਉਤੇ ਹਨ, ਉਨ੍ਹਾਂ ਨੂੰ ਇਕ ਝੂਠੇ ਕੇਸ ਵਿਚ ਨਾਗਪੁਰ ਦੀ ਕੇਂਦਰੀ ਜੇਲ੍ਹ ਦੇ ਅੰਡਾ ਸੈੱਲ ਵਿਚ ਕੈਦ ਰਖਿਆ ਗਿਆ ਹੈ ਜੋ ਕਿ ਸੰਵਿਧਾਨ ਦੀ ਧਾਰਾ 21 ਤਹਿਤ ਮਿਲੇ ਜਿਊਣ ਦੇ ਅਧਿਕਾਰ ਦੀ ਉਲੰਘਣਾ ਹੈ। ਇਸ ਮੌਕੇ ਸੁਪਰੀਮ ਕੋਰਟ ਅਤੇ ਮੋਦੀ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਯੂਏਪੀਏ, ਐਫਸਪਾ, ਪੀਐੱਸਏ ਦੇ ਕਾਲੇ ਕਾਨੂੰਨ ਰੱਦ ਕੀਤੇ ਜਾਣ, ਸਿਆਸੀ ਵਿਰੋਧੀਆਂ ਦੇ ਖਿਲਾਫ ਐੱਨਆਈਏ, ਸੀਬੀਆਈ ਅਤੇ ਈਡੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਤੁਰੰਤ ਰੋਕੀ ਜਾਵੇ ਅਤੇ ਝੂਠੇ ਕੇਸਾਂ ਹੇਠ ਜੇਲ੍ਹਾਂ ਵਿਚ ਨਜ਼ਰਬੰਦ ਸਾਰੇ ਮਨੁੱਖੀ ਅਧਿਕਾਰ ਤੇ ਸਮਾਜਿਕ ਕਾਰਕੁਨਾਂ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਇਸ ਮੌਕੇ ਸੂਬਿਆਂ ਦੀਆਂ ਜਮਹੂਰੀ ਅਧਿਕਾਰ ਸਭਾਵਾਂ ਦੀ ਕੇਂਦਰੀ ਤਾਲਮੇਲ ਕਮੇਟੀ ਵਲੋਂ ਮੋਦੀ ਸਰਕਾਰ ਦੇ ਯੂਏਪੀਏ, ਅਫਸਪਾ, ਐੱਨਐੱਸਏ ਦੇ ਕਾਲੇ ਕਾਨੂੰਨਾਂ, ਕਾਰਪੋਰੇਟੀ ਨੀਤੀਆਂ ਅਤੇ ਬੁੱਧੀਜੀਵੀਆਂ, ਵਕੀਲਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਦੀ ਗੈਰ-ਕਾਨੂੰਨੀ ਨਜ਼ਰਬੰਦੀ ਦੇ ਖਿਲਾਫ਼ 10 ਦਸੰਬਰ ਨੂੰ ਮਨੁੱਖੀ ਅਧਿਕਾਰ ਦਿਵਸ ਮੌਕੇ ਜੰਤਰ ਮੰਤਰ ਵਿਖੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਵਿਚ ਸ਼ਾਮਿਲ ਹੋਣ ਦਾ ਵੀ ਫੈਸਲਾ ਕੀਤਾ ਗਿਆ। ਇਸ ਮੌਕੇ ਇਕਾਈ ਵਿੱਤ ਮੁਖੀ ਅਸ਼ਵਨੀ ਕੁਮਾਰ, ਰਾਜ ਕੁਮਾਰ ਵੇਰਕਾ, ਰਮੇਸ਼ ਜੈਨ, ਪ੍ਰਿੰਸੀਪਲ ਮੇਲਾ ਰਾਮ, ਅਨਮੋਲ ਸਿੰਘ, ਪਰਮਜੀਤ ਸਿੰਘ ਅਤੇ ਗੁਰਜੀਤ ਬਾਸਰਕੇ ਨੇ ਵੀ ਵਿਚਾਰ ਚਰਚਾ ਵਿਚ ਹਿੱਸਾ ਲਿਆ।

## ਜ਼ਿਲ੍ਹਾ ਪ੍ਰਸ਼ਾਸਨ ਨੇ ਮੀਟਿੰਗ ਦਾ ਸੱਦਾ ਨਾ ਭੇਜਿਆ ਤਾਂ ਸੰਘਰਸ਼ ਦੇ ਰਾਹ ਤੁਰਨ ਲਈ ਹੋਵਾਂਗੇ ਮਜਬੂਰ : ਨਿਰਮਲ ਸਿੰਘ



**ਮਲੋਟ (ਗੁਰਮੀਤ ਸਿੰਘ ਮੱਕੜ)**-ਫਰੀਡਮ ਫਾਈਟਰ ਉੱਤਰਾਧਿਕਾਰੀ ਜਥੇਬੰਦੀ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਲੋਟ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਦੇਸ਼ ਭਗਤ ਪਰਿਵਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਵਿਟਾਂਦਰਾ ਕੀਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ 'ਤੇ ਰੋਸ ਪ੍ਰਗਟ ਕਰਦਿਆਂ ਨਿਰਮਲ ਸਿੰਘ ਮਲੋਟ ਨੇ ਕਿਹਾ ਕਿ ਐੱਮ. ਏ. ਬ੍ਰਾਂਚ ਵੱਲੋਂ ਪੱਤਰ ਨੰ. 11099-11102 ਰਾਹੀਂ 4 ਅਕਤੂਬਰ ਨੂੰ ਹਦਾਇਤ ਕੀਤੀ ਗਈ ਸੀ ਕਿ ਹਰ ਮਹੀਨੇ ਦੇ ਦੂਜੇ ਬੁੱਧਵਾਰ ਨੂੰ ਮੀਟਿੰਗ ਕਰਕੇ ਦੇਸ਼ ਭਗਤ ਪਰਿਵਾਰਾਂ ਦੀਆਂ ਮੁਸ਼ਕਲਾਂ ਨੂੰ ਸੁਣ ਕੇ ਮੌਕੇ 'ਤੇ ਹੱਲ ਕੀਤਾ ਜਾਵੇਗਾ, ਪ੍ਰੰਤੂ ਜਿਨ੍ਹਾਂ ਬਜ਼ੁਰਗਾਂ ਦੀਆਂ ਕੁਰਬਾਨੀਆਂ ਸਦਕਾ ਜ਼ਿਲ੍ਹਾ ਪ੍ਰਸ਼ਾਸਨ ਕੁਰਸੀਆਂ ਦਾ ਨਿੱਘ ਮਾਣ ਰਿਹਾ ਹੈ, ਉਨ੍ਹਾਂ ਦੇਸ਼ ਭਗਤ ਪਰਿਵਾਰਾਂ ਨਾਲ ਮੀਟਿੰਗ ਕਰਨ ਦਾ ਪ੍ਰਸ਼ਾਸਨ ਕੋਲ ਸਮਾਂ ਨਹੀਂ ਹੈ। ਜ਼ਿਲ੍ਹਾ ਪ੍ਰਧਾਨ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਦਸੰਬਰ ਮਹੀਨੇ ਦੇਸ਼ ਭਗਤ ਪਰਿਵਾਰਾਂ ਨੂੰ ਮੀਟਿੰਗ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੱਦਾ ਨਾ ਭੇਜਿਆ ਗਿਆ ਤਾਂ ਜਥੇਬੰਦੀ ਸੰਘਰਸ਼ ਦੇ ਰਾਹ 'ਤੇ ਤੁਰਨ ਲਈ ਮਜਬੂਰ ਹੋਵੇਗੀ, ਜਿਸ ਦੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ। ਮੀਟਿੰਗ ਵਿੱਚ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਸੰਧੂ, ਜਰਨਲ ਸਕੱਤਰ ਬਲਜਿੰਦਰ ਸਿੰਘ ਮਧੀਰ ਸਕੱਤਰ, ਸੁਭਾਸ਼ ਬੱਬਰ ਜ਼ਿਲ੍ਹਾ ਖਜ਼ਾਨਚੀ, ਕੁਲਵੰਤ ਸਿੰਘ ਭਲਾਈਆਣਾ ਦਫਤਰ ਇੰਚਾਰਜ, ਅਮਰਜੀਤ ਬਾਵਾ, ਜਸਕਰਨ ਸਿੰਘ ਜੱਸੇਆਣਾ, ਕੇਸਰ ਸਿੰਘ, ਜਗਸੀਰ ਸਿੰਘ, ਨਰਿੰਦਰ ਸਿੰਘ, ਤਰਸੇਮ ਲਾਲ, ਪ੍ਰੇਮ ਕੁਮਾਰ ਗਿੱਦੜਬਾਹਾ, ਜਿੰਮੀ ਕਨਵਰ ਮਲੋਟ, ਚਾਨਣ ਸਿੰਘ ਆਦਿ ਮੈਂਬਰ ਹਾਜ਼ਰ ਸਨ।

## ਅਮਨਦੀਪ ਸਿੰਘ ਫੈਪ 2022 ਰਾਸ਼ਟਰੀ ਸਰਵੋਤਮ ਅਧਿਆਪਕ ਪੁਰਸਕਾਰ ਨਾਲ ਸਨਮਾਨਤ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**-ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਪੰਜਾਬ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਵਿਚ ਕਰਵਾਏ ਗਏ ਸਾਲਾਨਾ ਇਨਾਮ ਵੰਡ ਸਮਾਰੋਹ ਦੌਰਾਨ ਇਲਾਕੇ 'ਚ ਪਿਛਲੇ ਇਕ ਦਹਾਕੇ ਤੋਂ ਕਾਮਰਸ ਅਧਿਐਨ ਨਾਲ ਸੰਬੰਧਤ ਵਿਸ਼ਿਆਂ ਵਿਚ ਸਿੱਖਿਆ ਦਾ ਚਾਨਣ ਵੰਡ ਰਹੇ ਕਾਮਰਸ ਅਧਿਆਪਕ ਅਮਨਦੀਪ ਸਿੰਘ, ਜੋ ਕਿ ਮੌਜੂਦਾ ਸਮੇਂ ਵਿੱਚ ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ, ਵਾੜਾ ਜੋਧ ਸਿੰਘ ਵਿੱਚ ਬਤੌਰ ਕੋਆਰਡੀਨੇਟਰ ਕਮ ਅਧਿਆਪਕ ਸੇਵਾਵਾਂ ਨਿਭਾਅ ਰਹੇ ਹਨ ਨੂੰ ਐਫ.ਏ.ਪੀ. ਰਾਸ਼ਟਰੀ ਸਰਵੋਤਮ ਅਧਿਆਪਕ ਪੁਰਸਕਾਰ 2022 ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ ਪ੍ਰਬੰਧਕ ਕਮੇਟੀ, ਸਕੂਲ ਪ੍ਰਿੰ: ਨੀਤੀਮਾ ਪੁਰੀ, ਪ੍ਰਿੰ: ਸਰਗਮ ਥਿੰਦ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਤੋਂ ਇਲਾਵਾ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਆਪਣੇ ਐਵਾਰਡ ਜੇਤੂ ਅਧਿਆਪਕ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ।

## ਦਫਤਰ 'ਚੋਂ ਐੱਲ ਈ ਡੀ, ਮੋਬਾਇਲ ਤੇ ਨਕਦੀ ਚੋਰੀ, ਚੋਰ ਸੀ ਸੀ ਟੀ ਵੀ ਕੈਮਰੇ 'ਚ ਕੈਦ



**ਮੋਗਾ (ਅਮਰਜੀਤ ਬੱਬਰੀ)**-ਮੋਗਾ ਸ਼ਹਿਰ ਵਿੱਚ ਲੁੱਟਾਂ-ਖੋਹਾਂ ਤੇ ਚੋਰੀਆਂ ਦੀਆਂ ਵਾਪਰ ਰਹੀਆਂ ਘਟਨਾਵਾਂ ਨੇ ਸ਼ਹਿਰ ਵਾਸੀਆਂ ਦੇ ਨੱਕ ਵਿੱਚ ਦਮ ਕੀਤਾ ਹੋਇਆ ਹੈ ਤੇ ਪੁਲਸ ਅੱਖਾਂ ਮੀਟ ਕੇ ਬੈਠੀ ਹੈ। ਚੋਰੀਆਂ ਦੀ ਕੜੀ ਤਹਿਤ ਮੋਗਾ ਦੇ ਭੀੜ ਭਾੜ ਵਾਲੇ ਇਲਾਕੇ ਪ੍ਰਤਾਪ ਰੋਡ 'ਤੇ ਸਥਿਤ ਸ਼੍ਰੀ ਸਨਾਤਨ ਧਰਮ ਮੰਦਿਰ ਪਾਠਸ਼ਾਲਾ ਵਾਲੀ ਗਲੀ 'ਚ ਸਥਿਤ ਸ਼ਵੇਤਾ ਸ਼ੇਅਰ ਦਫ਼ਤਰ 'ਚੋਂ ਚੋਰਾਂ ਵੱਲੋਂ ਐੱਲ ਈ ਡੀ, ਮੋਬਾਈਲ ਤੇ ਨਕਦੀ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਸਿਟੀ ਸਾਊਥ ਪੁਲਸ ਮੋਗਾ ਨੂੰ ਦਿੱਤੀ ਸ਼ਿਕਾਇਤ 'ਚ ਰਜਿੰਦਰ ਕੁਮਾਰ ਪੁੱਤਰ ਅਮਰ ਨਾਥ ਵਾਸੀ ਪ੍ਰਤਾਪ ਰੋਡ ਮੋਗਾ ਨੇ ਦੱਸਿਆ ਕਿ ਉਸ ਦਾ ਸ਼ਵੇਤਾ ਸ਼ੇਅਰਾਂ ਦਾ ਦਫ਼ਤਰ ਬੈਂਕ ਆਫ ਇੰਡੀਆ ਵਾਲੀ ਗਲੀ 'ਚ ਸਥਿਤ ਹੈ। ਉਨ੍ਹਾ ਕਿਹਾ ਕਿ 1 ਦਸੰਬਰ ਦੀ ਸ਼ਾਮ 6 ਵਜੇ ਉਹ ਦਫ਼ਤਰ ਬੰਦ ਕਰਕੇ ਘਰ ਚਲਾ ਗਿਆ। ਜਦੋਂ ਅਗਲੀ ਸਵੇਰੇ ਦਫ਼ਤਰ ਆਇਆ ਤਾਂ ਦੇਖਿਆ ਕਿ ਦਫ਼ਤਰ ਵਿੱਚੋਂ ਦੋ ਐੱਲ ਈ ਡੀ ਤੇ ਦਫ਼ਤਰ ਵਿੱਚੋਂ ਚਾਰ ਬਟਨਾਂ ਵਾਲਾ ਮੋਬਾਈਲ ਫੋਨ, 2500 ਰੁਪਏ ਦੀ ਨਕਦੀ, ਏ ਸੀ ਦੀ ਤਾਂਬੇ ਦੀ ਪਾਈਪ ਵੀ ਗਾਇਬ ਸੀ, ਜਿਸ ਨੂੰ ਕੋਈ ਅਣਪਛਾਤੇ ਚੋਰ ਚੋਰੀ ਕਰਕੇ ਲੈ ਗਏ ਹਨ। ਉਨ੍ਹਾਂ ਦੱਸਿਆ ਕਿ ਚੋਰੀ ਦੀ ਸਾਰੀ ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ, ਜਿਸ ਵਿੱਚ ਦੋ ਵਿਅਕਤੀ ਸਾਮਾਨ ਚੋਰੀ ਕਰਕੇ ਲਿਜਾਂਦੇ ਨਜ਼ਰ ਆ ਰਹੇ ਹਨ। ਉਨ੍ਹਾਂ ਨੇ ਇਸ ਘਟਨਾ ਦੀ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਪੁਲਸ ਨੂੰ ਸੌਂਪ ਦਿੱਤੀ ਹੈ। ਉਨ੍ਹਾਂ ਜ਼ਿਲ੍ਹਾ ਪੁਲਸ ਮੁਖੀ ਤੋਂ ਮੰਗ ਕੀਤੀ ਕਿ ਸਮੁੱਚੇ ਮਾਮਲੇ ਦੀ ਬਰੀਕੀ ਨਾਲ ਜਾਂਚ ਕਰਕੇ ਚੋਰਾਂ ਦੀ ਭਾਲ ਕਰਕੇ ਕੇਸ ਦਰਜ ਕੀਤਾ ਜਾਵੇ।

## ...ਸਫ਼ਾ 3 ਦੇ ਬਾਕੀ

### ਗੋਲਡੀ ਬਰਾੜ ਦਾ ਦਾਅਵਾ...

ਹਿਰਾਸਤ ਵਿਚੋਂ ਫਰਾਰ ਹੋ ਗਿਆ ਸੀ। ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਲੰਘੇ ਦਿਨ ਦਾਅਵਾ ਕੀਤਾ ਸੀ ਕਿ ਮੁੱਖ ਮੰਤਰੀ ਮਾਨ ਨੇ ਗੋਲਡੀ ਬਰਾੜ ਨੂੰ ਅਮਰੀਕਾ 'ਚ ਹਿਰਾਸਤ 'ਚ ਲੈਣ ਬਾਰੇ ਝੂਠ ਬੋਲਿਆ ਹੈ। ਸੂਬੇ ਦੀ ਸੈਰ-ਸਪਾਟਾ ਮੰਤਰੀ ਅਨਮੋਲ ਗਗਨ ਮਾਨ ਨੇ ਸ਼ਨੀਵਾਰ ਕਿਹਾ ਸੀ ਕਿ ਬਰਾੜ ਨੂੰ ਜਲਦੀ ਭਾਰਤ ਲਿਆਂਦਾ ਜਾਵੇਗਾ।

### ਜੀ-20 ਸਿਖਰ ਵਾਰਤਾ...

ਕਿਹਾ ਕਿ ਮੀਟਿੰਗ ਦੌਰਾਨ ਕੇਂਦਰੀ ਵਿਦੇਸ਼ ਮੰਤਰਾਲੇ ਨੇ ਸਰਕਾਰ ਵੱਲੋਂ ਜੀ-20 'ਚ ਭਾਰਤ ਦੀ ਪ੍ਰਧਾਨਗੀ ਦੇ ਅਰਸੇ ਦੌਰਾਨ ਵਿਉਂਤੇ ਪ੍ਰੋਗਰਾਮਾਂ ਬਾਰੇ ਪੇਸ਼ਕਾਰੀ ਦਿੱਤੀ। ਭਾਰਤ ਨੇ 1 ਦਸੰਬਰ ਤੋਂ ਜੀ-20 ਦੀ ਪ੍ਰਧਾਨਗੀ ਸਾਂਭ ਲਈ ਹੈ। ਪੂਰੇ ਦੇਸ਼ 'ਚ ਇਸ ਮਹੀਨੇ 200 ਤੋਂ ਵੱਧ ਤਿਆਰੀ ਮੀਟਿੰਗਾਂ ਕੀਤੇ ਜਾਣ ਦੀ ਉਮੀਦ ਹੈ। ਅਗਲੀ ਜੀ-20 ਸਿਖਰ ਵਾਰਤਾ 9 ਤੇ 10 ਸਤੰਬਰ ਨੂੰ ਨਵੀਂ ਦਿੱਲੀ 'ਚ ਹੋਣੀ ਹੈ, ਜਿਸ ਵਿੱਚ ਮੈਂਬਰ ਮੁਲਕਾਂ ਦੇ ਮੁਖੀ ਸ਼ਾਮਲ ਹੋਣਗੇ। ਜੀ-20 ਮੈਂਬਰ ਮੁਲਕਾਂ 'ਚ ਅਰਜਨਟੀਨਾ, ਆਸਟਰੇਲੀਆ, ਬ੍ਰਾਜ਼ੀਲ, ਕੈਨੇਡਾ, ਚੀਨ, ਫਰਾਂਸ, ਜਰਮਨੀ, ਭਾਰਤ, ਇੰਡੋਨੇਸ਼ੀਆ, ਇਟਲੀ, ਜਪਾਨ, ਕੋਰੀਆ ਗਣਰਾਜ, ਮੈਕਸੀਕੋ, ਰੂਸ, ਸਾਊਦੀ ਅਰਬ, ਦੱਖਣੀ ਅਫਰੀਕਾ, ਤੁਰਕੀ, ਯੂ ਕੇ, ਯੂ ਐੱਸ ਤੇ ਯੂਰਪੀ ਯੂਨੀਅਨ ਸ਼ਾਮਲ ਹਨ।

## ਜ਼ਿਲ੍ਹਾ ਰੋਜ਼ਗਾਰ ਬਿਊਰੋ ਵਲੋਂ ਸਕਿਊਰਟੀ ਗਾਰਡਾਂ ਦੀ ਭਰਤੀ ਲਈ ਵਿਸ਼ੇਸ਼ ਕੈਂਪ ਅੱਜ ਤੇ ਕੱਲ੍ਹ

**ਜਲੰਧਰ (ਸੁਰਿੰਦਰ ਕੁਮਾਰ**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਲੋਂ ਸਕਿਊਰਟੀ ਸਕਿੱਲਜ਼ ਕੌਂਸਲ ਇੰਡੀਆ (ਐਸ.ਐਸ.ਸੀ.ਆਈ.) ਦੇ ਸਹਿਯੋਗ ਨਾਲ ਸਕਿਊਰਟੀ ਗਾਰਡਾਂ ਦੀ ਭਰਤੀ ਲਈ 6 ਅਤੇ 7 ਦਸੰਬਰ ਨੂੰ ਕ੍ਰਮਵਾਰ ਬੀ.ਡੀ.ਪੀ.ਓ.ਦਫ਼ਤਰ ਸ਼ਾਹਕੋਟ ਅਤੇ ਲੋਹੀਆਂ ਖਾਸ ਵਿਖੇ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਇਨ੍ਹਾਂ ਕੈਂਪਾਂ ਵਿੱਚ ਭਾਗ ਲੈਣ ਵਾਲੇ ਉਮੀਦਵਾਰਾਂ ਦੀ ਘੱਟੋ ਘੱਟ ਵਿਦਿਅਕ ਯੋਗਤਾ 10ਵੀਂ ਪਾਸ, ਉਮਰ ਹੱਦ 21 ਤੋਂ 37 ਸਾਲ, ਕੱਦ 168 ਸੈਂਟੀਮੀਟਰ ਅਤੇ ਛਾਤੀ 80 ਤੋਂ 85 ਸੈਂਟੀਮੀਟਰ ਹੋਣੀ ਚਾਹੀਦੀ ਹੈ। ਇਹ ਪਲੇਸਮੈਂਟ ਸਿਰਫ ਪੁਰਸ਼ ਉਮੀਦਵਾਰਾਂ ਲਈ ਹੋਵੇਗੀ। ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ ਦੇ ਹੈਲਪਲਾਈਨ ਨੰਬਰ 90569-20100 'ਤੇ ਸੰਪਰਕ ਕੀਤਾ ਜਾ ਸਕਦਾ ਹੈ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕੰਪਿਊਟਰ ਦੇ ਬੇਸਿਕ ਕੋਰਸ ਸਬੰਧੀ ਜਾਣਕਾਰੀ ਦਫ਼ਤਰ ਵਿਚੋਂ ਕਿਸੇ ਵੀ ਕੰਮ-ਕਾਜ ਵਾਲੇ ਦਿਨ ਲਈ ਜਾ ਸਕਦੀ ਹੈ ਅਤੇ ਫੋਨ ਨੰਬਰ 84279-68374, 79735-22619 ਅਤੇ ਟੈਲੀਫੋਨ ਨੰਬਰ 0181-2452290 'ਤੇ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਲਈ ਜਾ ਸਕਦੀ ਹੈ।

## ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਰਾਜੇਸ਼ ਸਨੇਹੀ ਬੱਤਾ ਡੀ.ਐਸ.ਪੀ (ਡੀ) ਦੀ ਨਿਗਰਾਨੀ ਹੇਠ ਐੱਸ ਆਈ ਮਨਿੰਦਰ ਸਿੰਘ ਮੁੱਖ ਅਫਸਰ ਥਾਣਾ ਲੰਬੀ ਪੁਲਸ ਵੱਲੋਂ ਇੱਕ ਵਿਅਕਤੀ ਨੂੰ 2000 ਨਸ਼ੀਲੀਆ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ।

ਜਾਣਕਾਰੀ ਅਨੁਸਾਰ ਬੀਤੀ 04 ਦਸੰਬਰ 2022 ਨੂੰ ਪੁਲਸ ਪਾਰਟੀ ਜਦ ਗਸ਼ਤ ਦੇ ਸਬੰਧ ਵਿੱਚ ਪਿੰਡ ਲੰਬੀ ਤੋਂ ਪਿੰਡ ਵਣਵਾਲਾ ਅੰਨੂਕਾ ਨੂੰ ਲਿੰਕ ਰੋਡ ਰਾਹੀਂ ਜਾ ਰਹੀ ਸੀ ਤਾਂ ਉਸ ਰੋਡ ਤੇ ਇੱਕ ਵਿਅਕਤੀ ਪਲਾਸਿਟਕ ਦਾ ਥੈਲਾ ਫੜੀ ਆਉਂਦਾ ਵਿਖਾਈ ਦਿੱਤਾ, ਜਿਸ ਨੂੰ ਰੋਕ ਪੁਲਸ ਵੱਲੋਂ ਉਸ ਦਾ ਨਾਮ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਤਰਸੇਮ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਲੰਬੀ ਦੱਸਿਅ, ਜਿਸ ਤੇ ਡੀ.ਐਸ.ਪੀ ਦੀ ਨਿਗਰਾਨੀ ਹੇਠ ਉਸ ਦੀ ਤਲਾਸ਼ੀ ਲਈ ਗਈ, ਜਿਸ ਪਾਸੋਂ 2000 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।

## ਪੱਤਰਕਾਰ ਦੀ ਮਾਤਾ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਅਮਨ ਅਰੋੜਾ ਨੇ ਐਮ.ਐਚ.1 ਨਿਊਜ ਚੈਨਲ ਦੇ ਪੰਜਾਬ ਬਿਊਰੋ ਚੀਫ਼ ਦੀਪਕ ਸ਼ਰਮਾ ਦੀ ਮਾਤਾ ਸ੍ਰੀਮਤੀ ਸ਼ਾਂਤੀ ਦੇਵੀ ਸ਼ਰਮਾ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਇਜਹਾਰ ਕੀਤਾ ਹੈ।

ਸ੍ਰੀਮਤੀ ਸ਼ਾਂਤੀ ਦੇਵੀ ਸ਼ਰਮਾ, ਜੋ 80 ਵਰ੍ਹਿਆਂ ਦੇ ਸਨ, ਨੇ ਸੰਖੇਪ ਬਿਮਾਰੀ ਉਪਰੰਤ ਪੀ.ਜੀ.ਆਈ. ਵਿਖੇ ਆਖਰੀ ਸਾਹ ਲਿਆ। ਦੁਖੀ ਪਰਿਵਾਰ ਅਤੇ ਰਿਸ਼ਤੇਦਾਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਅਮਨ ਅਰੋੜਾ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀਂ ਨਿਵਾਸ ਅਤੇ ਪਰਿਵਾਰ ਨੂੰ ਇਹ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਸਹਿਣ ਦਾ ਬਲ ਬਖਸ਼ਣ। ਇਸ ਦੌਰਾਨ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ ਅਤੇ ਡਾਇਰੈਕਟਰ ਸ੍ਰੀਮਤੀ ਸੋਨਾਲੀ ਗਿਰਿ ਨੇ ਵੀ ਇਸ ਦੁੱਖ ਦੀ ਘੜੀ ਵਿੱਚ ਦੀਪਕ ਸ਼ਰਮਾ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

6-DEC-PAGE-11-Majha-22.qxd 12/5/2022 10:16 PM Page 1



# ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਨੇ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਦੀਆਂ ਮੁਸ਼ਕਿਲਾਂ ਸੁਣੀਆਂ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਇਥੋਂ ਨਜ਼ਦੀਕ ਪਿੰਡ ਭੋਜਰਾਜ ਵਿੱਚ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਦੀ ਇਕ ਮੀਟਿੰਗ ਪ੍ਰਧਾਨ ਅਤੇ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਭਾਰਤ ਦੇ ਆਗੂ ਸੁਖਦੇਵ ਸਿੰਘ ਭੋਜਰਾਜ ਦੇ ਗ੍ਰਿਹ ਧਾਲੀਵਾਲ ਨਿਵਾਸ ਭੋਜਰਾਜ ਵਿਖੇ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਖਾਸਾਂਵਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸੂਬਾ ਜਨਰਲ ਸਕੱਤਰ ਕਵਲਜੀਤ ਸਿੰਘ ਖੁਸ਼ਹਾਲਪੁਰ, ਰਜਿੰਦਰ ਸਿੰਘ ਭਗਠਾਣਾ ਤੁਲੀਆਂ, ਸੁਖਵਿੰਦਰ ਸਿੰਘ ਕਾਦੀਆਂ ਅਤੇ ਸਤਨਾਮ ਸਿੰਘ ਚੰਦੂ ਨੰਗਲ ਸੂਬਾ ਆਗੂ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮੀਟਿੰਗ ਵਿੱਚ ਅਜੀਤ ਸਿੰਘ ਗਵਾਰਾ ਦੀ ਅਗਵਾਈ ਹੇਠ ਪਹੁੰਚੇ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਵਿੱਚੋਂ ਜਤਿੰਦਰ ਸਿੰਘ ਭਰੋਹਾਰਨੀ (ਕਾਹਨੂੰਵਾਨ), ਸੁਖਦੀਪ ਸਿੰਘ ਫਤਿਹ ਨੰਗਲ (ਧਾਰੀਵਾਲ), ਹਰਜੀਤ ਸਿੰਘ ਪੱਬਾਂਰਾਲੀ ਕਲਾਂ (ਫਤਿਹਗੜ੍ਹ ਚੂੜੀਆਂ), ਗੁਰਪ੍ਰੀਤ ਸਿੰਘ ਕਾਲਾ ਨੰਗਲ (ਗੁਰਦਾਸਪੁਰ), ਗੁਰਤਾਜ ਸਿੰਘ ਮੱਧਰਾ (ਸ੍ਰੀ ਹਰਗੋਬਿੰਦਪੁਰ), ਜਸਕਰਨਪ੍ਰੀਤ ਸਿੰਘ ਭਿਖਾਰੀਵਾਲ (ਕਲਾਨੌਰ), ਕੁਲਬੀਰ ਸਿੰਘ ਬਾਗੋਵਾਣੀ (ਧਾਰੀਵਾਲ), ਰਣਬੀਰ ਸਿੰਘ ਲੱਧਾ ਮੁੰਡਾ (ਸ੍ਰੀ ਹਰਗੋਬਿੰਦਪੁਰ), ਅੰਮ੍ਰਿਤਜੋਤ ਸਿੰਘ ਗਵਾਰਾ (ਡੇਰਾ ਬਾਬਾ ਨਾਨਕ) ਅਤੇ ਸੁਖਦੀਪ ਕੌਰ ਵਡਾਲਾ ਬਾਂਗਰ ਸ਼ਾਮਿਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ ਨੇ ਕਿਹਾ ਕਿਸਾਨੀ ਸੰਘਰਸ਼ ਦੌਰਾਨ ਜਾਨਾਂ ਗਵਾਉਣ ਵਾਲੇ ਕਿਸਾਨਾਂ ਦੀ ਸ਼ਹਾਦਤ ਨੂੰ ਭੁਲਾਇਆ ਨਹੀਂ ਜਾਵੇਗਾ। ਸ਼ਹੀਦਾਂ ਦੇ ਵਾਰਸਾਂ ਨੂੰ ਮੁਆਵਜ਼ਾ ਰਾਸ਼ੀ ਅਤੇ ਸਰਕਾਰੀ ਨੌਕਰੀਆਂ ਦਿਵਾਉਣ ਲਈ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਵੱਡੀ ਪੱਧਰ ਤੇ ਉਪਰਾਲੇ ਕਰ ਰਿਹਾ ਹੈ ਪਰ ਪੰਜਾਬ ਸਰਕਾਰ ਸ਼ਹੀਦਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਦੇਣ ਪ੍ਰਤੀ ਸੁਹਿਰਦ ਨਹੀਂ ਹੈ। ਭੋਜਰਾਜ ਨੇ ਕਿਹਾ ਕਰੀਬ ਇਕ ਹਜ਼ਾਰ ਦੇ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਵਿੱਚੋਂ 634 ਪਰਿਵਾਰਾਂ ਨੂੰ ਹੀ ਮੁਆਵਜ਼ਾ ਮਿਲਿਆ ਅਤੇ ਸਿਰਫ 326 ਪਰਿਵਾਰਾਂ ਨੂੰ ਹੀ ਸਰਕਾਰੀ ਨੌਕਰੀਆਂ ਮਿਲੀਆਂ ਹਨ, ਜਦਕਿ ਬਹੁਤੇ ਪਰਿਵਾਰ ਨੌਕਰੀਆਂ ਅਤੇ ਮੁਆਵਜ਼ਾ ਰਾਸ਼ੀ ਤੋਂ ਵਾਂਝੇ ਹਨ। ਸੂਬਾ ਜਨਰਲ ਸਕੱਤਰ ਕਵਲਜੀਤ ਸਿੰਘ ਖੁਸ਼ਹਾਲਪੁਰ ਨੇ ਕਿਹਾ ਕਿ 24 ਨਵੰਬਰ ਨੂੰ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਨਾਲ ਫਰੀਦਕੋਟ ਵਿਖੇ ਹੋਈ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਕੀਤੇ ਵਾਅਦੇ ਮੁਤਾਬਕ 31 ਦਸੰਬਰ ਤੋਂ ਪਹਿਲਾਂ-ਪਹਿਲਾਂ ਰਹਿੰਦੇ ਪਰਿਵਾਰਾਂ ਨੂੰ ਮੁਆਵਜ਼ਾ ਰਾਸ਼ੀ ਅਤੇ ਸਰਕਾਰੀ ਨੌਕਰੀਆਂ ਦੇ ਨਿਯੁਕਤੀ ਪੱਤਰ ਦਿੱਤੇ ਜਾਣ ਨਹੀਂ ਤਾਂ ਮੁੱਖ ਮੰਤਰੀ ਦਾ ਘਿਰਾਓ ਕਰਾਂਗੇ। ਮੀਟਿੰਗ ਵਿੱਚ ਸੁਖਵਿੰਦਰ ਸਿੰਘ ਘੁੰਮਣ, ਜੋਗਿੰਦਰ ਸਿੰਘ ਰੰਧਾਵਾ, ਜਗਦੀਪ ਸਿੰਘ ਕਾਹਲੋਂ, ਬਲਵਿੰਦਰ ਸਿੰਘ, ਗੁਰਪਰੀਤ ਸਿੰਘ, ਪੂਰਨ ਸਿੰਘ ਚੌਹਾਨ, ਸਨਮਿੰਦਰ ਪਾਲ ਸਿੰਘ ਧਾਲੀਵਾਲ, ਨਿਰਮਲ ਸਿੰਘ ਅਤੇ ਜੋਗਾ ਸਿੰਘ ਕਿਸਾਨ ਆਗੂ ਵੀ ਹਾਜ਼ਰ ਸਨ।

# ਜੀਓਜੀ ਵੱਲੋਂ ਸੰਘਰਸ਼ ਨੂੰ ਹੋਰ ਤਿੱਖਾ ਕਰਨ ਸੰਬੰਧੀ ਮੀਟਿੰਗ



ਗੁਰਦਾਸਪੁਰ (ਜਨਕ ਮਹਾਜਨ)-ਜੀਓਜੀ ਵਲੰਟੀਅਰ ਲਈ ਸਰਕਾਰ ਵਲੋਂ ਮਾੜੀ ਕਾਰਗੁਜ਼ਾਰੀ ਸ਼ਬਦ ਵਰਤਣ ਅਤੇ ਬਿਨਾਂ ਕਿਸੇ ਅਗਾਊਂ ਸੂਚਨਾ ਦੇ ਬਰਖਾਸਤ ਕਰਨ ਦੇ ਖਿਲਾਫ ਅੱਜ ਜੀਓਜੀ ਤਹਿਸੀਲ ਦੀਨਾਨਗਰ ਦੀ ਮੀਟਿੰਗ ਤਿੱਬੜੀ ਕੈਂਟ ਵਿਖੇ ਕਰਨਲ ਗੁਰਮੁੱਖ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਹੋਈ। ਆਪਣੇ ਸੰਬੋਧਨ ਵਿਚ ਉਨ੍ਹਾਂ ਨੇ ਜੀਓਜੀ ਨੂੰ ਅਨੁਸ਼ਾਸਨ ਵਿਚ ਰਹਿ ਕੇ ਸੰਵਿਧਾਨਕ ਤਰੀਕੇ ਨਾਲ ਆਪਣਾ ਵਿਰੋਧ ਪ੍ਰਗਟ ਕਰਨ ਲਈ ਸਭ ਦੀ ਸ਼ਲਾਘਾ ਕੀਤੀ। ਉਨ੍ਹਾਂ ਇਸੇ ਤਰੀਕੇ ਨਾਲ ਸੰਘਰਸ਼ ਨੂੰ ਹੋਰ ਅੱਗੇ ਵਧਾਉਣ ਲਈ ਜੀਓਜੀ ਨੂੰ ਪ੍ਰੇਰਿਤ ਕੀਤਾ। ਉਨ੍ਹਾਂ ਨੇ ਸਭ ਵਲੰਟੀਅਰ ਨੂੰ ਇਕਜੁੱਟ ਰਹਿਣ ਲਈ ਪ੍ਰੇਰਿਤ ਕੀਤਾ। ਇਸ ਸਬੰਧੀ ਉਨ੍ਹਾਂ ਨੇ ਸਭ ਤੋਂ ਸੁਝਾਅ ਵੀ ਲਏ। ਮੀਟਿੰਗ ਵਿਚ ਸੂਬੇਦਾਰ ਮੇਜਰ ਤਰਸੇਮ ਲਾਲ, ਕੈਪਟਨ ਬਲਰਾਜ ਸਿੰਘ, ਕੈਪਟਨ ਦਲੀਪ ਸਿੰਘ, ਸੂਬੇਦਾਰ ਮੇਜਰ ਮੁਖਤਿਆਰ ਸਿੰਘ, ਗੁਰਨਾਮ ਸਿੰਘ ਤੇ ਤਹਿਸੀਲ ਦੇ ਹੋਰ ਵਲੰਟੀਅਰ ਹਾਜ਼ਰ ਸਨ।

# ਲੋਕ ਮਸਲੇ ਹੱਲ ਹੋਣ ਦੀ ਆਸ 'ਚ ਭੁੱਲਰ ਦੇ ਪੁਤਲੇ ਫੂਕਣ ਦਾ ਪ੍ਰੋਗਰਾਮ ਮੁਲਤਵੀ



ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੇ ਝੰਡੇ ਹੇਠ ਪੱਟੀ ਐੱਸ. ਡੀ. ਐੱਮ. ਦਫਤਰ ਅੱਗੇ ਲਗਭਗ ਚਾਰ ਮਹੀਨਿਆਂ ਤੋਂ ਧਰਨਾ ਚੱਲ ਰਿਹਾ ਹੈ। ਧਰਨੇ ਦਾ ਰੂਪ ਤਿੱਖਾ ਕਰਨ ਲਈ ਕਿਸਾਨ ਆਗੂਆਂ ਵੱਲੋਂ ਹਲਕਾ ਵਿਧਾਇਕ ਪੱਟੀ ਅਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਪਿੰਡ ਪੱਧਰੀ ਪੁਤਲੇ ਫੂਕਣ ਦਾ ਐਲਾਨ ਕੀਤਾ ਗਿਆ ਸੀ।

ਜਦੋਂ ਇਸ ਬਾਰੇ ਸੂਚਨਾ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਮਿਲੀ ਤਾਂ ਉਨ੍ਹਾਂ ਨੇ ਕਿਸਾਨ ਆਗੂਆਂ ਨੂੰ ਮੀਟਿੰਗ ਲਈ ਸੱਦਾ ਦਿੱਤਾ। ਮੰਤਰੀ ਅਤੇ ਕਿਸਾਨ ਆਗੂਆਂ ਵਿਚਾਲੇ ਲੰਮਾ ਸਮਾਂ ਚੱਲੀ ਮੀਟਿੰਗ ਵਿੱਚ ਕਿਸਾਨ ਆਗੂ ਗੁਰਭੇਜ ਸਿੰਘ ਧਾਰੀਵਾਲ, ਤਰਸੇਮ ਸਿੰਘ ਧਾਰੀਵਾਲ, ਸਵਰਨ ਸਿੰਘ ਹਰੀਕੇ ਤੋਂ ਇਲਾਵਾ ਹੋਰ ਆਗੂ ਮੌਜੂਦ ਰਹੇ।

ਮੀਟਿੰਗ ਤੋਂ ਬਾਅਦ ਕਿਸਾਨ ਆਗੂਆਂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਸਾਰੇ ਮਸਲਿਆਂ ਨੂੰ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ ਅਤੇ ਮੰਤਰੀ ਇਨ੍ਹਾਂ ਮਸਲਿਆਂ ਨੂੰ ਲੈ ਕੇ ਚਿੰਤਤ ਹਨ ਅਤੇ ਮੰਤਰੀ ਵੱਲੋਂ ਪ੍ਰਸ਼ਾਸਨ ਨਾਲ ਗੱਲਬਾਤ ਕਰਕੇ ਸੀਤੋ ਨੌ ਅਬਾਦ ਰੋਹੀ ਦੀ ਖਲਵਾਹੀ ਸ਼ੁਰੂ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ ਹੈ ਅਤੇ ਪਿੰਡ ਭੱਗੂਪੁਰ ਸੰਗਵਾਂ ਵਾਲੀ ਸੜਕ ਛੇਤੀ ਬਣਾਉਣ ਦੀ ਗੱਲ ਵੀ ਕਹੀ ਅਤੇ ਕਈ ਲੋਕਲ ਮਸਲੇ ਮੌਕੇ 'ਤੇ ਹੀ ਹੱਲ ਕਰ ਦਿੱਤੇ ਹਨ।

ਕਿਸਾਨ ਆਗੂਆਂ ਨੇ ਕਿਹਾ ਕਿ ਮੰਤਰੀ ਵੱਲੋਂ ਮਸਲਿਆਂ ਨੂੰ ਹੱਲ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਕਰਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਪਿੰਡ ਪੱਧਰੀ ਪੁਤਲੇ ਫੂਕਣ ਦਾ ਐਲਾਨ ਮੁਲਤਵੀ ਕਰ ਦਿੱਤਾ ਗਿਆ। ਇਸ ਮੌਕੇ ਗੁਰਜੰਟ ਸਿੰਘ ਭੱਗੂਪੁਰ, ਹਰਿੰਦਰ ਸਿੰਘ ਆਸਲ, ਸੁਖਬੀਰ ਸਿੰਘ ਪੱਟੀ, ਰੂਪ ਸਿੰਘ ਸੈਦੋ, ਜੁਵਰਾਜ ਸਿੰਘ ਸਭਰਾ, ਜਰਨੈਲ ਸਿੰਘ ਠੱਕਰਪੁਰਾ ਆਦਿ ਆਗੂ ਹਾਜ਼ਰ ਰਹੇ।

# ਬੀ ਐੱਡ. ਦਾ ਨਤੀਜਾ ਮਾਣਮੱਤਾ



ਗੁਰਦਾਸਪੁਰ (ਜਨਕ ਮਹਾਜਨ)-ਮਾਤਾ ਗੁਜਰੀ ਮੈਮੋਰੀਅਲ ਕਾਲਜ ਆਫ ਐਜੂਕੇਸ਼ਨ, ਬਲਵੰਡਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਸ ਸਬੰਧੀ ਕਾਲਜ ਦੇ ਡਾਇਰੈਕਟਰ ਡਾ. ਵਿਨੋਦ ਕੁਮਾਰ ਮਹਾਜਨ ਨੇ ਦੱਸਿਆ ਕਿ ਬੀ.ਐੱਡ. ਦੂਜੇ ਸਮੈਸਟਰ ਦੀ ਵਿਦਿਆਰਥਣ ਅਨੂ ਸ਼ਰਮਾ ਨੇ 73.8% ਅੰਕ ਲੈ ਕੇ ਪਹਿਲਾ, ਵਿਦਿਆਰਥੀ ਮਾਨਿਕ ਨੇ 68.4% ਅੰਕ ਲੈ ਕੇ ਦੂਜਾ ਅਤੇ ਪ੍ਰਿਅੰਕਾ ਦੇਵੀ ਅਤੇ ਅਵਿਨਾਸ਼ ਅਤਰੀ ਨੇ 67.5% ਅੰਕ ਲੈ ਕੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ। ਉਨ੍ਹਾਂ ਨੇ ਦੱਸਿਆ ਕਿ ਬਾਕੀ ਦੇ ਸਾਰੇ ਵਿਦਿਆਰਥੀਆਂ ਨੇ ਵੀ ਵਧੀਆ ਅੰਕ ਹਾਸਲ ਕੀਤੇ ਹਨ। ਇਸ ਮੌਕੇ ਚੇਅਰਪਰਸਨ ਸ਼੍ਰਮਾ ਸ਼ਰਮਾ ਨੇ ਵਿਦਿਆਰਥੀਆਂ ਅਤੇ ਸਮੂਹ ਕਾਲਜ ਸਟਾਫ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰੋ. ਰਮਨਪ੍ਰੀਤ ਕੌਰ, ਪ੍ਰੋ. ਜੋਗੇਸ਼ ਕੁਮਾਰ, ਪ੍ਰੋ. ਸੰਦੀਪ ਕੌਰ, ਪ੍ਰੋ. ਰਾਜਵਿੰਦਰ ਕੌਰ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਲੋਕ ਇਨਸਾਫ ਪ੍ਰੈੱਸ ਕਲੱਬ ਪੰਜਾਬ ਦੀ ਅਹਿਮ ਮੀਟਿੰਗ



**ਗਹਿਰੀ ਮੰਡੀ (ਮਨਜੀਤ ਸਿੰਘ ਮਿੰਟੂ)**-ਲੋਕ ਇਨਸਾਫ ਪ੍ਰੈੱਸ ਕਲੱਬ (ਰਜਿ.) ਦੀ ਇੱਕ ਅਹਿਮ ਮੀਟਿੰਗ ਹਾਈਵੇ ਰੋਡ ਮੱਲ੍ਹੀਆਂ ਨੇੜੇ ਹੋਈ ਜਿਸ ਵਿਚ ਵੱਖ-ਵੱਖ ਏਰੀਏ ਤੋਂ ਪੱਤਰਕਾਰ ਭਾਈਚਾਰਾ ਇੱਕਤਰ ਹੋਇਆ। ਮੀਟਿੰਗ ਦੀ ਪ੍ਰਧਾਨਗੀ ਜੀਵਨ ਸ਼ਰਮਾ ਨੇ ਕੀਤੀ। ਸ਼ਰਮਾ ਨੇ ਕਿਹਾ ਕਿ ਪੱਤਰਕਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਲਈ ਲੋਕ ਇਨਸਾਫ ਪ੍ਰੈੱਸ ਕਲੱਬ ਪਹਿਲ ਦੇ ਅਧਾਰ 'ਤੇ ਕੰਮ ਕਰੇਗਾ। ਪ੍ਰੈੱਸ ਕਲੱਬ ਦੇ ਜਨਰਲ ਸਕੱਤਰ ਮਨਜੀਤ ਸਿੰਘ ਮਿੰਟੂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰਾਂ ਹਮੇਸ਼ਾ ਪੱਤਰਕਾਰਾਂ ਨਾਲ ਧੱਕੇਸ਼ਾਹੀ ਕਰਦੀਆਂ ਆਈਆਂ ਹਨ ਪਰ ਹੁਣ ਲੋਕ ਇਨਸਾਫ ਪ੍ਰੈੱਸ ਕਲੱਬ ਇਹ ਧੱਕੇਸ਼ਾਹੀ ਕਦੇ ਵੀ ਬਰਦਾਸ਼ਤ ਨਹੀ ਕਰੇਗੀ। ਉਨ੍ਹਾਂ ਕਿਹਾ ਕਿ ਡੀ. ਪੀ. ਆਰ. ਓ. ਦੇ ਯੈਲੋ ਕਾਰਡ ਇਸ ਵਾਰ ਬਹੁਤ ਹੀ ਪੱਤਰਕਾਰਾਂ ਦੇ ਕੱਟੇ ਗਏ ਹਨ, ਸਰਕਾਰ ਵੱਲੋਂ ਪੱਤਰਕਾਰਾਂ ਨੂੰ ਕੋਈ ਵੀ ਸਹੂਲਤ ਨਹੀਂ ਦਿੱਤੀ ਜਾ ਰਹੀ। ਕੈਪਟਨ ਸਰਕਾਰ ਵੇਲੇ ਟੋਲ ਪਲਾਜ਼ੇ ਫਰੀ ਕੀਤੇ ਸਨ, ਪੈਨਸ਼ਨ ਸਕੀਮ ਬਾਰੇ ਕਿਹਾ ਸੀ ਪਰ ਸਰਕਾਰ ਬਣਨ ਤੋਂ ਬਾਅਦ ਸਾਰੀਆਂ ਸਹੂਲਤਾਂ ਖੋਹ ਲਈਆਂ ਜਾਂਦੀਆਂ ਹਨ। ਜੀਵਨ ਸ਼ਰਮਾ ਨੇ ਕਿਹਾ ਕਿ ਹੁਣ ਅਸੀਂ ਸਾਰੇ ਕਲੱਬਾਂ ਦੇ ਪ੍ਰਧਾਨਾਂ ਨੂੰ ਅਪੀਲ ਕਰਦੇ ਹਾਂ ਕਿ ਅਸੀਂ ਸਾਰੇ ਇਕੱਠੇ ਹੋ ਕੇ ਇੱਕ ਮੰਚ 'ਤੇ ਆਈਏ ਤੇ ਸਰਕਾਰਾਂ ਵੱਲੋਂ ਹੋ ਰਹੀ ਧੱਕੇਸ਼ਾਹੀ ਦੇ ਲਈ ਬੀੜਾ ਚੁੱਕੀਏ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਹੱਕ ਲੈ ਕੇ ਸਾਹ ਲਵਾਂਗੇ ਤੇ ਸਰਕਾਰਾਂ ਦੇ ਕੀਤੇ ਕੰਮਾਂ ਦੀ ਪੋਲ ਜਨਤਕ ਕਰਾਂਗੇ। ਉਨ੍ਹਾਂ ਕਿਹਾ ਕਿ ਪਬਲਿਕ ਦੇ ਕੰਮ ਸਰਕਾਰੇ ਦਰਬਾਰੇ ਹਰੇਕ ਦਫਤਰ ਵਿਚ ਰਿਸ਼ਵਤ ਤੋਂ ਬਗੈਰ ਨਹੀਂ ਹੋ ਰਿਹਾ। ਇਸ ਸਰਕਾਰ ਤੋਂ ਨਾ ਨਸ਼ਾ ਖਤਮ ਹੋ ਸਕਿਆ ਤੇ ਨਾ ਹੀ ਭ੍ਰਿਸ਼ਟਾਚਾਰ। ਲੁੱਟਾਂ-ਖੋਹਾਂ ਸ਼ਰੇਆਮ ਵਧਦੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਸਾਰੀਆਂ ਮੁਸ਼ਕਲਾਂ ਨੂੰ ਜੱਗ ਜ਼ਾਹਰ ਕਰਕੇ ਇਨ੍ਹਾਂ ਦੇ ਹੱਲ ਲਈ ਆਵਾਜ਼ ਬੁਲੰਦ ਕਰੇਗੀ। ਇਸ ਮੌਕੇ ਭਵਜੋਤ ਕੌਰ, ਚੰਦ ਕੁਮਾਰ, ਸੁਖਵਿੰਦਰ ਸਿੰਘ ਮਾਲੋਵਾਲ, ਬਲਬੀਰ ਸਿੰਘ, ਨਿਰਮਲ ਸਿੰਘ, ਹਰਪਰੀਤ ਸਿੰਘ, ਸੁਰਿੰਦਰ ਸਿੰਘ, ਰਾਜਬੀਰ ਸਿੰਘ, ਦੀਪਕ ਸਿੰਘ, ਸੁਬੋਧ ਵਰਮਾ, ਸੰਦੀਪ ਸ਼ਰਮਾ, ਜਸਬੀਰ ਸਿੰਘ, ਅਮਨਦੀਪ ਸਿੰਘ ਅਤੇ ਗੁਰਮੀਤ ਸਿੰਘ ਆਦਿ ਹਾਜ਼ਰ ਸਨ।

# ਸਰਕਾਰਾਂ ਨੇ ਮਿਹਨਤਕਸ਼ ਲੋਕਾਂ ਦੀਆਂ ਦਰਪੇਸ਼ ਔਕੜਾਂ ਨੂੰ ਵਿਸਾਰ ਦਿੱਤੈ : ਸਭਰਾ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਮੀਟਿੰਗ ਗੁਰਦੁਆਰਾ ਬਾਬਾ ਕਾਹਨ ਸਿੰਘ ਜੀ ਵਿਖੇ ਜੁਗਰਾਜ ਸਿੰਘ ਰਾਜਸਥਾਨੀ, ਬਲਕਾਰ ਸਿੰਘ ਦੋਧੀ, ਅਮਰਜੀਤ ਸਿੰਘ ਸਭਰਾ ਦੀ ਪ੍ਰਧਾਨਗੀ ਹੇਠ ਹੋਈ। ਪ੍ਰੈੱਸ ਨੋਟ ਜਾਰੀ ਕਰਦਿਆਂ ਸੁਖਵਿੰਦਰ ਸਿੰਘ ਸਭਰਾ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਕੀਤੇ ਹੋਏ ਵਾਅਦਿਆਂ ਤੇ ਲੋਕ ਮਸਲਿਆਂ 'ਤੇ ਚੁੱਪੀ ਸਾਧੀ ਹੋਈ ਹੈ। ਮੀਟਿੰਗ ਵਿੱਚ 10 ਦਿਨਾਂ ਤੋਂ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਚੱਲ ਰਹੇ ਧਰਨਿਆਂ ਬਾਰੇ ਵਿਚਾਰਾਂ ਕਰਦਿਆਂ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਲੀ ਅੰਦੋਲਨ ਦੌਰਾਨ ਕੀਤੇ ਵਾਅਦਿਆਂ ਤੋਂ ਮੁੱਕਰਨਾ, ਪੰਜਾਬ ਸਰਕਾਰ ਵੱਲੋਂ ਨਸ਼ਿਆਂ 'ਤੇ ਕੰਟਰੋਲ ਕਰਨਾ, ਬੁੱਧੀਜੀਵੀਆਂ ਤੇ ਬੰਦੀ ਸਿੰਘਾਂ ਨੂੰ ਰਿਹਾਅ ਕਰਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਬਦੀ ਦੇ ਮਾਮਲੇ ਵਿੱਚ ਦੋਸ਼ੀਆਂ ਨੂੰ ਸਜ਼ਾਵਾਂ ਦੇਣਾ, ਮਜ਼ਦੂਰਾਂ ਨੂੰ ਮਨਰੇਗਾ ਸਕੀਮ ਅਧੀਨ ਕੰਮ ਤੇ ਮਿਹਨਤਾਨੇ ਦੇਣਾ, ਅਬਾਦਕਾਰਾਂ ਨੂੰ ਮਾਲਕੀ ਹੱਕ ਦੇਣੇ, ਰੇਤ ਮਾਫੀਆ, ਸਿਹਤ ਮਾਫੀਆ, ਵਿੱਦਿਆ ਮਾਫੀਆ 'ਤੇ ਕੰਟਰੋਲ ਕਰਨਾ, ਬੀਬੀਆਂ ਦੇ ਖਾਤੇ 'ਚ 1000 ਰੁਪਏ ਪਾਉਣਾ, ਨੌਜਵਾਨਾਂ ਨੂੰ ਰੁਜ਼ਗਾਰ ਪੱਖੋਂ ਆਤਮ ਨਿਰਭਰ ਬਣਾਉਣਾ ਆਦਿ ਮਸਲਿਆਂ ਤੋਂ ਸਰਕਾਰਾਂ ਨੇ ਕਿਨਾਰਾ ਕੀਤਾ ਹੋਇਆ ਹੈ।

ਜਥੇਬੰਦੀ ਨੇ 5 ਦਸੰਬਰ ਨੂੰ ਰਾਜ ਸਭਾ ਤੇ ਲੋਕ ਸਭਾ ਮੈਂਬਰਾਂ ਨੂੰ ਮੰਗ ਪੱਤਰ ਸੌਂਪਿਆ,7 ਦਸੰਬਰ ਨੂੰ ਡੀ ਸੀ ਦਫਤਰਾਂ ਦੇ ਮੁੱਖ ਦੁਆਰਾਂ 'ਤੇ 4 ਘੰਟੇ ਦੇ ਧਰਨੇ ਦਿੱਤੇ ਜਾਣਗੇ। 12 ਦਸੰਬਰ ਨੂੰ ਐੱਮਐੱਲਏ ਤੇ ਮੰਤਰੀਆਂ ਦੇ ਘਰਾਂ ਅੱਗੇ ਪ੍ਰਦਰਸ਼ਨ ਵੀ 4 ਘੰਟੇ ਹੋਣਗੇ। 15 ਦਸੰਬਰ ਤੋਂ ਇੱਕ ਮਹੀਨਾ ਟੋਲ ਫ੍ਰੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜੇਕਰ ਆਪਣੇ ਕੀਤੇ ਹੋਏ ਵਾਅਦਿਆਂ ਨੂੰ ਸਰਕਾਰਾਂ ਲਾਗੂ ਨਹੀਂ ਕਰਦੀਆਂ ਤਾਂ ਅੱਗੋਂ ਤਿੱਖੇ ਸੰਘਰਸ਼ ਆਰੰਭੇ ਜਾਣਗੇ ਜਿਸ ਦੀ ਜ਼ਿੰਮੇਵਾਰੀ ਸਰਕਾਰਾਂ ਦੀ ਹੋਵੇਗੀ। ਇਸ ਮੌਕੇ ਗੁਰਦਿਆਲ ਸਿੰਘ, ਕਰਨੈਲ ਸਿੰਘ, ਜਸਵਿੰਦਰ ਸਿੰਘ, ਨਛੱਤਰ ਸਿੰਘ, ਮੁਖਤਿਆਰ ਸਿੰਘ, ਬਲਵੰਤ ਸਿੰਘ, ਸ਼ਿੰਗਾਰਾ ਸਿੰਘ, ਅਜੀਤ ਸਿੰਘ, ਕਸ਼ਮੀਰ ਸਿੰਘ, ਗੁਰਦਿਆਲ ਸਿੰਘ, ਦਲੇਰ ਸਿੰਘ, ਕੁਲਦੀਪ ਸਿੰਘ, ਸੁਖਵੰਤ ਸਿੰਘ, ਪ੍ਰੀਤਮ ਸਿੰਘ, ਸੁਖਵਿੰਦਰ ਸਿੰਘ, ਲੱਖਾ ਸਿੰਘ, ਦਿਲਬਰ ਸਿੰਘ, ਕਰਮ ਸਿੰਘ, ਪਾਲ ਸਿੰਘ, ਸ਼ਿੰਗਾਰਾ ਸਿੰਘ, ਕੁਲਵਿੰਦਰ ਸਿੰਘ, ਬਲਵਿੰਦਰ ਸਿੰਘ, ਪ੍ਰਤਾਪ ਸਿੰਘ ਅਤੇ ਮਿਰਜ਼ਾ ਸਿੰਘ ਆਦਿ ਹਾਜ਼ਰ ਸਨ।

# ਪੋਲਿੰਗ ਬੂਥਾਂ 'ਤੇ ਲਗਾਏ ਦੋ ਰੋਜ਼ਾ ਵਿਸ਼ੇਸ਼ ਕੈਂਪ ਸੰਪੰਨ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਜ਼ਿਲ੍ਹਾ ਚੋਣ ਅਫਸਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਫੋਟੋ ਵੋਟਰ ਸੂਚੀ ਦੀ ਵਿਸ਼ੇਸ਼ ਸਮਰੀ ਸੁਧਾਈ ਤਹਿਤ ਦੀਨਾਨਗਰ ਦੇ ਵੱਖ-ਵੱਖ ਪੋਲਿੰਗ ਸਟੇਸ਼ਨਾਂ 'ਤੇ ਦੋ ਰੋਜ਼ਾ ਵਿਸ਼ੇਸ਼ ਕੈਂਪ ਲਗਾਏ ਗਏ। ਇਸ ਮੌਕੇ ਸੁਪਰਵਾਈਜ਼ਰਾਂ ਨੇ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ ਕੀਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਬੂਥ ਲੈਵਲ ਅਫਸਰ ਰਾਜੇਸ਼ ਮਹਾਜਨ, ਰਾਜ ਕੁਮਾਰ ਅਤੇ ਪ੍ਰੇਮ ਪ੍ਰਕਾਸ਼ ਨੇ ਦੱਸਿਆ ਕਿ ਇਹ ਦੋ ਰੋਜ਼ਾ ਸਪੈਸ਼ਲ ਕੈਂਪ ਵਿੱਚ ਦਾਅਵੇਦਾਰਾਂ ਕੋਲੋਂ ਇਤਰਾਜ਼ ਅਤੇ ਬਿਨੈ-ਪੱਤਰ ਪ੍ਰਾਪਤ ਕੀਤੇ ਗਏ। ਨਵੇਂ ਵੋਟ ਬਣਾਉਣ, ਵੋਟਰ ਕਾਰਡ ਵਿੱਚ ਸੁਧਾਈ, ਮਰ ਚੁੱਕੇ ਜਾਂ ਸ਼ਿਫਟ ਹੋ ਚੁੱਕੇ ਅਤੇ ਇੱਕੋ ਵਿਧਾਨ ਸਭਾ ਵਿੱਚੋਂ ਅਦਲਾ-ਬਦਲੀ ਲਈ ਦਾਅਵੇਦਾਰਾਂ ਦੇ ਮੌਕੇ 'ਤੇ ਹੀ ਫਾਰਮ ਨੰਬਰ 6, 7, 8 ਅਤੇ 8 ਆਨਲਾਈਨ ਭਰੇ ਗਏ। ਇਸ ਤੋਂ ਇਲਾਵਾ ਵੋਟਰ ਕਾਰਡ ਨੂੰ ਆਧਾਰ ਕਾਰਡ ਨਾਲ ਆਨਲਾਈਨ ਲਿੰਕ ਵੀ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਦੋ ਰੋਜ਼ਾ ਵਿਸ਼ੇਸ਼ ਕੈਂਪ ਵਿੱਚ ਨਵੇਂ ਵੋਟਰ ਬਣਾਉਣ ਵਾਲੇ ਵੋਟਰਾਂ ਵਿਚ ਕਾਫੀ ਉਤਸ਼ਾਹ ਦੇਖਿਆ ਗਿਆ।

# ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਸਨਮਾਨ ਸਮਾਰੋਹ ਸ਼ਾਨੋ-ਸ਼ੌਕਤ ਨਾਲ ਸੰਪੰਨ

## ਕੁਲਬੀਰ ਬਡੇਸਰੋਂ, ਜਸਪਾਲ ਕੌਰ ਤੇ ਡਾ. ਬਿਕਰਮ ਸਿੰਘ ਵਿਰਕ ਨੂੰ ਪੁਰਸਕਾਰ ਦੇ ਕੇ ਸਨਮਾਨਿਆ



ਗੁਰਦਾਸਪੁਰ, ਧਾਰੀਵਾਲ (ਜਨਕ ਮਹਾਜਨ/ਮਨਦੀਪ ਵਿੱਕੀ)-ਪੰਜਾਬੀ ਕਹਾਣੀ ਦੇ ਪਿਤਾਮਾ ਅਤੇ ਗੁਰਦਾਸਪੁਰ ਜ਼ਿਲ੍ਹੇ ਦੇ ਬਾਬਾ ਬੋਹੜ ਪ੍ਰਿੰਸੀਪਲ ਸੁਜਾਨ ਸਿੰਘ ਦੀ ਯਾਦ ਨੂੰ ਸਮਰਪਿਤ ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਸਨਮਾਨ ਸਮਾਰੋਹ ਸਥਾਨਕ ਰਾਮ ਸਿੰਘ ਦੱਤ ਦੇਸ਼ ਭਗਤ ਯਾਦਗਾਰੀ ਭਵਨ ਗੁਰਦਾਸਪੁਰ ਵਿਖੇ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਪੰਜਾਬ ਭਰ ਤੋਂ ਪਹੁੰਚੇ ਵਿਦਵਾਨਾਂ 'ਤੇ ਅਧਾਰਤ ਪ੍ਰਧਾਨਗੀ ਮੰਡਲ ਜਿਸ ਵਿੱਚ ਦਰਸ਼ਨ ਬੁੱਟਰ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ, ਡਾ. ਕਰਮਜੀਤ ਸਿੰਘ, ਡਾ. ਨਵਸਰਨ ਕੌਰ, ਸੁਸ਼ੀਲ ਦੁਸਾਂਝ, ਦੀਪਦੇਵਿੰਦਰ ਸਿੰਘ, ਬਲਵਿੰਦਰ ਸਿੰਘ ਸੰਧੂ, ਗੁਰਚਰਨ ਸਿੰਘ ਪੱਬਰਾਲੀ, ਬੋਧ ਸਿੰਘ ਘੁੰਮਣ, ਸੁਲੱਖਣ ਸਰਹੱਦੀ, ਡਾ. ਲੇਖ ਰਾਜ ਅਤੇ ਮੱਖਣ ਕੁਹਾੜ ਦੀ ਪ੍ਰਧਾਨਗੀ ਹੇਠਾਂ ਹਰ ਸਾਲ ਦੀ ਤਰ੍ਹਾਂ ਸਾਹਿਤਕ ਅਤੇ ਸਮਾਜਕ ਜਾਣਕਾਰੀ ਭਰਪੂਰ ਮਹਿਕਾਂ ਬਖੇਰਦਾ ਹੋਇਆ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਇਆ। ਇਸ ਸ਼ਾਨਾਮੱਤੇ ਪ੍ਰੋਗਰਾਮ ਦਾ ਆਰੰਭ ਪਿਛਲੇ ਸਮੇਂ ਦੌਰਾਨ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਕਲਮਕਾਰਾਂ ਨੂੰ ਯਾਦ ਕਰਦਿਆਂ ਦੋ ਮਿੰਟ ਦਾ ਮੌਨ ਰੱਖ ਕੇ ਅਤੇ ਸਾਹਿਤ ਕੇਂਦਰ ਦੇ ਕਾਰਜਕਾਰੀ ਪ੍ਰਧਾਨ ਸੁਲੱਖਣ ਸਰਹੱਦੀ ਵੱਲੋਂ ਹਾਜ਼ਰ ਵਿਦਵਾਨਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਨੂੰ ਆਖਣ ਨਾਲ ਹੋਇਆ। ਮੰਚ ਸੰਭਾਲਦਿਆਂ ਜਨਰਲ ਸਕੱਤਰ ਮੰਗਤ ਚੰਚਲ ਵੱਲੋਂ ਸਮਾਗਮ ਦੀ ਮੁੱਖ ਬੁਲਾਰਾ ਡਾ. ਨਵਸਰਨ ਕੌਰ ਦੀ ਜਾਣ-ਪਛਾਣ ਹਿਤ ਦੋ ਸ਼ਬਦ ਆਖਦਿਆਂ ਉਨ੍ਹਾਂ ਨੂੰ ਆਦਰ ਸਹਿਤ ਮੰਚ 'ਤੇ ਆਉਣ ਦਾ ਸੱਦਾ ਦਿੱਤਾ। ਆਪਣੇ ਭਾਸ਼ਣ ਦੌਰਾਨ ਉਨ੍ਹਾਂ ਕਿਹਾ ਕਿ ਫਿਰਕਾਪ੍ਰਸਤੀ ਅਤੇ ਫਾਸ਼ੀਵਾਦ ਸਮਾਜ ਵਿੱਚ ਥਾਂ ਥਾਂ ਘੁਸਪੈਠ ਕਰ ਚੁੱਕਾ ਹੈ ਅਤੇ ਇਹ ਫਿਕਰਮੰਦੀ ਦਾ ਦੌਰ ਹੈ। ਇਸ ਤੋਂ ਸਮਾਜ ਨੂੰ ਸੁਚੇਤ ਹੋਣ ਦੀ ਲੋੜ ਹੈ। ਉਨ੍ਹਾਂ ਬੜੇ ਹੀ ਭਾਵਪੂਰਤ ਸ਼ਬਦਾਂ ਵਿਚ ਭਾਰਤ ਦੀ ਧਰਤੀ 'ਤੇ ਜੰਮੇ ਪਲੇ ਲੋਕਾਂ ਦੀ ਐੱਨਆਰਸੀ ਵਰਗੇ ਕਾਲੇ ਕਾਨੂੰਨ ਬਣਾ ਕੇ ਲੋਕਾਂ ਨੂੰ ਬੇਪਛਾਣ ਅਤੇ ਬੇਘਰ ਕਰਨ ਵਰਗੀਆਂ ਸਰਕਾਰ ਦੀਆਂ ਕੋਝੀਆਂ ਚਾਲਾਂ ਨੂੰ ਸਿਰੇ ਤੋਂ ਖਾਰਜ ਕੀਤਾ ਅਤੇ ਸਰਕਾਰ ਦੀ ਕਾਰਪੋਰੇਟ ਘਰਾਣਿਆਂ ਨਾਲ ਭਾਈਵਾਲੀ ਨੂੰ ਲੋਕਾਂ ਲਈ ਬੇਹੱਦ ਘਾਤਕ ਦੱਸਿਆ। ਉਨ੍ਹਾਂ ਕਿਸਾਨੀ ਦੀ ਤਰਸਯੋਗ ਹਾਲਤ 'ਤੇ ਵੀ ਉਂਗਲ ਧਰੀ ਅਤੇ ਮਜ਼ਦੂਰਾਂ ਦੀ ਮੰਦਹਾਲੀ ਜੱਗ ਜ਼ਾਹਰ ਕਰਦਿਆਂ ਕਿਹਾ ਕਿ ਇਨ੍ਹਾਂ ਵਿਚਾਰਿਆਂ ਦੀ ਤਾਂ ਬਿਲਕੁਲ ਹੀ ਬਾਂਹ ਫੜਨ ਵਾਲਾ ਕੋਈ ਨਹੀਂ ਹੈ ਅਤੇ ਅਤਿਅੰਤ ਬੇਹਾਲੀ ਦਾ ਜੀਵਨ ਜੀਣ ਲਈ ਮਜਬੂਰ ਹਨ। ਇਸ ਤੋਂ ਮਗਰੋਂ ਕੁਲਬੀਰ ਬਡੇਸਰੋਂ ਨੂੰ ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਸਨਮਾਨ, ਜਸਪਾਲ ਕੌਰ ਨੂੰ ਉਤਸਾਹ ਵਰਦਕ ਸਨਮਾਨ ਅਤੇ ਡਾ. ਬਿਕਰਮ ਸਿੰਘ ਵਿਰਕ ਨੂੰ ਡਾ. ਨਿਰਮਲ ਸਿੰਘ ਆਜ਼ਾਦ ਯਾਦਗਾਰੀ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਡਾ. ਨਵਸਰਨ ਕੌਰ ਨੂੰ ਵੀ ਯਾਦਪੱਤਰ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਡਾ. ਕਰਮਜੀਤ ਸਿੰਘ, ਸੁਸ਼ੀਲ ਦੁਸਾਂਝ, ਦੀਪਦੇਵਿੰਦਰ ਸਿੰਘ, ਬੋਧ ਸਿੰਘ ਘੁੰਮਣ, ਕਮਲ ਦੁਸਾਂਝ, ਤਰਸੇਮ ਭੰਗੂ, ਡਾ. ਲੇਖ ਰਾਜ, ਗੁਰਮੀਤ ਬਾਜਵਾ ਅਤੇ ਮੱਖਣ ਕੁਹਾੜ ਨੇ ਵੀ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਸਾਹਿਤ ਕੇਂਦਰ ਦੇ ਸੰਯੋਜਕ ਮੱਖਣ ਕੁਹਾੜ ਵਲੋਂ ਕੁੱਝ ਮਤੇ ਪੇਸ਼ ਕੀਤੇ ਗਏ ਜਿਨ੍ਹਾਂ ਵਿਚ ਪੰਜਾਬ ਵਿੱਚ ਮੁਕੰਮਲ ਤੌਰ 'ਤੇ ਪੰਜਾਬੀ ਲਾਗੂ ਕੀਤੀ ਜਾਵੇ, ਕਲਮਾਂ ਨੂੰ ਖਤਰਨਾਕ ਆਖਣ ਵਾਲੇ ਰੁਝਾਨ ਦਾ ਜ਼ੋਰਦਾਰ ਖੰਡਨ, ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੀ ਮੰਗ ਆਦਿ ਮਤੇ ਪਾਸ ਕਰਵਾਏ ਗਏ। ਇਹ ਪ੍ਰੋਗਰਾਮ ਪ੍ਰਿੰ. ਸੁਜਾਨ ਸਿੰਘ ਦੇ ਅਤੇ ਡਾ. ਨਿਰਮਲ ਸਿੰਘ ਆਜ਼ਾਦ ਦੇ ਪਰਿਵਾਰਾਂ ਦੇ ਭਰਪੂਰ ਸਹਿਯੋਗ ਨਾਲ ਨੇਪਰੇ ਚੜ੍ਹਿਆ। ਇਸ ਮੌਕੇ ਤਿੰਨ ਪੁਸਤਕਾਂ 'ਤਾਰਿਆਂ ਦਾ ਹਜੂਮ' ਸੀਤਲ ਸਿੰਘ ਗੁੰਨੋਪੁਰੀ, 'ਛੱਤਾਂ ਹੇਠਾਂ ਕਾਹਦੀਆਂ ਉਡਾਰੀਆਂ' ਸੁਲੱਖਣ ਸਰਹੱਦੀ, 'ਸੂਰਜਾਂ ਦੇ ਅੰਗ-ਸੰਗ' ਬੋਧ ਸਿੰਘ ਘੁੰਮਣ ਲੋਕ ਅਰਪਣ ਕੀਤੀਆਂ ਗਈਆਂ। ਇਸ ਮੌਕੇ ਪ੍ਰਿੰ. ਸੁਜਾਨ ਸਿੰਘ ਦੇ ਸਮੂਹ ਪਰਿਵਾਰਕ ਮੈਂਬਰ ਹਾਜ਼ਰ ਸਨ। ਇਸ ਤੋਂ ਇਲਾਵਾ ਸੁਭਾਸ਼ ਦੀਵਾਨਾ, ਸੀਤਲ ਗੁੰਨੋਪੁਰੀ, ਸੁਖਵਿੰਦਰ ਰੰਧਾਵਾ, ਬੂਟਾ ਰਾਮ ਆਜ਼ਾਦ, ਐੱਸ. ਪੀ. ਸਿੰਘ, ਗੁਰਪ੍ਰੀਤ ਰੰਗੀਲਪੁਰ, ਮੰਗਲਦੀਪ, ਹਰਪਾਲ ਸਿੰਘ ਨਾਗਰਾ, ਵਿਜੇ ਅਗਨੀਹੋਤਰੀ, ਜਸਵੰਤ ਹਾਂਸ, ਦਵਿੰਦਰ ਦਿਦਾਰ, ਗੁਰਚਰਨ ਗਾਂਧੀ, ਰਮੇਸ਼ ਜਾਨੂੰ, ਰਜਿੰਦਰ ਸਿੰਘ, ਸੋਹਣ ਸਿੰਘ, ਹਰਭਜਨ ਸਿੰਘ ਬਾਜਵਾ, ਸੀਸਮ ਸੰਧੂ ਆਦਿ ਨੇ ਆਪਣੀਆਂ-ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਸ ਮੌਕੇ ਵੱਡੀ ਗਿਣਤੀ ਵਿੱਚ ਅਦੀਬ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

# ਸੇਂਟ ਕਬੀਰ ਸਕੂਲ ਦੀ ਅਧਿਆਪਕਾ ਕਿਰਨ ਬਾਲਾ ਕੌਮੀ ਪੁਰਸਕਾਰ ਨਾਲ ਸਨਮਾਨਿਤ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਸਿੱਖਿਆ ਦੇ ਵਿਸ਼ਾਲ ਖੇਤਰ ਵਿੱਚ ਨਵੀਆਂ ਪੈੜਾਂ ਪਾ ਰਿਹਾ ਹੈ, ਜਿਸ ਦਾ ਸਿਹਰਾ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਜਾਂਦਾ ਹੈ। ਅਧਿਆਪਕ ਹੀ ਅਜਿਹੇ ਪਾਰਖੂ ਹੁੰਦੇ ਹਨ ਜੋ ਕਿ ਆਪਣੀ ਕਾਬਲੀਅਤ ਤੇ ਤਜਰਬੇ ਨਾਲ ਵਿਦਿਆਰਥੀ ਰੂਪੀ ਹੀਰੇ ਨੂੰ ਤਰਾਸ਼ਦੇ ਹਨ।

ਇਸੇ ਹੁਨਰ ਤੇ ਤਜਰਬੇ ਨੂੰ ਮੁੱਖ ਰੱਖਦੇ ਹੋਏ ਸੇਂਟ ਕਬੀਰ ਪਬਲਿਕ ਸਕੂਲ ਦੀ ਅਧਿਆਪਕਾ ਕਿਰਨ ਬਾਲਾ (ਪੰਜਾਬੀ ਵਿਭਾਗ) ਨੂੰ ਕੌਮੀ ਪੱਧਰ 'ਤੇ ਸਰਵੋਤਮ ਅਧਿਆਪਕ ਦੇ ਖਿਤਾਬ ਨਾਲ ਸਨਮਾਨਿਆ ਗਿਆ। ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਐੱਸ. ਬੀ. ਨਾਯਰ, ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ, ਸਮੂਹ ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਦੁਆਰਾ ਉਨ੍ਹਾਂ ਦਾ ਨਿੱਘਾ ਸੁਆਗਤ ਕਰਦਿਆਂ ਸਕੂਲ ਦਾ ਨਾਂ ਆਸ-ਪਾਸ ਦੇ ਇਲਾਕੇ ਵਿੱਚ ਰੌਸ਼ਨ ਕਰਨ ਲਈ ਵਧਾਈ ਦਿੱਤੀ। ਉਨ੍ਹਾਂ ਨੇ ਆਪਣੀ ਖੁਸ਼ੀ ਜ਼ਾਹਰ ਕਰਦਿਆਂ ਦੱਸਿਆ ਕਿ ਇਹ ਸਮਾਰੋਹ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਆਫ ਪੰਜਾਬ (ਐੱਫਏਪੀ) ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਕਰਵਾਇਆ ਗਿਆ।

ਚੰਡੀਗੜ੍ਹ ਯੂਨੀਵਰਸਿਟੀ ਵਿਖੇ 3-4 ਦਸੰਬਰ ਨੂੰ ਕਰਵਾਏ ਗਏ ਦੋ-ਰੋਜ਼ਾ ਸਮਾਗਮ (ਫੈਪ) ਵਿੱਚ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ (ਮੁੱਖ ਮਹਿਮਾਨ), ਐੱਫ.ਏ.ਪੀ. ਪ੍ਰਧਾਨ (ਜਗਜੀਤ ਸਿੰਘ ਧੂਰੀ), ਵਾਈਸ ਚਾਂਸਲਰ ਸਤਨਾਮ ਸਿੰਘ ਸੰਧੂ ਤੋਂ ਇਲਾਵਾ ਹੋਰ ਵੀ ਉੱਘੀਆਂ ਸਖ਼ਸ਼ੀਅਤਾਂ ਸ਼ਾਮਲ ਹੋਈਆਂ।

ਇਸ ਤੋਂ ਇਲਾਵਾ ਕਿਰਨ ਬਾਲਾ ਨੇ ਕਿਹਾ ਕਿ ਉਨ੍ਹਾਂ ਦੇ ਸਨਮਾਨ ਪਿੱਛੋਂ ਸਕੂਲ ਪ੍ਰਿੰਸੀਪਲ ਅਤੇ ਉਨ੍ਹਾਂ ਦੇ ਸਮੂਹਿਕ ਅਧਿਆਪਕਾਂ ਦੀ ਸਮੇਂ-ਸਮੇਂ ਦਿੱਤੀ ਜਾਂਦੀ ਸਹੀ ਪ੍ਰੇਰਨਾ ਹੈ ਤੇ ਉਹ ਇਸ ਲਈ ਸਮੁੱਚੇ ਸਕੂਲ ਦੇ ਬਹੁਤ ਧੰਨਵਾਦੀ ਹਨ ਕਿ ਉਨ੍ਹਾਂ ਨੂੰ ਇਸ ਮੁਕਾਮ ਤੱਕ ਪਹੁੰਚਾਇਆ।

# ਹੁਨਰਮੰਦ ਸਿੱਖਿਆਰਥਣਾਂ ਨੂੰ ਸਰਟੀਫਿਕੇਟ ਤਕਸੀਮ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਹਰ ਹੱਥ ਵਿੱਚ ਹੁਨਰ ਹੋਣਾ ਚਾਹੀਦਾ ਹੈ ਤਾਂ ਜੋ ਲੋੜ ਪੈਣ 'ਤੇ ਉਸ ਹੁਨਰ ਨੂੰ ਤੁਸੀਂ ਆਪਣਾ ਰੁਜ਼ਗਾਰ ਬਣਾ ਸਕੋ! ਐੱਸ. ਪੀ. ਸਿੰਘ ਓਬਰਾਏ ਦਾ ਇਹ ਮਿਸ਼ਨ ਹੈ! ਇਸੇ ਮਿਸ਼ਨ ਤਹਿਤ ਪੰਜਾਬ ਭਰ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਿਲਾਈ, ਬਿਊਟੀ ਪਾਰਲਰ ਅਤੇ ਕੰਪਿਊਟਰ ਸੈਂਟਰ ਖੋਲ੍ਹੇ ਗਏ ਹਨ ਜਿੱਥੇ ਸਿੱਖਿਆਰਥੀਆਂ ਨੂੰ ਫ੍ਰੀ ਸਿੱਖਿਆ ਦੇ ਕੇ ਹੁਨਰਮੰਦ ਬਣਾਇਆ ਜਾ ਰਿਹਾ ਹੈ!

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਐਗਜ਼ੀਕਿਊਟਿਵ ਮੈਂਬਰ ਜਸਵਿੰਦਰ ਕੌਰ ਧੁੰਨਾ ਨੇ ਸਿੱਖਿਆਰਥੀਆਂ ਨੂੰ ਸਰਟੀਫਿਕੇਟ ਤਕਸੀਮ ਕਰਨ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਟਰੱਸਟ ਤਰਨਤਾਰਨ ਜ਼ਿਲ੍ਹੇ ਵਿੱਚ 4 ਸਿਲਾਈ ਸੈਂਟਰ, ਇੱਕ ਬਿਊਟੀ ਪਾਰਲਰ ਅਤੇ 1 ਕੰਪਿਊਟਰ ਸੈਂਟਰ ਚਲਾਇਆ ਜਾ ਰਿਹਾ ਹੈ। ਟਰੱਸਟ ਵੱਲੋਂ ਸਿੱਖਿਆ ਅਤੇ ਸਿਹਤ ਨੂੰ ਲੈ ਕੇ ਸਮੇਂ ਸਮੇਂ 'ਤੇ ਕਾਰਜ ਕੀਤੇ ਜਾਂਦੇ ਹਨ ਜਿਸ ਤਹਿਤ ਪੱਟੀ ਸ਼ਹਿਰ ਅੰਦਰ ਚਲਾਏ ਜਾ ਰਹੇ ਸਿਲਾਈ ਸੈਂਟਰ ਸੈਸ਼ਨ ਮੁਕੰਮਲ ਹੋਣ 'ਤੇ ਭਾਰਤ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਰਟੀਫਿਕੇਟ ਸਿੱਖਿਆਰਥਣਾਂ ਨੂੰ ਦਿੱਤੇ ਗਏ ਹਨ।

ਇਸ ਮੌਕੇ ਸਿਲਾਈ ਅਧਿਆਪਕ ਰਣਜੀਤ ਕੌਰ, ਹਰੀਸ਼ ਧਵਨ, ਅਮਿਤ ਜੈਨ, ਸਤਨਾਮ ਸਿੰਘ, ਅਮਨੀਸ਼ ਬੱਤਰਾ, ਰਣਜੀਤ ਕੌਰ ਸਿਲਾਈ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

# ਐੱਚਡੀਐੱਫਸੀ ਬੈਂਕ ਵੱਲੋਂ 9 ਨੂੰ ਰਾਸ਼ਟਰੀ 'ਰਕਤਦਾਨ ਮੁਹਿੰਮ' ਦਾ ਆਯੋਜਨ

ਜਲੰਧਰ : ਐੱਚਡੀਐੱਫਸੀ ਬੈਂਕ ਭਾਰਤ ਦਾ ਪ੍ਰਮੁੱਖ ਪ੍ਰਾਈਵੇਟ ਖੇਤਰ ਦਾ ਬੈਂਕ ਸ਼ੁੱਕਰਵਾਰ, 9 ਦਸੰਬਰ ਨੂੰ ਰਾਸ਼ਟਰਵਿਆਪੀ 'ਰਕਤਦਾਨ ਮੁਹਿੰਮ' ਆਯੋਜਿਤ ਕਰੇਗਾ। ਅਭਿਆਨ ਸਾਲਾਨਾ ਐੱਚਡੀਐੱਫਸੀ ਬੈਂਕ ਦੇ ਪ੍ਰਮੁੱਖ ਸੀਐੱਸਆਰ ਪ੍ਰੋਗਰਾਮ # ਪਰਿਵਰਤਨ ਤਹਿਤ ਸਿਹਤ ਸੰਭਾਲ ਦੀ ਪਹਿਲਕਦਮੀ ਆਪਣੇ 14ਵੇਂ ਸਾਲ ਵਿੱਚ ਹੈ। ਭਾਰਤ ਭਰ ਦੇ 1,150 ਸ਼ਹਿਰ ਵਿੱਚ 5,500 ਤੋਂ ਵੱਧ ਕੇਂਦਰਾਂ ਦਾ ਖ਼ੂਨਦਾਨ ਸ਼ਿਵਰ ਆਯੋਜਿਤ ਕਰੇਗਾ। ਇਸ ਵਿੱਚ ਵੱਡੀਆਂ ਕਾਰਪੋਰੇਸ਼ਨਾਂ, ਕਾਲਜ ਅਤੇ ਬੈਂਕ ਸ਼ਾਖਾਵਾਂ ਸ਼ਾਮਲ ਹਨ। ਇਹ ਸਾਡੇ ਪੈਨ ਇੰਡੀਆ ਖ਼ੂਨ ਦਾਨ ਮੁਹਿੰਮ ਦਾ 14ਵਾਂ ਸਾਲ ਹੈ-ਇੱਕ ਪਹਿਲਕਦਮੀ ਜਿਸਦਾ ਸਾਨੂੰ 2007 ਤੋਂ ਸਮਰਥਨ ਕਰਨ 'ਤੇ ਮਾਣ ਹੈ। ਭਾਵੇਸ਼ ਝਾਵੇਰੀ, ਗਰੁੱਪ ਹੈੱਡ ਸੰਚਾਲਨ, ਐੱਚਡੀਐੱਫਸੀ ਬੈਂਕ ਨੇ ਕਿਹਾ ਕਿ ਹਸਪਤਾਲ ਵਿੱਚ ਦਾਖਲ ਹੋਣ ਵਾਲੇ ਸੱਤ ਵਿੱਚੋਂ ਇੱਕ ਵਿਅਕਤੀ ਨੂੰ ਖੂਨ ਦੀ ਲੋੜ ਹੁੰਦੀ ਹੈ। ਡਾਕਟਰੀ ਪੇਸ਼ੇਵਰਾਂ ਨੇ ਪੁਸ਼ਟੀ ਕੀਤੀ ਹੈ ਕਿ ਜੇ ਕੋਵਿਡ ਅਤੇ ਹੋਰ ਆਮ ਸਾਵਧਾਨੀਆਂ ਵਰਤੀਆਂ ਜਾਂਦੀਆਂ ਹਨ ਤਾਂ ਖ਼ੂਨਦਾਨ ਕਰਨਾ ਸੁਰੱਖਿਅਤ ਹੈ।

# ਸੱਤਿਆ ਐਲੀਮੈਂਟਰੀ ਸਕੂਲ 'ਚ ਟ੍ਰੈਫਿਕ ਐਜੂਕੇਸ਼ਨ ਸੈੱਲ ਵੱਲੋਂ ਸੈਮੀਨਾਰ



**ਟਾਂਗਰਾ (ਲਾਡੀ ਮੱਲ੍ਹੀ)**-ਐਕਸੀਡੈਂਟਾਂ ਨਾਲ ਜਾਂ ਰਹੀਆਂ ਕੀਮਤੀ ਜਾਨਾਂ ਨੂੰ ਬਚਾਉਣ ਲਈ ਪੁਲਸ ਜ਼ਿਲਾ ਅੰਮ੍ਰਿਤਸਰ ਦਿਹਾਤੀ ਦੇ ਟ੍ਰੈਫਿਕ ਐਜੂਕੇਸ਼ਨ ਸੈੱਲ ਨੇ ਸੱਤਿਆ ਐਲੀਮੈਂਟਰੀ ਸਕੂਲ ਭੰਗਾਲੀ ਕਲਾਂ ਵਿਖੇ ਮਾਨਯੋਗ ਐੱਸਐੱਸਪੀ ਸਵੱਪਨ ਸ਼ਰਮਾ ਆਈਪੀਐੱਸ ਅਤੇ ਐੱਸਪੀ ਹੈੱਡਕੁਆਰਟਰ ਜਸਵੰਤ ਕੌਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਏਐੱਸਆਈ ਕਮਲਜੀਤ, ਏਐੱਸਆਈ ਰਣਜੀਤ ਸਿੰਘ ਨੇ ਬੱਚਿਆਂ ਨੂੰ ਟਰੈਫਿਕ ਬਾਰੇ ਜਾਣਕਾਰੀ ਦਿਤੀ ਕਿ 16 ਸਾਲ ਤੋਂ ਘੱਟ ਉਮਰ ਵਾਲੇ ਬੱਚੇ ਬਿਨਾਂ ਲਾਇਸੈਂਸ ਕੋਈ ਵੀ ਵਹੀਕਲ ਨਾ ਚਲਾਉ ਅਤੇ ਹੈਲਮਟ ਜ਼ਰੂਰ ਪਾਉ/ਫੋਰ ਵ੍ਹੀਲਰ ਚਲਾਉਂਦੇ ਸਮੇਂ ਸੀਟ ਬੈਲਟ ਜ਼ਰੂਰ ਲਗਾਉ, ਡਰਾਈਵਿੰਗ ਕਰਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਨਾ ਕਰੋ ਅਤੇ ਟਰੈਫਿਕ ਸਬੰਧੀ ਹੋਰ ਵੀ ਕਈ ਜਾਣਕਾਰੀਆਂ ਦਿੱਤੀਆਂ ਗਈਆਂ ਤਾਂ ਜੋ ਐਕਸੀਡੈਂਟਾਂ ਤੋਂ ਬਚਾ ਹੋ ਸਕੇ ਅਤੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ। ਲੜਕੀਆਂ ਨੂੰ ਹੈਲਪਲਾਈਨ 181/112 ਤੋਂ ਜਾਣੂ ਕਰਵਾਇਆ। ਇਸ ਮੌਕੇ ਸਾਂਝ ਕੇਂਦਰ ਦੀਆਂ ਸਹੂਲਤਾਂ ਬਾਰੇ ਵੀ ਜਾਗਰੂਕ ਕੀਤਾ ਅਤੇ ਵੱਧ ਰਹੇ ਨਸ਼ਿਆਂ, ਕਰਾਈਮ ਨੂੰ ਰੋਕਣ ਲਈ ਬੱਚਿਆਂ ਨੂੰ ਪੁਲਸ ਦੀ ਮਦਦ ਕਰਨ ਲਈ ਵੀ ਕਿਹਾ। ਇਸ ਮੌਕੇ ਸਕੂਲ ਦੇ ਹੈੱਡ ਟੀਚਰ ਗੁਰਪ੍ਰੀਤ ਕੌਰ ਅਤੇ ਹੋਰ ਸਟਾਫ ਹਾਜ਼ ਸੀ।

# ਸੰਧੂ ਯਾਦਗਾਰੀ ਫਾਊਂਡੇਸ਼ਨ ਨੇ ਬੱਚਿਆਂ ਨੂੰ ਹਾਕੀ ਕਿੱਟਾਂ ਵੰਡੀਆਂ



ਰਈਆ (ਡੀ. ਕੇ. ਰੈੱਡੀ)-ਸਵਤੰਤਰਤਾ ਸੈਨਾਨੀ ਬਚਨ ਸਿੰਘ ਸੰਧੂ ਯਾਦਗਾਰੀ ਫਾਊਂਡੇਸ਼ਨ ਵਲੋਂ ਹਾਕੀ ਨੂੰ ਪ੍ਰਫੁੱਲਿਤ ਕਰਨ ਦੇ ਮੰਤਵ ਨਾਲ ਬੱਚਿਆਂ ਨੂੰ ਹਾਕੀ ਕਿੱਟਾਂ ਵੰਡੀਆਂ ਗਈਆਂ। ਇਸ ਸਬੰਧੀ ਇਕ ਸਮਾਗਮ ਸੰਧੂ ਪਰਿਵਾਰ ਵੱਲੋਂ ਸਥਾਨਕ ਸਰਕਾਰੀ ਹਾਕੀ ਸਟੇਡੀਅਮ ਵਿਖੇ ਕਰਵਾਇਆ ਗਿਆ ਜਿਸ ਅਵਤਾਰ ਸਿੰਘ ਭੁੱਲਰ ਸਾ. ਡਿਪਟੀ ਡਾਇਰੈਕਟਰ ਪੰਚਾਇਤ ਵਿਭਾਗ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਦੌਰਾਨ ਭੁੱਲਰ ਨੇ ਜਿੱਥੇ ਸੰਧੂ ਪਰਿਵਾਰ ਦੀ ਪਹਿਲਕਦਮੀ ਲਈ ਸ਼ਲਾਘਾ ਕੀਤੀ ਉਥੇ ਹੀ ਉਨ੍ਹਾਂ ਨੇ ਐੱਨ.ਆਰ.ਆਈ. ਹਰਬਿੰਦਰ ਸੰਧੂ ਆਸਟ੍ਰੇਲੀਆ, ਕੁਲਵਿੰਦਰ ਸੰਧੂ ਕੈਨੇਡਾ, ਤੇਜਿੰਦਰਪਾਲ ਸਿੰਘ ਸੰਧੂ, ਦੁਪਿੰਦਰਪਾਲ ਸੰਧੂ, ਤਨਵੀਰ ਸੰਧੂ, ਮੇਘ ਸੰਧੂ, ਵਿਸ਼ਵਜੀਤ ਸਿੰਘ, ਜੁਝਾਰ ਸੰਧੂ ਅਤੇ ਸਵੀ ਸੰਧੂ ਦੀ ਸਰਾਹਨਾ ਕੀਤੀ। ਬੱਚਿਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਬੱਚੇ ਹਾਕੀ ਦੇ ਨਾਲ-ਨਾਲ ਪੜ੍ਹਾਈ ਵੱਲ ਵੀ ਖਾਸ ਧਿਆਨ ਦੇਣ। ਸਮਾਗਮ ਦੇ ਅੰਤ ਵਿਚ ਸਰਬਜੀਤ ਸਿੰਘ ਸੰਧੂ ਸਾ. ਸਰਪੰਚ, ਰਾਜਵੰਤ ਸਿੰਘ ਸੰਧੂ ਹਾਕੀ ਕੋਚ ਅਤੇ ਸਵਿੰਦਰ ਸਿੰਘ ਸੰਧੂ ਰਿਟਾ: ਕਮਾਂਡੈਂਟ ਆਫ ਪੁਲਸ ਨੇ ਕਿਹਾ ਕਿ ਸਵਤੰਤਰਤਾ ਸੈਨਾਨੀ ਬਚਨ ਸਿੰਘ ਸੰਧੂ ਯਾਦਗਾਰੀ ਫਾਊਂਡੇਸ਼ਨ ਹਾਕੀ ਖਿਡਾਰੀਆਂ ਦੀ ਹਰ ਸੰਭਵ ਮਦਦ ਲਈ ਯਤਨਸ਼ੀਲ ਰਹੇਗੀ। ਉਨ੍ਹਾਂ ਸਮਾਗਮ ਵਿਚ ਪਹੁੰਚੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਪ੍ਰਿਤਪਾਲ ਪੱਡਾ, ਪ੍ਰਿੰ. ਬਲਵਿੰਦਰ ਸਿੰਘ, ਵਿਕਰਮ ਪੱਡਾ, ਸਰਪੰਚ ਹਰਿਦਾਸ ਭਲਾਈਪੁਰ, ਜਗਦੀਸ਼ ਪ੍ਰਾਸ਼ਰ, ਮਾ. ਜਸਵਿੰਦਰ ਗੋਲ੍ਹਣ, ਮਾ. ਅਮਰਜੀਤ ਸਿੰਘ ਘੁੱਕ, ਭੁਪਿੰਦਰ ਸਿੰਘ ਗੋਲਡੀ, ਸੁਖਚੈਨ ਸਿੰਘ ਗਿੱਲ, ਰਮਨ ਭੁੱਲਰ, ਜੱਗਾ ਭੁੱਲਰ, ਸੋਨੂੰ ਭੁੱਲਰ ਭਾਗੋਵਾਲ, ਦਮਨ ਸਠਿਆਲਾ, ਸਤਿਨਾਮ ਸਿੰਘ ਭੁੱਲਰ, ਮਲਕੀਤ ਸਿੰਘ ਹਾਕੀ ਕੋਚ, ਸਰਬਜੀਤ ਭੁੱਲਰ ਹਾਕੀ ਕੋਚ ਅਤੇ ਹਰਭਜਨ ਸਿੰਘ ਭੁੱਲਰ ਆਦਿ ਮੌਜੂਦ ਸਨ।

## 67ਵੀਂ ਵਿਸ਼ਵ ਸਿੱਖ ਵਿੱਦਿਅਕ ਕਾਨਫ਼ਰੰਸ

# ਦੇਸ਼ ਤੇ ਸਮਾਜ ਬਚਾਉਣ ਲਈ ਪੱਤਰਕਾਰ ਭਾਈਚਾਰੇ ਨੂੰ ਅੱਗੇ ਆਉਣਾ ਪਵੇਗਾ: ਪ੍ਰੋ. ਜਗਰੂਪ ਸਿੰਘ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-"ਦੇਸ਼ ਦੇ ਵਿਕਾਸ ਦਾ ਪਹੀਆ ਘੁਮਾਉਣ ਵਿੱਚ ਪੱਤਰਕਾਰ ਭਾਈਚਾਰਾ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ ਅਤੇ ਬਾਬੇ ਨਾਨਕ ਤੋਂ ਵੱਡਾ ਕੋਈ ਪੱਤਰਕਾਰ ਨਹੀਂ ਹੋ ਸਕਦਾ।"

ਚੀਫ਼ ਖ਼ਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਵਲੋਂ 67ਵੀਂ ਵਿਸ਼ਵ ਸਿੱਖ ਵਿੱਦਿਅਕ ਕਾਨਫਰੰਸ ਦੌਰਾਨ 'ਪੱਤਰਕਾਰੀ ਨੂੰ ਦਰਪੇਸ਼ ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ' ਵਿਸ਼ੇ ਨੂੰ ਸੰਬੋਧਨ ਕਰਦਿਆਂ ਨਾਮਵਰ ਸੰਪਾਦਕ ਵਰਿੰਦਰ ਸਿੰਘ ਵਾਲੀਆ ਨੇ ਕਿਹਾ ਕਿ ਪੱਤਰਕਾਰ ਸਮਾਜ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਣ ਅਤੇ ਸਰਕਾਰ ਦੀਆਂ ਨੀਤੀਆਂ ਲੋਕਾਂ ਤੱਕ ਪਹੁੰਚਾਉਣ ਤੇ ਲੋਕਾਂ ਦੀਆ ਸਮੱਸਿਆਵਾਂ ਨੂੰ ਸਰਕਾਰ ਤੱਕ ਪਹੁੰਚਾਉਣ ਦੀ ਇਕ ਕੜੀ ਵਜੋਂ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਅੱਜ ਖੋਜੀ ਪੱਤਰਕਾਰਤਾ ਦਾ ਜ਼ਮਾਨਾ ਖਤਮ ਹੁੰਦਾ ਜਾ ਰਿਹਾ ਹੈ ਜੋ ਕਿ ਸਮਾਜ ਨਾਲ ਬੇਇਨਸਾਫੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਤੇ ਸਮਾਜਿਕ ਮਸਲਿਆਂ ਦੇ ਮਾਹਿਰ ਪ੍ਰੋਫੈਸਰ ਜਗਰੂਪ ਸਿੰਘ ਨੇ ਕਿਹਾ ਕਿ ਸਮਾਜ ਨੂੰ ਸੇਧ ਦੇਣ ਵਿੱਚ ਪੱਤਰਕਾਰਾਂ ਨੂੰ ਜ਼ਿੰਮੇਵਾਰੀ ਨਾਲ ਕੰਮ ਕਰਨਾ ਚਾਹੀਦਾ ਹੈ ਅਤ ਸਮਾਜਿਕ ਮਸਲੇ ਅੱਜ ਨਹੀਂ ਸਗੋਂ ਜਦੋਂ ਤੋਂ ਹੀ ਦੁਨੀਆਂ ਪੈਦਾ ਹੋਈ ਹੈ ਉਸ ਵੇਲੇ ਤੋਂ ਹੀ ਚੱਲ ਰਹੇ ਹਨ ਪਰ ਇਨ੍ਹਾਂ ਮਸਲਿਆਂ ਦਾ ਹੱਲ ਹਮੇਸ਼ਾ ਹੀ ਸੁਹਿਰਦ ਸ਼ਖਸੀਅਤਾਂ ਕਰਦੀਆਂ ਆਈਆਂ ਹਨ। ਜਗਮੋਹਨ ਸਿੰਘ ਪੀਟੀਆਈ ਨੇ ਕਿਹਾ ਕਿ ਪੱਤਰਕਾਰਾਂ ਨੂੰ ਕੰਮ ਕਰਨ ਤੋਂ ਕਈ ਸਿਆਸੀ ਲੀਡਰ ਆਪਣਾ ਪ੍ਰਭਾਵ ਪਾਉਂਦੇ ਹਨ ਪਰ ਪੱਤਰਕਾਰਾਂ ਨੂੰ ਆਪਣੀ ਜ਼ਿੰਮੇਵਾਰੀ ਨਿਡਰ ਹੋ ਕੇ ਨਿਭਾਉਣੀ ਚਾਹੀਦੀ ਹੈ। ਸੈਮੀਨਾਰ ਦੇ ਕਨਵੀਨਰ ਤੇ ਸਟੇਜ ਸਕੱਤਰ ਦੀ ਭੂਮਿਕਾ ਜਸਬੀਰ ਸਿੰਘ ਪੱਟੀ ਨੇ ਨਿਭਾਉਂਦਿਆਂ ਕਿਹਾ ਕਿ ਅੱਜ ਗੋਦੀ ਮੀਡੀਆ ਦੀ ਭਰਮਾਰ ਹੈ ਪਰ ਸਮਾਜ ਵਿੱਚ ਏਕਤਾ ਹੋਵੇ ਤਾਂ ਗੋਦੀ ਮੀਡੀਆ ਕੁਝ ਵੀ ਨਹੀਂ ਕਰ ਸਕਦਾ। ਕਿਸਾਨ ਮੋਰਚਾ ਇਸ ਦੀ ਜਿਊਂਦੀ ਜਾਗਦੀ ਮਿਸਾਲ ਹੈ।

ਸਿੱਖ ਸਮਾਜ ਅਤੇ ਪੰਥ ਨਾਲ ਸੰਬੰਧਿਤ ਵੱਖ-ਵੱਖ ਸੈਮੀਨਾਰ ਆਯੋਜਿਤ ਕੀਤੇ ਗਏ ਜਿਨ੍ਹਾਂ ਵਿਚ "ਭਾਈ ਵੀਰ ਸਿੰਘ ਜੀ ਦੇ ਜੀਵਨ ਅਤੇ ਦਰਸ਼ਨ" ਵਿਸ਼ੇ 'ਤੇ ਆਯੋਜਿਤ ਸੈਮੀਨਾਰ ਦੌਰਾਨ ਸਾਬਕਾ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਡਾ. ਸੰਤੋਖ ਸਿੰਘ ਮੁੱਖ ਮਹਿਮਾਨ ਵਜੋਂ ਪੁੱਜੇ। ਡਾ. ਜਸਬੀਰ ਸਿੰਘ ਸਾਬਰ, ਡਾ. ਕੁਲਦੀਪ ਕੌਰ ਪਾਹਵਾ, ਸਥਾਨਕ ਪ੍ਰਧਾਨ ਸੰਤੋਖ ਸਿੰਘ ਸੇਠੀ, ਡਾ. ਭਾਰਤਬੀਰ ਕੌਰ ਸੰਧੂ, ਡਾ. ਤਰਨਜੀਤ ਸਿੰਘ, ਡਾ. ਕੁਲਵਿੰਦਰ ਸਿੰਘ, ਡਾ. ਤੇਜਿੰਦਰ ਸਿੰਘ ਨੇ ਉੱਘੇ ਵਿਦਵਾਨ ਭਾਈ ਵੀਰ ਸਿੰਘ ਦੇ ਜੀਵਨ, ਕਾਰਜਾਂ, ਅਧਿਆਤਮਿਕਤਾ ਅਤੇ ਉਨ੍ਹਾਂ ਵੱਲੋਂ ਸਿੱਖ ਕੌਮ ਦੀ ਆਰਥਿਕ, ਸਮਾਜਿਕ ਉਨਤੀ ਲਈ ਸਥਾਪਿਕ ਕੀਤੀਆਂ ਗਈਆਂ ਸੰਸਥਾਵਾਂ ਬਾਬਤ, ਪੰਜਾਬੀ ਨੂੰ ਆਪਣੀਆਂ ਅਮਰ ਰਚਨਾਵਾਂ ਦੁਆਰਾ ਪ੍ਰਫੁੱਲਿਤ ਕਰਨ, ਕੁਦਰਤ ਪ੍ਰਤੀ ਉਨ੍ਹਾਂ ਦੇ ਅਥਾਹ ਪ੍ਰੇਮ, ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਵਿੱਚ ਪਾਏ ਗਏ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਯੋਗਦਾਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ।

'ਖੇਤੀਬਾੜੀ ਅਤੇ ਜੈਵਿਕ ਖੇਤੀ ਦੀ ਮਹੱਤਤਾ' ਬਾਬਤ ਸੈਮੀਨਾਰ ਵਿਚ ਡਾ. ਇੰਦਰਜੀਤ ਕੌਰ ਚੇਅਰਪਰਸਨ ਪਿੰਗਲਵਾੜਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸੈਮੀਨਾਰ ਵਿਚ ਡਾ. ਇੰਦਰਜੀਤ ਕੌਰ, ਡਾ. ਰਾਜਬੀਰ ਸਿੰਘ ਪਿੰਗਲਵਾੜਾ, ਪ੍ਰੋ. ਰਜਿੰਦਰਪਾਲ ਸਿੰਘ ਅਤੇ ਪ੍ਰੋ. ਗੁਰਬਖਸ਼ ਸਿੰਘ ਖਾਲਸਾ ਕਾਲਜ ਨੇ ਜੈਵਿਕ ਖੇਤੀਬਾੜੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੇਸੀ ਖੁਰਾਕ ਅਤੇ ਨੈਤਿਕ ਸਿੱਖਿਆਵਾਂ 'ਤੇ ਜ਼ੋਰ ਦਿੰਦਿਆਂ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਸਿਧਾਂਤ ਅਪਨਾਉਣ ਲਈ ਪ੍ਰੇਰਿਆ। ਇਸ ਸੈਮੀਨਾਰ ਵਿਚ ਕਨਵੀਨਰ ਦੀ ਭੂਮਿਕਾ ਹਰਜੀਤ ਸਿੰਘ ਤਰਨਤਾਰਨ ਅਤੇ ਰਜਿੰਦਰ ਸਿੰਘ ਮਰਵਾਹਾ ਨੇ ਨਿਭਾਈ।

'ਗੁਰਮਤਿ ਕੈਂਪਾਂ ਦਾ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਯੋਗਦਾਨ' ਵਿਸ਼ੇ 'ਤੇ ਕਰਵਾਏ ਜਾ ਰਹੇ ਸੈਮੀਨਾਰ ਵਿੱਚ ਪ੍ਰੋ. ਹਰੀ ਸਿੰਘ, ਬੀਬੀ ਕਿਰਨਜੀਤ ਕੌਰ, ਪ੍ਰਿੰ. ਇੰਦਰਜੀਤ ਸਿੰਘ ਗੋਗੋਆਣੀ, ਤੇਜਿੰਦਰ ਸਿੰਘ ਖ਼ਾਲਸਾ ਨੇ ਵਿਦਿਆਰਥੀ ਜੀਵਨ ਵਿੱਚ ਗੁਰਮਤਿ ਕੈਂਪਾਂ ਦੀ ਮਹਤੱਤਾ ਬਾਰੇ ਦੱਸਿਆ।

ਇਸੇ ਤਰ੍ਹਾਂ 'ਔਰਤ ਸਸ਼ਕਤੀਕਰਨ ਅਤੇ ਸਿੱਖ ਧਰਮ ਵਿਚ ਔਰਤ ਦੀ ਭੂਮਿਕਾ' ਵਿਸ਼ੇ 'ਤੇ ਆਯੋਜਿਤ ਸੈਮੀਨਾਰ ਵਿਚ ਵਰਿੰਦਰ ਕੌਰ ਖੁਰਾਣਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਥਾਨਕ ਪ੍ਰਧਾਨ ਸੰਤੋਖ ਸਿੰਘ ਸੇਠੀ, ਪ੍ਰਿੰ. ਕਿਰਨਜੋਤ ਕੌਰ ਧਾਮੀ, ਪ੍ਰਿੰ. ਸੁਖਬੀਰ ਕੌਰ ਮਾਹਲ, ਡਾ. ਹਰਬੰਸ ਕੌਰ ਸੱਗੂ ਅਤੇ ਡਾ. ਪ੍ਰਭਜੋਤ ਕੌਰ ਨੇ ਸਿੱਖ ਧਰਮ ਵਿਚ ਔਰਤਾਂ ਦੀ ਭੂਮਿਕਾ ਬਾਰੇ ਦੱਸਦਿਆਂ ਔਰਤਾਂ ਨੂੰ ਮਾਈਭਾਗੋ, ਮਾਤਾ ਗੁਜਰੀ, ਬੇਬੇ ਨਾਨਕੀ, ਬੀਬੀ ਭਾਨੀ ਜੀ, ਵਰਗੀਆਂ ਸ਼ਖਸੀਅਤਾਂ ਤੋਂ ਪ੍ਰੇਰਨਾ ਲੈਂਦਿਆਂ ਸਹਿਜ, ਸੰਤੋਖ ਅਤੇ ਮਿੱਠੇ ਬੋਲ, ਖਿਮਾ ਵਰਗੇ ਗੁਣਾਂ ਦਾ ਧਾਰਨੀ ਬਣਨ ਲਈ ਕਿਹਾ।

ਧਾਰਮਿਕ ਅਧਿਆਪਕਾਂ ਵੱਲੋਂ 'ਧਾਰਮਿਕ ਅਤੇ ਨੈਤਿਕ ਵਿੱਦਿਆ ਦੀਆਂ ਵਿਧੀਆਂ ਤੇ ਪ੍ਰਸਾਰਣ' ਵਿਸ਼ੇ 'ਤੇ ਕਰਵਾਏ ਜਾ ਰਹੇ ਸੈਮੀਨਾਰ ਦੌਰਾਨ ਵਿਸ਼ੇਸ਼ ਮਹਿਮਾਨ ਵਜੋਂ ਡਾ. ਪ੍ਰਭਜੀਤ ਸਿੰਘ, ਪ੍ਰਿੰ. ਰਵਿੰਦਰ ਸਿੰਘ, ਡਾ. ਬਲਦੇਵ ਸਿੰਘ ਨੇ ਸ਼ਿਰਕਤ ਕੀਤੀ ਜਿਸ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਅਮਰਜੀਤ ਸਿੰਘ ਬਾਂਗਾ ਮੁੱਖ ਮਹਿਮਾਨ ਵਜੋਂ ਪੁੱਜੇ। ਇਸ ਸੈਮੀਨਾਰ ਵਿਚ ਅਜੈਬ ਸਿੰਘ ਅਭਿਆਸੀ, ਬੀਬੀ ਪ੍ਰਭਜੋਤ ਕੌਰ, ਪ੍ਰੋ. ਸੂਬਾ ਸਿੰਘ, ਪ੍ਰੋ. ਬਲਜਿੰਦਰ ਸਿੰਘ, ਪ੍ਰਿੰਸੀਪਲ ਜਸਵਿੰਦਰ ਕੌਰ ਮਾਹਲ, ਬੀਬੀ ਸੁਖਜੀਤ ਕੌਰ ਵੱਲੋਂ ਧਾਰਮਿਕ, ਨੈਤਿਕ ਅਤੇ ਗੁਰਮਤਿ ਸਿੱਖਿਆ ਵਿਚ ਪਰਿਵਾਰ ਅਤੇ ਸਮਾਜ ਦੇ ਯੋਗਦਾਨ ਤੇ ਚਾਨਣਾ ਪਾਇਆ ਗਿਆ।

ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਅਤੇ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਅਮਰਜੀਤ ਸਿੰਘ ਬਾਂਗਾ, ਮੀਤ ਪ੍ਰਧਾਨ ਜਗਜੀਤ ਸਿੰਘ, ਸਥਾਨਕ ਪ੍ਰਧਾਨ ਅਤੇ ਕਾਨਫ਼ਰੰਸ ਸੁਆਗਤੀ ਕੇਮਟੀ ਦੇ ਚੇਅਰਮੈਨ ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਅਤੇ ਕਾਨਫ਼ਰੰਸ ਜਨਰਲ ਸਕੱਤਰ ਡਾ. ਸਰਬਜੀਤ ਸਿੰਘ ਛੀਨਾ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸੁਖਜਿੰਦਰ ਸਿੰਘ ਪ੍ਰਿੰਸ, ਐਡੀ. ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ ਨੇ ਹਰ ਸੈਮੀਨਾਰ ਵਿੱਚ ਸ਼ਿਰਕਤ ਕੀਤੀ।

ਇਸ ਮੌਕੇ ਪ੍ਰਧਾਨ ਡਾ. ਨਿੱਜਰ ਨੇ ਅਧਿਆਪਕਾਂ ਨੂੰ ਵਿਦਿਆਰਥੀਆਂ ਵਿੱਚ ਕਿਤਾਬਾਂ ਨੂੰ ਪੜ੍ਹਨ ਲਈ ਰੁਚੀ ਵਧਾਉਣ, ਆਪਣਾ ਆਲਾ-ਦੁਆਲਾ ਸਾਫ਼ ਰੱਖਣ ਅਤੇ ਹਰਿਆਵਲ ਵਧਾਉਣ, ਹਵਾ ਪਾਣੀ ਪ੍ਰਦੂਸ਼ਣ ਨੂੰ ਘਟਾਉਣ ਲਈ ਪ੍ਰੇਰਿਤ ਕੀਤਾ। ਦੇਰ ਸ਼ਾਮ ਪ੍ਰਸਿੱਧ ਨਾਟਕਕਾਰ ਕੇਵਲ ਧਾਲੀਵਾਲ ਵੱਲੋਂ ਨਿਰਦੇਸ਼ਿਤ ਨਾਟਕ 'ਸੀਸ' ਸ੍ਰੀ ਗੁਰੂ ਤੇਗ ਬਹਾਦੁਰ ਹਿੰਦ ਦੀ ਚਾਦਰ ਦਾ ਮੰਚਨ ਕੀਤਾ ਗਿਆ।

